# ਐਲੀਮੈਂਟਰੀ ਸਿੱਖਿਆ ਵਿੱਚ ਡਿਪਲੋਮਾ

(ਡੀ.ਈਐੱਲ.ਐੱਡ.)

ਪਾਠਕ੍ਰਮ-502

# ਐਲੀਮੈਂਟਰੀ ਸਕੂਲਾਂ ਵਿੱਚ ਅਧਿਆਪਨ ਪ੍ਰਕਿਰਿਆ

ਬਲਾਕ-3

## ਕਲਾਸ ਰੂਮ ਸਿਖਲਾਈ ਵਿੱਚ ਉੱਭਰਦੇ ਮੁੱਦੇ

ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ

ਏ-24/25, ਇੰਡਸਟਰੀਅਲ ਏਰੀਆ, ਸੈਕਟਰ-62,

ਨੋਇਡਾ ਗੌਤਮ ਬੁੱਧ ਨਗਰ, ਯੂਪੀ-201309

ਵੈਬਸਾਈਟ: **www.nios.ac.in**

# ਚੇਅਰਮੈਨ ਦਾ ਸੰਦੇਸ਼...

ਪਿਆਰੇ ਵਿਦਿਆਰਥੀਓ

ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਭਾਰਤ ਸਰਕਾਰ ਦੇ ਮਨੁੱਖੀ ਵਸੀਲੇ ਵਿਭਾਗ (ਐੱਮਐੱਚਆਰਡੀ) ਅਧੀਨ ਇੱਕ ਖੁਦਮੁਖਤਿਆਰ ਸੰਸਥਾ ਹੈ। ਮੌਜੂਦਾ ਸਮੇਂ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ 'ਤੇ 2.02 ਮਿਲੀਅਨ ਵਿਦਿਆਰਥੀਆਂ ਦੇ ਪੰਜੀਕਰਨ ਨਾਲ ਇਹ ਵਿਸ਼ਵ ਦੀ ਸਭ ਤੋਂ ਵੱਡੀ ਸਕੂਲ ਪ੍ਰਣਾਲੀ ਹੈ। ਐੱਨਆਈਓਐੱਸ ਦੇ ਦੇਸ਼ ਦੇ ਅੰਦਰ ਅਤੇ ਬਾਹਰ ਆਪਣੇ ਅਕਾਦਮਿਕ ਅਤੇ ਵੋਕੇਸ਼ਨਲ ਪ੍ਰੋਗਰਾਮਾਂ ਲਈ 15 ਤੋਂ ਜ਼ਿਆਦਾ ਖੇਤਰੀ ਕੇਂਦਰਾਂ, 2 ਉਪ ਕੇਂਦਰਾਂ ਅਤੇ ਲਗਪਗ 5,000 ਅਧਿਐਨ ਕੇਂਦਰਾਂ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੈੱਟਵਰਕ ਹੈ। ਇਹ ਓਪਨ ਅਤੇ ਡਿਸਟੈਂਸ ਸਿੱਖਿਆ ਪ੍ਰਣਾਲੀ ਰਾਹੀਂ ਵਿਦਿਆਰਥੀ ਕੇਂਦਰਿਤ ਗੁਣਵੱਤਾ ਸਿੱਖਿਆ, ਹੁਨਰ ਅਪ-ਗ੍ਰੇਡੇਸ਼ਨ ਅਤੇ ਸਿਖਲਾਈ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਇਹ ਆਪਣੇ ਪ੍ਰੋਗਰਾਮਾਂ ਦਾ ਆਦਾਨ ਪ੍ਰਦਾਨ ਪ੍ਰਿੰਟਿਡ ਸਮੱਗਰੀ ਦੇ ਜ਼ਰੀਏ ਕਰਦਾ ਹੈ ਜਿਸ ਵਿੱਚ ਆਹਮੋ ਸਾਹਮਣੇ ਪੜ੍ਹਾਈ (ਵਿਅਕਤੀਗਤ ਸੰਪਰਕ ਪ੍ਰੋਗਰਾਮ), ਸੂਚਨਾ ਅਤੇ ਸੰਚਾਰ ਤਕਨਾਲੋਜੀ ਆਡਿਓ/ਵੀਡਿਓ ਕੈਸੇਟ, ਰੇਡਿਓ ਪ੍ਰਸਾਰਣ ਅਤੇ ਟੈਲੀਕਾਸਟ ਆਦਿ ਨਾਲ ਇਨ੍ਹਾਂ ਦੇ ਉਪਯੋਗ ਦੀ ਪੂਰਤੀ ਕਰਦਾ ਹੈ।

ਐੱਨਆਈਓਐੱਸ ਨੂੰ ਐਲੀਮੈਂਟਰੀ ਪੱਧਰ ਦੇ ਅਣਟਰੇਂਡ ਅਧਿਆਪਕਾਂ ਨੂੰ ਸਿਖਲਾਈ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਐੱਨਆਈਓਐੱਸ ਵੱਲੋਂ ਖੇਤਰ ਦੀਆਂ ਵਿਭਿੰਨ ਏਜੰਸੀਆਂ ਦੇ ਸਹਿਯੋਗ ਨਾਲ ਡੀ.ਈਐੱਲ.ਈਡੀ. ਪ੍ਰੋਗਰਾਮ ਲਈ ਸਿਖਲਾਈ ਪੈਕੇਜ ਵਿਕਸਤ ਕੀਤਾ ਗਿਆ ਹੈ। ਸੰਸਥਾ ਆਰਟੀਈ 2009 ਮੁਤਾਬਿਕ ਵੱਖ ਵੱਖ ਰਾਜਾਂ ਵਿੱਚ ਇਨ-ਸਰਵਿਸ ਅਣਟਰੇਂਡ ਅਧਿਆਪਕਾਂ ਨੂੰ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਵਿੱਚ ਦੋ ਸਾਲ ਦਾ ਨਵੀਨਤਮ ਅਤੇ ਚੁਣੌਤੀਪੂਰਨ ਡਿਪਲੋਮੇ ਦੀ ਪੇਸ਼ਕਸ਼ ਦਿੰਦੀ ਹੈ।

ਮੈਂ ਤੁਹਾਡਾ ਸਾਰਿਆਂ ਦਾ ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਦੇ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਦੇ ਡਿਪਲੋਮਾ ਕੋਰਸ ਵਿੱਚ ਸਵਾਗਤ ਕਰਦੇ ਹੋਏ ਮਾਣ ਮਹਿਸੂਸ ਕਰਦਾ ਹਾਂ। ਮੈਂ ਤੁਹਾਡੇ ਰਾਜਾਂ ਦੀ ਐਲੀਮੈਂਟਰੀ ਸਿੱਖਿਆ ਵਿੱਚ ਤੁਹਾਡੇ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕਰਦਾ ਹਾਂ। ਆਰਟੀਈ 2009 ਕਾਨੂੰਨ ਅਨੁਸਾਰ ਸਾਰੇ ਸਕੂਲ ਅਧਿਆਪਕਾਂ ਦਾ ਪੇਸ਼ੇਵਰ ਸਿੱਖਿਅਤ ਹੋਣਾ ਲਾਜ਼ਮੀ ਬਣ ਗਿਆ ਹੈ। ਅਸੀਂ ਸਮਝਦੇ ਹਾਂ ਕਿ ਅਧਿਆਪਕ ਦੇ ਰੂਪ ਵਿੱਚ ਤੁਹਾਡੇ ਅਨੁਭਵ ਨੇ ਤੁਹਾਨੂੰ ਪਹਿਲਾਂ ਤੋਂ ਹੀ ਇੱਕ ਚੰਗਾ ਅਧਿਆਪਕ ਬਣਨ ਲਈ ਜ਼ਰੂਰੀ ਹੁਨਰ ਪ੍ਰਦਾਨ ਕਰ ਦਿੱਤਾ ਹੈ। ਤੁਹਾਨੂੰ ਇਹ ਕੋਰਸ ਮੁਕੰਮਲ ਕਰਨ ਲਈ ਹੁਣ ਇਹ ਕਾਨੂੰਨ ਰਾਹੀਂ ਲਾਜ਼ਮੀ ਕਰ ਦਿੱਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਹੁਣ ਤੱਕ ਤੁਹਾਡੇ ਵੱਲੋਂ ਹਾਸਲ ਕੀਤਾ ਗਿਆ ਗਿਆਨ ਅਤੇ ਅਨੁਭਵ ਨਿਸ਼ਚਿਤ ਰੂਪ ਨਾਲ ਇਸ ਪ੍ਰੋਗਰਾਮ ਵਿੱਚ ਤੁਹਾਡੀ ਮਦਦ ਕਰਨਗੇ।

ਇਹ ਡੀ.ਈਐੱਲ.ਈਡੀ. ਪ੍ਰੋਗਰਾਮ ਓਪਨ ਅਤੇ ਡਿਸਟੈਂਸ ਸਿੱਖਿਆ (ਓਡੀਐੱਲ) ਮੋਡ ਰਾਹੀਂ ਹੁੰਦਾ ਹੈ ਅਤੇ ਤੁਹਾਨੂੰ ਅਧਿਆਪਕ ਦੇ ਰੂਪ ਵਿੱਚ ਨਿਯਮਤ ਰੂਪ ਨਾਲ ਕਾਰਜ ਕਰਨ ਤੋਂ ਪ੍ਰੇਸ਼ਾਨ ਕੀਤੇ ਬਿਨਾਂ ਪੇਸ਼ੇਵਰ ਰੂਪ ਵਿੱਚ ਸਿੱਖਿਅਤ ਹੋਣ ਦਾ ਢੁਕਵਾਂ ਮੌਕਾ ਪ੍ਰਦਾਨ ਕਰਦਾ ਹੈ।

ਤੁਹਾਡੀ ਵਰਤੋਂ ਲਈ ਵਿਸ਼ੇਸ਼ ਰੂਪ ਤੋਂ ਵਿਕਸਤ ਸਵੈ ਸਿੱਖਿਆ ਸਮੱਗਰੀ ਸਮਝਣ ਵਿੱਚ ਸਹਾਇਕ ਹੋਏਗੀ ਅਤੇ ਤੁਹਾਨੂੰ ਨੌਕਰੀ ਦੇ ਯੋਗ ਬਣਾਉਣ ਤੋਂ ਇਲਾਵਾ ਚੰਗਾ ਅਧਿਆਪਕ ਬਣਨ ਵਿੱਚ ਤੁਹਾਡੀ ਮਦਦ ਕਰੇਗੀ।

ਇਸ ਮਹਾਨ ਕਾਰਜ ਲਈ ਸ਼ੁਭਕਾਮਨਾਵਾਂ!!

**ਚੇਅਰਮੈਨ**

(ਐੱਨਆਈਓਐੱਸ)

ਕਰੈਡਿਟ ਅੰਕ (8=6+2)

| ਬਲਾਕ | ਇਕਾਈ | ਇਕਾਈ ਦਾ ਨਾਂ | ਸਿਧਾਂਤਕ ਅਧਿਐਨ ਘੰਟੇ | | ਪ੍ਰਯੋਗਾਤਮਕ ਅਧਿਐਨ |
|---|---|---|---|---|---|
| | | | ਵਿਸ਼ਾ ਵਸਤੂ | ਗਤੀਵਿਧੀ | |
| ਬਲਾਕ-1<br>ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ | ਇਕਾਈ 1 | ਸਕੂਲ ਦੇ ਸ਼ੁਰੂਆਤੀ ਸਮੇਂ ਦੌਰਾਨ ਸਿਖਲਾਈ ਅਤੇ ਅਧਿਆਪਨ | 6 | 4 | ਆਪਣੇ ਅਨੁਭਵਾਂ ਨਾਲ 'ਸਹਾਇਕ ਦੇ ਰੂਪ ਵਿੱਚ ਅਧਿਆਪਕ ਦੀ ਭੂਮਿਕਾ' ਦੀ ਪਛਾਣ |
| | ਇਕਾਈ 2 | ਸਿਖਲਾਈ ਅਤੇ ਅਧਿਆਪਨ ਦੇ ਦ੍ਰਿਸ਼ਟੀਕੋਣ | 8 | 5 | ਆਪਣੇ ਸਹਿਕਰਮੀ ਦੇ ਵਿਵਹਾਰ ਨਾਲ ਬਾਲ ਕੇਂਦਰਿਤ ਦ੍ਰਿਸ਼ਟੀਕੋਣ ਦੇ ਗੁਣਾਂ ਦੀ ਪਛਾਣ ਕਰਨੀ |
| | ਇਕਾਈ 3 | ਅਧਿਆਪਨ ਅਤੇ ਸਿਖਲਾਈ ਦੀਆਂ ਵਿਧੀਆਂ | 7 | 4 | ਅਧਿਆਪਨ ਅਤੇ ਸਿਖਲਾਈ ਦੀ ਪ੍ਰਕਿਰਿਆ ਦੀਆਂ ਵਿਭਿੰਨ ਵਿਧੀਆਂ ਦੇ ਵਿਚਕਾਰ ਅੰਤਰ ਕਰਨਾ |
| | ਇਕਾਈ 4 | ਸਿਖਿਆਰਥੀ ਅਤੇ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ | 9 | 7 | 'ਇਕਾਈ ਵਿੱਚ ਦਿੱਤੇ ਗਏ ਵਿਭਿੰਨ ਦ੍ਰਿਸ਼ਟੀਕੋਣਾਂ ਦਾ ਕਲਾਸਰੂਮ ਪ੍ਰਬੰਧ ਸਮੱਸਿਆਵਾਂ ਵਿੱਚ ਉਪਯੋਗ" ਸੈਮੀਨਾਰ |
| ਬਲਾਕ-2<br>ਸਿਖਲਾਈ ਅਧਿਆਪਨ ਪ੍ਰਕਿਰਿਆ ਦਾ ਪ੍ਰਬੰਧਨ<br>ਬਲਾਕ-3 | ਇਕਾਈ 5 | ਕਲਾਸਰੂਮ ਪ੍ਰਕਿਰਿਆ ਦਾ ਪ੍ਰਬੰਧਨ | 6 | 3 | ਅਧਿਆਪਕ ਸਹਿਕਰਮੀ ਵੱਲੋਂ ਕਲਾਸਰੂਮ ਵਿੱਚ ਕੀਤੀਆਂ ਜਾਣ ਵਾਲੀਆਂ ਅਣਉਤਸ਼ਾਹਿਤ ਕਰਨ ਵਾਲੀਆਂ ਕਿਰਿਆਵਾਂ ਦੀ ਪਛਾਣ |
| | ਇਕਾਈ 6 | ਅਧਿਆਪਨ ਅਤੇ ਸਿਖਲਾਈ ਸਮੱਗਰੀ | 7 | 3 | ਵਿਭਿੰਨ ਵਿਸ਼ਾ ਖੇਤਰਾਂ ਨਾਲ ਵੱਖ ਵੱਖ ਧਾਰਨਾਵਾਂ ਲਈ ਅਧਿਆਪਨ ਸਿਖਲਾਈ ਸਮੱਗਰੀ ਨੂੰ ਅਲੱਗ ਅਲੱਗ ਕਰਨਾ |
| | ਇਕਾਈ 7 | ਬਹੁਕ੍ਰਮ ਅਤੇ ਬਹੁਪੱਧਰੀ ਸਥਿਤੀਆਂ ਦਾ ਪ੍ਰਬੰਧਨ | 8 | 5 | ਬਹੁਪੱਧਰੀ ਕਲਾਸਾਂ ਵਿੱਚ ਵਿਭਿੰਨ ਵਿਸ਼ਾ ਖੇਤਰਾਂ ਵਿੱਚ ਗਤੀਵਿਧੀਆਂ ਦਾ ਵਿਕਾਸ |

| | | | | | |
|---|---|---|---|---|---|
| | ਇਕਾਈ 8 | ਸਿਖਲਾਈ ਗਤੀਵਿਧੀਆਂ ਦੀ ਯੋਜਨਾ | 5 | 3 | ਸਿੱਖਿਆ ਅਤੇ ਸਹਿ ਸਿੱਖਿਆ ਕਿਰਿਆਵਾਂ, ਪਾਠ ਅਤੇ ਪਾਠ ਵਿਵਰਣ ਦੇ ਸਾਲਾਨਾ ਕੈਲੰਡਰ ਦਾ ਵਿਕਾਸ |
| | ਇਕਾਈ 9 | ਏਕੀਕ੍ਰਿਤ ਸਿਖਲਾਈ ਅਧਿਆਪਨ ਪ੍ਰਕਿਰਿਆ | 5 | 2 | ਵਿਭਿੰਨ ਵਿਸ਼ਾ ਖੇਤਰਾਂ ਦੀਆਂ ਧਾਰਨਾਵਾਂ ਦੇ ਏਕੀਕਰਨ ਲਈ ਗਤੀਵਿਧੀਆਂ ਦਾ ਵਿਕਾਸ |
| | ਇਕਾਈ 10 | ਸਿਖਲਾਈ ਪ੍ਰਕਿਰਿਆਵਾਂ ਅਤੇ ਸਾਧਨਾਂ ਦੇ ਸੰਦਰਭ | 5 | 2 | ਲੋਕ ਪਰੰਪਰਿਕ ਸਾਧਨਾਂ ਦਾ ਸੰਗ੍ਰਹਿ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਉਨ੍ਹਾਂ ਦਾ ਉਪਯੋਗ |
| | ਇਕਾਈ 11 | ਸਿਖਲਾਈ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ | 6 | 3 | ਪਾਠਾਂ ਦੇ ਸੰਪਾਦਨ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਾਧਨਾਂ ਦਾ ਵਿਕਾਸ |
| | ਇਕਾਈ 12 | ਕੰਪਿਊਟਰ ਸਹਿ ਸਿਖਲਾਈ | 6 | 3 | ਵਿਭਿੰਨ ਵਿਸ਼ਿਆਂ ਵਿੱਚ ਸਿਖਲਾਈਕਰਤਾ ਦੀ ਉਪਲੱਬਧੀ ਦਾ ਕੰਪਿਊਟਰੀਕ੍ਰਿਤ ਵਿਸ਼ਲੇਸ਼ਣ |
| | ਇਕਾਈ 13 | ਮੁਲਾਂਕਣ ਅਤੇ ਮੁਲਾਂਕਣ ਦੇ ਆਧਾਰ | 7 | 3 | ਟਿਕਾਊ ਅਤੇ ਵਿਆਪਕ ਮੁਲਾਂਕਣ ਦਾ ਕਿਸੇ ਇੱਕ ਵਿਸ਼ਾ ਖੇਤਰ ਵਿੱਚ ਸੰਚਾਲਨ/ਆਯੋਜਨ |
| | ਇਕਾਈ 14 | ਮੁਲਾਂਕਣ ਦੇ ਸਾਧਨ ਅਤੇ ਚੁਣੌਤੀਆਂ | 8 | 5 | |
| | ਇਕਾਈ 15 | ਸਿਖਲਾਈ ਵਿੱਚ ਸੁਧਾਰ ਲਈ ਮੁਲਾਂਕਣ ਦੇ ਨਤੀਜਿਆਂ ਦਾ ਉਪਯੋਗ | 7 | 3 | ਵਿਭਿੰਨ ਵਿਸ਼ਾ ਖੇਤਰਾਂ ਵਿੱਚ ਇਕਾਈ ਟੈਸਟ ਦਾ ਵਿਕਾਸ |
| | ਇਕਾਈ 16 | ਸਿਖਲਾਈ ਅਤੇ ਮੁਲਾਂਕਣ | 7 | 3 | ਵਿਭਿੰਨ ਵਿਸ਼ਾ ਖੇਤਰਾਂ ਦੇ ਪ੍ਰਸ਼ਨ ਪੱਤਰਾਂ ਦਾ ਵਿਸ਼ਲੇਸ਼ਣ, ਸਿਖਿਆਰਥੀਆਂ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਅਤੇ ਸਬੰਧਿਤ ਪ੍ਰਸ਼ਨਾਂ ਦੇ ਨਾਲ ਚਰਚਾ ਦੇ ਵਿਭਿੰਨ ਤਰੀਕ |
| | | ਟਿਊਸ਼ਨ | 15 | | |
| | | ਕੁੱਲ | 122 | 58 | 60 |
| | | ਕੁੱਲ ਜੋੜ 122+58+60=240 ਘੰਟੇ | | | |

## Declaration/ Disclaimer

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/meaning the source version i.e material in English medium shall prevail.

## ਘੋਸ਼ਣਾ

ਇਹ D.El.Ed. ਲਈ www. Dled.nios.ac.in ਤੇ ਉਪਲਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ. ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿਚ ਅੰਗ੍ਰਜੀ ਸੰਸਕਰਣ
ਪ੍ਰਬਲ ਹੋਵੇਗਾ

# ਬਲਾਕ 3

# ਕਲਾਸ ਰੂਮ ਸਿਖਲਾਈ ਵਿੱਚ ਉੱਭਰਦੇ ਮੁੱਦੇ

ਇਕਾਈ 9 : ਸੰਗਠਿਤ ਸਿਖਲਾਈ ਅਧਿਆਪਨ ਪ੍ਰਕਿਰਿਆ

ਇਕਾਈ 10 : ਸਿਖਲਾਈ ਪ੍ਰਕਿਰਿਆਵਾਂ ਅਤੇ ਸਾਧਨਾਂ ਦੇ ਪ੍ਰਸੰਗ

ਇਕਾਈ 11 : ਸਿਖਲਾਈ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ

ਇਕਾਈ 12 : ਕੰਪਿਊਟਰ ਸਹਿ ਸਿਖਲਾਈ

**ਬਲਾਕ ਜਾਣ ਪਛਾਣ**

**ਬਲਾਕ ਜਾਣ ਪਛਾਣ**–3

ਸਿਖਿਆਰਥੀ ਦੇ ਰੂਪ ਵਿੱਚ ਤੁਸੀਂ ਬਲਾਕ 3 : ਕਲਾਸਰੂਮ ਸਿਖਲਾਈ ਵਿੱਚ ਉੱਭਰਦੇ ਮੁੱਦਿਆਂ ਨਾਲ ਸਬੰਧਿਤ ਚਾਰ ਇਕਾਈਆਂ ਹਨ। ਹਰੇਕ ਇਕਾਈ ਭਾਗਾਂ ਅਤੇ ਉਪ ਭਾਗਾਂ ਵਿੱਚ ਵੰਡੀ ਹੈ। ਬਲਾਕ 1 ਵਿੱਚ ਤੁਸੀਂ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ ਅਤੇ ਇਸ ਨਾਲ ਸਬੰਧਿਤ ਵਿਭਿੰਨ ਪਹਿਲੂਆਂ ਦਾ ਅਧਿਐਨ ਕਰ ਚੁੱਕੇ ਹੋ। ਬਲਾਕ 2 ਵਿੱਚ ਹੁਣ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ ਨੂੰ ਪ੍ਰਬੰਧਨ ਦੇ ਨਾਲ ਨਾਲ ਅਧਿਆਪਨ ਸਿਖਲਾਈ ਸਮੱਗਰੀ ਦਾ ਪ੍ਰਬੰਧਨ ਅਤੇ ਸਿਖਲਾਈ ਕਿਰਿਆਵਾਂ ਦੀ ਯੋਜਨਾ ਬਣਾਉਣ ਦਾ ਅਧਿਐਨ ਕਰ ਚੁੱਕੇ ਹਾਂ।

**ਇਕਾਈ**– 9

ਇਹ ਇਕਾਈ ਤੁਹਾਨੂੰ ਸੰਗਠਿਤ ਸਿਖਲਾਈ ਸਬੰਧੀ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਇਸ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਅਤੇ ਸੰਗਠਿਤ ਸਿਖਲਾਈ ਦੇ ਵਿਭਿੰਨ ਪ੍ਰਕਾਰਾਂ ਜਿਵੇਂ ਇੱਕ ਹੀ ਵਿਸ਼ਾ ਖੇਤਰ ਵਿੱਚ ਵਿਸ਼ਿਆਂ ਤਹਿਤ ਅਤੇ ਵਿਸ਼ਿਆਂ ਦੇ ਬਾਹਰ ਸੰਗਠਿਤ ਸਿਖਲਾਈ ਨੂੰ ਸਮਝਣ ਵਿੱਚ ਸਮਰੱਥ ਹੋ ਸਕੋਗੇ। ਇਹ ਇਕਾਈ ਸੰਗਠਿਤ ਸਿਖਲਾਈ ਅਨੁਭਵਾਂ ਦੀ ਯੋਜਨਾ ਬਣਾਉਣ ਵਿੱਚ ਸਹਾਇਤਾ ਪ੍ਰਦਾਨ ਕਰੇਗੀ ਅਤੇ ਸੰਗਠਿਤ ਪਾਠ ਪੁਸਤਕਾਂ ਅਤੇ ਸਮੱਗਰੀ ਦੇ ਬਾਰੇ ਵਿੱਚ ਸਮਝ ਵਿਕਸਤ ਕਰੇਗੀ।

**ਇਕਾਈ**–10

ਇਸ ਇਕਾਈ ਰਾਹੀਂ ਤੁਸੀਂ ਸਿਖਲਾਈ ਦੇ ਸਮਾਜਿਕ ਸੱਭਿਆਚਾਰਕ ਪਿਛੋਕੜ ਅਤੇ ਵਿਭਿੰਨ ਵਰਗਾਂ ਦੇ ਵੰਚਿਤ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਇਸ ਦੇ ਮਹੱਤਵ ਨੂੰ ਸਮਝ ਸਕੋਗੇ। ਇਸ ਇਕਾਈ ਵਿੱਚ ਬੱਚੀਆਂ ਦੀ ਸਿੱਖਿਆ, ਘੱਟਗਿਣਤੀਆਂ ਲਈ ਸਿੱਖਿਆ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਿੱਖਿਆ ਨੂੰ ਕੇਂਦਰਿਤ ਕੀਤਾ ਗਿਆ ਹੈ। ਜਨਜਾਤੀ ਲਈ ਸਿੱਖਿਆ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਇਨ੍ਹਾਂ ਬੱਚਿਆਂ ਦੇ ਵੰਚਿਤ ਹੋਣ ਦੇ ਦੋ ਤਰੀਕੇ ਹਨ–ਇੱਕ ਬੇਹੱਦ ਸਮਾਜਿਕ ਆਰਥਿਕ ਪੱਛੜਾਪਣ ਅਤੇ ਦੂਜਾ ਸੱਭਿਆਚਾਰਕ ਅਤੇ ਭਾਸ਼ਾਈ ਪਰੰਪਰਾਵਾਂ ਜੋ ਇਨ੍ਹਾਂ ਨੂੰ ਹੋਰ ਸਮਾਜਿਕ ਸਮੂਹਾਂ ਤੋਂ ਅਲੱਗ ਕਰਦੀਆਂ ਹਨ। ਸਮਾਜਿਕ ਸੱਭਿਆਚਾਰਕ ਹਿੱਸਿਆਂ ਨੂੰ ਭਲੀਭਾਂਤ ਸਮਝ ਕੇ ਅਤੇ ਬਹੁਭਾਸ਼ੀ ਕਲਾਸਰੂਮ ਦੀ ਸਹੀ ਯੋਜਨਾ ਰਾਹੀਂ ਇਨ੍ਹਾਂ ਸਮੱਸਿਆਵਾਂ 'ਤੇ ਸਹੀ ਧਿਆਨ ਦਿੱਤਾ ਜਾ ਸਕਦਾ ਹੈ।

**ਇਕਾਈ**–11

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਤੁਸੀਂ ਸੂਚਨਾ ਅਤੇ ਸੰਚਾਰ ਤਕਨਾਲੋਜੀ ਦਾ ਅਰਥ ਅਤੇ ਇਸ ਦੇ ਵਿਭਿੰਨ ਸਾਧਨਾਂ ਅਤੇ ਕਲਾਸਰੂਮ ਸਿਖਲਾਈ ਅਤੇ ਮੁਲਾਂਕਣ ਪ੍ਰਕਿਰਿਆ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਉਪਯੋਗ ਜਾਂ ਸ਼ਾਮਲ ਕਰਨ ਦੇ ਆਖਰੀ ਤਰੀਕਿਆਂ ਨੂੰ ਸਮਝ ਸਕਾਂਗੇ। ਸੂਚਨਾ ਅਤੇ ਤਕਨਾਲੋਜੀ ਸਿਖਿਆਰਥੀ ਕੇਂਦਰਿਤ ਅਤੇ ਅੰਤਰ ਕਿਰਿਆਤਮਕ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਵਿੱਚ ਸਹਾਇਤਾ ਪ੍ਰਦਾਨ ਕਰਦੀ ਹੈ।

**ਇਕਾਈ** –12

ਇਸ ਇਕਾਈ ਰਾਹੀਂ ਤੁਸੀਂ ਸਿਖਲਾਈ ਵਿੱਚ ਕੰਪਿਊਟਰ ਦੇ ਮਹੱਤਵ ਨੂੰ ਸਮਝ ਸਕੋਗੇ। ਇਸ ਇਕਾਈ ਵਿੱਚ ਕੰਪਿਊਟਰ ਦੀ ਵਿਸਥਾਰਤ ਸਮਝ, ਇਸ ਦੇ ਕਾਰਜ ਕਰਨ ਦੀਆਂ ਵਿਭਿੰਨ ਇਕਾਈਆਂ, ਇਸ ਦੇ ਮਹੱਤਵਪੂਰਨ ਹਿੱਸਿਆਂ ਅਤੇ ਬੁਨਿਆਦੀ ਕਿਰਿਆਵਾਂ ਦੇ ਬਾਰੇ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਕੰਪਿਊਟਰ ਨੂੰ ਕਿਸੇ ਇਲੈਕਟ੍ਰਾਨਿਕ ਸਾਧਨ ਤੋਂ ਕਿਧਰੇ ਜ਼ਿਆਦਾ ਸਿਖਲਾਈ ਦਾ ਸਰੋਤ ਮੰਨਿਆ ਗਿਆ ਹੈ ਕਿਉਂਕਿ ਇਹ ਇੰਟਰਨੈੱਟ ਆਧਾਰਿਤ ਸਿਖਲਾਈ ਪ੍ਰਦਾਨ ਕਰਦਾ ਹੈ। ਕੰਪਿਊਟਰ ਸਹਿ ਸਿਖਲਾਈ ਨੂੰ ਜ਼ਿਆਦਾ ਵਿਦਿਆਰਥੀ ਕੇਂਦਰਿਤ ਮੰਨਿਆ ਗਿਆ ਹੈ। ਅਧਿਆਪਕ ਨੂੰ ਕੰਪਿਊਟਰ ਸਹਿ ਸਿਖਲਾਈ ਦੀ ਯੋਜਨਾ ਬਣਾਉਣ ਦੇ ਬਾਰੇ ਵਿੱਚ ਜਾਣਨਾ ਜ਼ਰੂਰੀ ਹੈ।

**ਵਿਸ਼ਾ ਸੂਚੀ**


| ਲੜੀ ਨੰਬਰ | ਪਾਠ ਦਾ ਨਾਂ | ਪੇਜ ਨੰਬਰ |
|---|---|---|
| 1 | ਇਕਾਈ 9 : ਸੰਗਠਿਤ ਸਿਖਲਾਈ ਸਿੱਖਿਆ ਪ੍ਰਕਿਰਿਆ | 1 |
| 2 | ਇਕਾਈ 10 : ਸਿਖਲਾਈ ਪ੍ਰਕਿਰਿਆਵਾਂ ਅਤੇ ਸਾਧਨਾਂ ਦੇ ਪ੍ਰਸੰਗ | 22 |
| 3 | ਇਕਾਈ 11 : ਸਿਖਲਾਈ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ | 64 |
| 4 | ਇਕਾਈ 12 : ਕੰਪਿਊਟਰ ਸਹਿ ਸਿਖਲਾਈ | 80 |
| | | |

**ਇਕਾਈ 9 : ਸੰਗਠਿਤ ਸਿਖਲਾਈ ਅਤੇ ਅਧਿਆਪਕ ਪ੍ਰਕਿਰਿਆਵਾਂ**

**ਸੰਰਚਨਾ**


9.0 ਜਾਣ ਪਛਾਣ

9.1 ਸਿਖਲਾਈ ਉਦੇਸ਼

9.2 ਸੰਗਠਿਤ ਸਿਖਲਾਈ ਦੀ ਧਾਰਨਾ

9.3 ਸੰਗਠਿਤ ਦੀ ਪ੍ਰਕਿਰਿਆ ਅਤੇ ਪ੍ਰਕਾਰ

9.3.1 ਵਿਸ਼ਾ ਖੇਤਰ ਦੇ ਅੰਦਰ

9.3.2 ਵਿਸ਼ਾ ਖੇਤਰਾਂ ਦੇ ਵਿਚਕਾਰ

9.3.3 ਵਿਸ਼ਾ ਖੇਤਰਾਂ ਤੋਂ ਬਾਹਰ

9.4 ਸਿਖਲਾਈ ਕੁਸ਼ਲਤਾਵਾਂ/ਅਨੁਭਵਾਂ ਦੇ ਸੰਗਠਨ ਲਈ ਯੋਜਨਾ ਬਣਾਉਣਾ

9.5 ਸੰਗਠਿਤ ਪਾਠ ਪੁਸਤਕ ਅਤੇ ਸਮੱਗਰੀ

9.6 ਸਿੱਟਾ

9.7 ਪ੍ਰਗਤੀ ਜਾਂਚ ਲਈ ਆਦਰਸ਼ ਉੱਤਰ

9.8 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

9.9 ਇਕਾਈ ਅੰਤ ਅਭਿਆਸ

## 9.0 ਜਾਣ ਪਛਾਣ

ਅਸੀਂ ਸਾਰੇ ਕਲਾਸ ਅਧਿਆਪਨ ਦੀਆਂ ਗਤੀਵਿਧੀਆਂ ਦੀ ਸਮਾਂ ਸਾਰਣੀ ਤੋਂ ਜਾਣੂ ਹਾਂ। ਸਕੂਲ ਦੇ ਇੱਕ ਕੰਮਕਾਜੀ ਦਿਨ ਦਾ ਪੂਰਾ ਕਾਰਜਕਾਲ ਲਗਪਗ ਬਰਾਬਰ ਸਮੇਂ (40–50 ਪ੍ਰਤੀ ਮਿੰਟ) ਦੇ 6 ਜਾਂ 7 ਪੀਰੀਅਡਾਂ ਵਿੱਚ ਵੰਡਿਆ ਰਹਿੰਦਾ ਹੈ। ਉਦਾਹਰਨ ਲਈ ਭਾਸ਼ਾ ਪਹਿਲੇ ਪੀਰੀਅਡ ਵਿੱਚ ਪੜ੍ਹਾਈ ਜਾਂਦੀ ਹੈ, ਗਣਿਤ ਦੂਜੇ ਅਤੇ ਵਿਗਿਆਨ ਤੀਜੇ, ਇਤਿਹਾਸ ਅਤੇ ਭੂਗੋਲ ਅੱਗੇ ਦੇ ਪੀਰੀਅਡਾਂ ਵਿੱਚ। ਗਤੀਵਿਧੀਆਂ ਦੀ ਦਿਨਚਰਿਆ ਨੂੰ ਨਿਸ਼ਚਤ ਕਰਦੇ ਸਮੇਂ ਹਰੇਕ ਦਿਨ ਵਿੱਚ ਹਰ ਵਿਸ਼ੇ ਨੂੰ ਪੀਰੀਅਡ ਪ੍ਰਦਾਨ ਕਰਨ ਦਾ ਕਾਰਜ ਅਧਿਆਪਕਾਂ ਵੱਲੋਂ ਕੀਤਾ ਜਾਂਦਾ ਹੈ। ਇੱਕ ਵਾਰ ਅਧਿਆਪਕਾਂ ਵੱਲੋਂ ਇੱਕ ਕਲਾਸ ਲਈ ਸਮਾਂ ਸਾਰਣੀ ਨਿਰਧਾਰਤ ਕਰ ਦਿੱਤੀ ਜਾਂਦੀ ਹੈ, ਇਹ ਇੱਕ ਲੰਬੇ ਸਮੇਂ ਤੱਕ ਬਿਨਾਂ ਤਬਦੀਲੀ ਦੇ ਚਲਦੀ ਰਹਿੰਦੀ ਹੈ (ਘੱਟ ਤੋਂ ਘੱਟ ਛੇ ਮਹੀਨੇ ਤੱਕ) ਅਤੇ ਕਲਾਸਰੂਮ ਅਧਿਆਪਨ ਸਮਾਂ ਸਾਰਣੀ ਅਨੁਸਾਰ ਸਖ਼ਤੀ ਨਾਲ ਚੱਲਦਾ ਰਹਿੰਦਾ ਹੈ। ਸਿਵਾਏ ਵਿਸ਼ੇਸ਼ ਅਵਸਰਾਂ ਦੇ। ਆਮ ਤੌਰ ’ਤੇ ਇੱਕ ਵਿਸ਼ੇਸ਼ ਕਲਾਸ ਵਿੱਚ ਇੱਕ ਵਿਸ਼ਾ ਇੱਕ ਵਿਸ਼ੇਸ਼ ਅਧਿਆਪਕ ਨੂੰ ਵੰਡਿਆ ਜਾਂਦਾ ਹੈ। ਇਸ ਦਾ ਅਰਥ ਹੈ ਕਿ ਇੱਕ ਕਲਾਸ ਦੇ ਵਿਦਿਆਰਥੀਆਂ ਨੂੰ ਹਰੇਕ ਪੀਰੀਅਡ ਵਿੱਚ ਵਿਭਿੰਨ ਅਧਿਆਪਕਾਂ ਵੱਲੋਂ ਵੱਖ ਵੱਖ ਵਿਸ਼ੇ ਪੜ੍ਹਾਏ ਜਾਂਦੇ ਹਨ। ਇਸ ਦੇ ਵਿਕਲਪ ਵੀ ਉਪਲੱਬਧ ਹਨ। ਜੇਕਰ ਸਕੂਲ ਵਿੱਚ ਨਿਰਧਾਰਤ ਸੰਖਿਆ ਤੋਂ ਘੱਟ ਅਧਿਆਪਕ ਹਨ ਤਾਂ ਇੱਕ ਅਧਿਆਪਕ ਨੂੰ ਇੱਕ ਦਿਨ ਵਿੱਚ ਇੱਕ ਕਲਾਸ ਵਿੱਚ ਇੱਕ ਤੋਂ ਜ਼ਿਆਦਾ ਪੀਰੀਅਡ ਪੜ੍ਹਾਉਣੇ ਪੈਂਦੇ ਹਨ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਸਾਡੇ ਦੇਸ਼ ਵਿੱਚ ਕਈ ਪ੍ਰਾਇਮਰੀ ਸਕੂਲਾਂ ਵਿੱਚ ਇੱਕ ਵਿਦਿਅਕ ਸੈਸ਼ਨ ਵਿੱਚ ਇੱਕ ਅਧਿਆਪਕ ਨੂੰ ਇੱਕ ਕਲਾਸ ਦਿੱਤੀ ਜਾਂਦੀ ਹੈ। ਉਸ ਨੂੰ ਬਿਨਾਂ ਸਮਾਂ ਸਾਰਣੀ ਵਿੱਚ ਰੁਕਾਵਟ ਪਾਏ ਵਿਦਿਆਰਥੀਆਂ ਦੇ ਪੂਰੇ ਦਿਨ ਉਸ ਕਲਾਸ ਲਈ ਨਿਰਧਾਰਤ ਪਾਠ ਕ੍ਰਮ ਦੇ ਸਾਰੇ ਵਿਸ਼ਿਆਂ ਨੂੰ ਪੜ੍ਹਾਉਣਾ ਅਤੇ ਉਨ੍ਹਾਂ ਦੀ ਦੇਖਭਾਲ ਕਰਨੀ ਹੁੰਦੀ ਹੈ। ਇੱਥੇ ਇੱਕ ਸਥਿਤੀ ’ਤੇ ਨਜ਼ਰ ਮਾਰਦੇ ਹਾਂ।

**ਸਥਿਤੀ–1**

ਸਰਾਹ ਇੱਕ ਗ੍ਰਾਮੀਣ ਸਕੂਲ ਦੀ ਚੌਥੀ ਜਮਾਤ ਦੇ ਵਿਦਿਆਰਥੀਆਂ ਨੂੰ ‘ਪੀਣ ਦਾ ਪਾਣੀ’ ਪਾਠ ਪੜ੍ਹਾਉਂਦੀ ਹੈ। ਪਾਠ ਨੂੰ ਸਿੱਧੇ ਪੜ੍ਹਾਉਣ ਦੀ ਬਜਾਏ ਉਹ ਬੱਚਿਆਂ ਨੂੰ ਉਸ ਸਥਾਨ ’ਤੇ ਲੈ ਜਾਂਦੀ ਹੈ ਜਿੱਥੇ ਸਕੂਲ ਵਿੱਚ ਪੀਣ ਦੇ ਪਾਣੀ ਦੀ ਵਿਵਸਥਾ ਹੈ। ਉਨ੍ਹਾਂ ਬੱਚਿਆਂ ਨਾਲ ਨਿਮਨ ਗੱਲਬਾਤ ਕੀਤੀ:

ਸਰਾਹ : ਚੰਗਾ ਬੱਚਿਓ, ਧਿਆਨ ਨਾਲ ਦੇਖੋ ਅਤੇ ਦੱਸੋ ਕਿ ਪੀਣ ਦੇ ਪਾਣੀ ਦੀ ਪ੍ਰਾਪਤ ਲਈ ਕਿਸ ਸਮੱਗਰੀ ਨੂੰ ਵਰਤੋਂ ਵਿੱਚ ਲਿਆਂਦਾ ਗਿਆ ਹੈ।

ਬੱਚੇ : ਲੱਕੜੀ ਦੇ ਸਟੈਂਡ ’ਤੇ ਰੱਖੇ ਹੋਏ ਢੱਕਣ ਨਾਲ ਇੱਕ ਵੱਡਾ ਬਰਤਨ, ਇੱਕ ਬਾਲਟੀ, ਲੰਬੀ ਡੰਡੀ ਵਾਲਾ ਬਰਤਨ, ਚਾਰ ਸਟੇਨਲੈੱਸ ਸਟੀਨ ਦੇ ਗਿਲਾਸ ਅਤੇ ਗਿਲਾਸਾਂ ਨੂੰ ਸਾਫ਼ ਕਰਨ ਲਈ ਇੱਕ ਸਾਬਣ ਅਤੇ ਇੱਕ ਬੁਰਸ਼।

ਸਰਾਹ : ਸਕੂਲ ਵਿੱਚ ਅੱਜ ਦੇ ਉਪਯੋਗ ਲਈ ਅਸੀਂ ਸੁਰੱਖਿਅਤ ਪੀਣ ਦਾ ਪਾਣੀ ਵੱਡੇ ਬਰਤਨ ਵਿੱਚ ਭਰਨ ਜਾ ਰਹੇ ਹਾਂ। ਦੱਸੋ ਅਸੀਂ ਕੀ ਕਰ ਰਹੇ ਹੋਵਾਂਗੇ ?

ਬੱਚੇ : ਬਰਤਨ ਅਤੇ ਬਾਲਟੀ ਨੂੰ ਸਾਫ਼ ਕਰਨਾ, ਆਸ ਪਾਸ ਦੇ ਖੂਹ ਜਾਂ ਟਿਊਬਵੈਲ ਤੋਂ ਪਾਣੀ ਲਿਆਉਣਾ, ਪਾਣੀ ਨੂੰ ਸਾਫ ਕੱਪੜੇ ਨਾਲ ਛਾਣ ਕੇ ਬਰਤਨ ਭਰਨਾ ਅਤੇ ਬਰਤਨ ਨੂੰ ਢਕਣਾ।

ਆਪਣੇ ਉੱਤਰ ਨਾਲ ਬੱਚੇ ਬਹੁਤ ਉਤਸ਼ਾਹਿਤ ਸਨ ਕਿਉਂਕਿ ਉਹ ਜਾਣਦੇ ਸਨ ਕਿ ਰੋਜ਼ਾਨਾ ਸਕੂਲ ਵਿੱਚ ਪਾਣੀ ਦੀ ਵਿਵਸਥਾ ਵਿੱਚ ਕੀ ਕੀ ਸ਼ਾਮਲ ਹੁੰਦਾ ਹੈ। ਸਰਾਹ ਨੇ ਗੱਲਬਾਤ ਜਾਰੀ ਰੱਖੀ:

ਸਰਾਹ : ਬਰਤਨ ਅਤੇ ਬਾਲਟੀ ਨੂੰ ਤੁਸੀਂ ਕਿਉਂ ਧੋਂਦੇ ਹੋ ?

ਬੱਚੇ : ਸਵੱਛ ਬਰਤਨਾਂ ਵਿੱਚ ਪਾਣੀ ਕੀਟਾਣੂ ਜੋ ਬਿਮਾਰੀ ਪੈਦਾ ਕਰਦੇ ਹਨ, ਤੋਂ ਰਹਿਤ ਹੁੰਦਾ ਹੈ।

ਸਰਾਹ : ਬਰਤਨ ਵਿੱਚ ਪਾਣੀ ਨੂੰ ਕੀਟਾਣੂ ਰਹਿਤ ਰੱਖਣ ਲਈ ਤੁਸੀਂ ਹੋਰ ਕੀ ਕਰ ਸਕਦੇ ਹੋ ?

ਬੱਚੇ : ਖੂਹ ਦੇ ਪਾਣੀ ਨੂੰ ਛਾਣ ਕੇ ਅਤੇ ਢਕ ਕੇ ਰੱਖੋ।

ਪੀਣ ਦੇ ਪਾਣੀ ਦੇ ਆਸ ਪਾਸ ਕਿਸ ਪ੍ਰਕਾਰ ਸਵੱਛਤਾ ਬਣਾਈ ਰੱਖੀਏ, ਇਸ 'ਤੇ ਸਰਾਹ ਵਿਦਿਆਰਥੀਆਂ ਨਾਲ ਚਰਚਾ ਕਰਦੀ ਹੈ। ਫਿਰ ਪਾਣੀ ਨੂੰ ਟਿਊਬਵੈੱਲ ਤੋਂ ਲਿਆ ਕੇ ਬਰਤਨ ਭਰਨ ਦੀ ਚਰਚਾ ਕਰਨ ਲੱਗੀ। ਸਰਾਹ ਸਮਾਨ ਆਕਾਰ ਦੇ ਚਾਰ ਡੱਬੇ ਲਿਆਈ ਸੀ, ਕਿਉਂਕਿ ਉਹ ਜਾਣਦੀ ਸੀ ਕਿ ਬਾਲਟੀ ਆਕਾਰ ਵਿੱਚ ਵੱਡੀ ਹੋਣ ਦੇ ਕਾਰਨ ਬੱਚਿਆਂ ਲਈ ਪਾਣੀ ਨਾਲ ਭਰੀ ਹੋਈ ਚੁੱਕਣ ਵਿੱਚ ਮੁਸ਼ਕਿਲ ਆਏਗੀ। ਉਹ ਚਾਹੁੰਦੀ ਸੀ ਕਿ ਬੱਚੇ ਕੁਝ ਸਰਲ ਅਨੁਮਾਨ ਲਗਾਉਣ। ਉਸ ਨੇ ਬੱਚਿਆਂ ਨੂੰ ਦੱਸਿਆ ਕਿ ਵੱਡਾ ਬਰਤਨ 5 ਪੂਰੇ ਹੋਣ ਨਾਲ ਬਾਲਟੀ ਭਰ ਜਾਂਦੀ ਹੈ ਤਾਂ ਦੱਸੋ ਕਿੰਨੇ ਡੱਬੇ ਪਾਣੀ ਨਾਲ ਬਰਤਨ ਪੂਰਾ ਭਰ ਜਾਏਗਾ। ਇਸ ਪ੍ਰਕਾਰ ਬੱਚਿਆਂ ਨੂੰ ਵਿਚਾਰ ਪ੍ਰੇਰਕ ਪ੍ਰਸ਼ਨਾਂ ਰਾਹੀਂ ਚੁਣੌਤੀ ਦਿੱਤੀ ਗਈ। ਕਾਨਹੂ ਨੇ ਸੁਝਾਇਆ ਕਿ ਡੱਬੇ ਨੂੰ ਪਾਣੀ ਨਾਲ ਭਰੋ ਅਤੇ ਉਨ੍ਹਾਂ ਡੱਬਿਆਂ ਨਾਲ ਵੱਡੇ ਬਰਤਨ ਨੂੰ ਭਰੋ ਅਤੇ ਉਨ੍ਹਾਂ ਡੱਬਿਆਂ ਦੀ ਸੰਖਿਆ ਨੋਟ ਕਰ ਲਓ। ਉਮਾ ਨੇ ਕਿਹਾ ਕਿ ਇੱਕ ਵਾਰ ਵਿੱਚ ਚਾਰ ਬੱਚੇ, ਹਰੇਕ ਇੱਕ ਡੱਬੇ ਨਾਲ ਵੱਡੇ ਬਰਤਨ ਭਰੇ ਅਤੇ ਜੇਕਰ ਸੰਭਵ ਹੋਇਆ ਕਿ ਅਸੀਂ ਗਿਣਤੀ ਕਰ ਸਕੀਏ ਕਿ ਕਿੰਨੀ ਬਾਰ ਵਿੱਚ ਚਾਰ ਵਿਦਿਆਰਥੀ ਵੱਡੇ ਬਰਤਨ ਨੂੰ ਪੂਰਾ ਭਰ ਪਾਏ ਤਾਂ ਜਿੰਨੀ ਵਾਰ ਵਿੱਚ ਬਰਤਨ ਭਰ ਗਿਆ ਉਸ ਨੂੰ ਚਾਰ ਨਾਲ ਗੁਣਾ ਕਰਨ ਨਾਲ ਨਤੀਜਾ ਮਿਲ ਜਾਏਗਾ। ਕਰਤਾਰ ਨੇ ਕੁਝ ਸਮੇਂ ਤੱਕ ਸੋਚਿਆ ਅਤੇ ਕਿਹਾ ਕਿ ਜੇਕਰ ਇਹ ਪਤਾ ਲੱਗ ਜਾਏ ਕਿ ਇੱਕ ਬਾਲਟੀ ਨੂੰ ਭਰਨ ਵਿੱਚ ਕਿੰਨੇ ਡੱਬੇ ਪਾਣੀ ਦੀ ਲੋੜ ਹੈ ਤਾਂ ਇਸ ਅੰਕ ਨੂੰ 5 ਨਾਲ ਗੁਣਾ ਕਰਨ 'ਤੇ ਨਤੀਜਾ ਪਤਾ ਲੱਗ ਸਕਦਾ ਹੈ।

ਜਦੋਂ ਤੱਕ ਬੱਚੇ ਬਰਤਨ ਨੂੰ ਸਾਫ਼ ਕਰਨ ਅਤੇ ਭਰਨ ਵਿੱਚ ਰੁੱਝੇ ਹੋਏ ਸਨ, ਮੀਨਾ ਅਤੇ ਸਹਾਨਾ ਨੇ ਗਾਉਣਾ ਸ਼ੁਰੂ ਕੀਤਾ। ਪਾਨੀ ਰੇ ਪਾਨੀ.. ਹੋਰ ਬੱਚਿਆਂ ਨੇ ਗੀਤ ਵਿੱਚ ਸਾਥ ਦਿੱਤਾ, ਕਲਾਸ ਦੇ ਅੰਤ ਵਿੱਚ ਸਰਾਹ ਨੇ ਨਿਮਨ ਕਾਰਜ ਬੱਚਿਆਂ ਨੂੰ ਦਿੱਤੇ:

- ਪੀਣ ਲਈ ਸਵੱਛ ਪਾਣੀ ਪ੍ਰਾਪਤ ਕਰਨ ਦੇ ਕਿਹੜੇ ਤਰੀਕੇ ਹਨ ?
- ਜੇਕਰ ਚਾਰ ਵਿਦਿਆਰਥੀਆਂ ਨੂੰ ਪਾਣੀ ਦਾ ਬਰਤਨ ਭਰਨ ਵਿੱਚ 20 ਮਿੰਟ ਲੱਗਦੇ ਹਨ ਤਾਂ ਪੰਜ ਵਿਦਿਆਰਥੀ ਉਸੀ ਰਫ਼ਤਾਰ ਨਾਲ ਬਰਤਨ ਨੂੰ ਭਰਨ ਵਿੱਚ ਕਿੰਨੇ ਮਿੰਟ ਲਾਉਣਗੇ ?
- ਪੀਣ ਦੇ ਪਾਣੀ ਨੂੰ ਪ੍ਰਾਪਤ ਕਰਨ ਅਤੇ ਜਮ੍ਹਾਂ ਕਰਨ ਲਈ ਕਲਾਸ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਵਰਣਨ 25 ਵਾਕਾਂ ਵਿੱਚ ਕਰੋ।

ਹੁਣ ਤੁਸੀਂ ਸਹਿਮਤ ਹੋਵੋਗੇ ਕਿ ਸਰਾਹ ਨੇ ਸਿਖਲਾਈ ਅਤੇ ਅਧਿਆਪਨ ਲਈ ਵਿਸ਼ਾ ਆਧਾਰਿਤ ਕਲਾਸ ਗਤੀਵਿਧੀ ਦੀ ਬਜਾਏ ਅਸਲ ਜੀਵਨ ਅਨੁਭਵਾਂ ਨੂੰ ਆਧਾਰ ਬਣਾਇਆ। ਉਸ ਨੇ ਪੀਣ ਦੇ ਪਾਣੀ ਨੂੰ ਮੂਲ ਤੱਥ ਦੇ ਰੂਪ ਵਿੱਚ ਲਿਆ ਜੋ ਕਲਾਸ ਦੇ ਸਾਰੇ ਬੱਚਿਆਂ ਲਈ ਸਾਰਥਕ ਅਤੇ ਅਸਲੀ ਜੀਵਨ ਤੋਂ ਜਾਣੂ ਸਨ। ਅਸਲ ਜੀਵਨ ਅਨੁਭਵ ਨਾਲ ਸਬੰਧਿਤ ਇਸ ਤੱਥ ਰਾਹੀਂ ਉਸ ਨੇ ਵਿਭਿੰਨ ਵਿਸ਼ਿਆਂ ਦੇ ਤੱਥਾਂ ਤੋਂ ਵੀ ਜਾਣੂ ਕਰਾਇਆ ਜੋ ਮੁੱਖ ਵਿਸ਼ੇ ਨਾਲ ਸੰਬਧਿਤ ਸਨ ਅਤੇ ਇਸ ਲਈ ਸਿਖਿਆਰਥੀਆਂ ਲਈ ਸਾਰਥਕ ਰਿਹਾ।

ਇਹ ਇੱਕ ਸਰਲ ਸਥਿਤੀ ਦਾ ਉਦਾਹਰਨ ਹੈ ਜਿੱਥੇ ਸੰਗਠਿਤ ਸਿਖਲਾਈ ਪ੍ਰਕਿਰਿਆ ਹੋ ਰਹੀ ਹੈ। ਸਿਖਲਾਈ ਅਤੇ ਅਧਿਆਪਨ ਨੂੰ ਅਜਿਹੀ ਸੰਗਠਿਤ ਪ੍ਰਕਿਰਿਆ ਵਿਸ਼ਾ ਆਧਾਰਿਤ ਦ੍ਰਿਸ਼ਟੀਕੋਣ ਜੋ ਆਮ ਤੌਰ ’ਤੇ ਅਪਣਾਏ ਜਾਂਦੇ ਹਨ, ਦੀ ਤੁਲਨਾ ਵਿੱਚ ਜ਼ਿਆਦਾ ਪ੍ਰਸੰਗਿਕ ਅਤੇ ਸਾਰਥਿਕ ਸਮਝੀ ਜਾਂਦੀ ਹੈ, ਵਿਸ਼ੇਸ਼ ਕਰਕੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ।

ਇਸ ਇਕਾਈ ਵਿੱਚ ਅਸੀਂ ਸੰਗਠਿਤ ਸਿਖਲਾਈ ਦੀਆਂ ਮੂਲ ਵਿਸ਼ੇਸ਼ਤਾਵਾਂ ਅਤੇ ਉਸ ਦੇ ਪ੍ਰਕਾਰਾਂ ਦਾ ਅਧਿਐਨ ਕਰਾਂਗੇ ਜੋ ਤੁਹਾਨੂੰ ਆਪਣੀ ਕਲਾਸ ਲਈ ਢੁੱਕਵੀਂ ਸੰਗਠਿਤ ਸਿਖਲਾਈ ਦ੍ਰਿਸ਼ਟੀਕੋਣ ਦੀ ਚੋਣ ਕਰਨ ਯੋਗ ਬਣਾਉਣਗੇ।

ਇਸ ਇਕਾਈ ਦੇ ਵਿਭਿੰਨ ਤੱਥਾਂ ਨੂੰ ਸਮਝਣ ਲਈ ਤੁਹਾਨੂੰ 07 ਘੰਟੇ ਅਧਿਆਪਨ ਦੀ ਲੋੜ ਹੈ।

## 9.1 ਸਿਖਲਾਈ ਉਦੇਸ਼

ਇਸ ਇਕਾਈ ਦੀ ਸਮਾਪਤੀ ’ਤੇ ਤੁਸੀਂ

- ਸੰਗਠਿਤ ਸਿਖਲਾਈ ਦੀ ਧਾਰਨਾ, ਲੋੜ ਅਤੇ ਮਹੱਤਵ ਦੀ ਵਿਆਖਿਆ ਕਰਨ ਵਿੱਚ ਸਮਰੱਥ ਹੋਵੋਗੇ।

- ਵਿਭਿੰਨ ਪ੍ਰਕਾਰ ਦੇ ਸੰਗਠਿਤ ਅਤੇ ਉਨ੍ਹਾਂ ਦੀ ਸਾਰਥਿਕ ਸਿਖਲਾਈ ਵਿੱਚ ਉਪਯੋਗ ਦਾ ਵਰਣਨ ਕਰ ਸਕੋਗੇ।

- ਸਿਖਲਾਈ ਅਨੁਭਵਾਂ ਨੂੰ ਇੱਕ ਵਿਸ਼ੇ ਨਾਲ ਅਤੇ ਵਿਭਿੰਨ ਵਿਸ਼ਿਆਂ ਨਾਲ ਸੰਗਠਿਤ ਕਰਨ ਦੀਆਂ ਤਕਨੀਕਾਂ ਦਾ ਪ੍ਰਯੋਗ ਕਰ ਸਕੋਗੇ।

- ਏਕੀਕ੍ਰਿਤ ਪਾਠ ਪੁਸਤਕਾਂ ਅਤੇ ਸਮੱਗਰੀ ਦੀਆਂ ਵਿਸ਼ੇਸ਼ਤਾਵਾਂ ਦੀ ਪਛਾਣ ਕਰ ਸਕੋਗੇ।

## 9.2 ਏਕੀਕ੍ਰਿਤ ਸਿਖਲਾਈ ਦੀ ਧਾਰਨਾ

ਨਿਮਨਲਿਖਤ ਸਥਿਤੀ ਨੂੰ ਸਮਝੋ

**ਸਥਿਤੀ**-2

ਛੇਵੀਂ ਕਲਾਸ ਵਿੱਚ ਸੁਸ਼ਮਾ ਵਿਗਿਆਨ ਪੜ੍ਹਾਉਂਦੀ ਹੈ ਅਤੇ ਸੋਫੀਆ ਭਾਸ਼ਾ, ਸੁਸ਼ਮਾ ਪੌਦੇ ਦੇ ਵਿਭਿੰਨ ਭਾਗਾਂ ਦੀਆਂ ਵਿਸ਼ੇਸ਼ਤਾਵਾਂ ਪੜ੍ਹਾ ਰਹੀ ਸੀ ਅਤੇ ਸੋਫੀਆ ਪਾਠ ਪੁਸਤਕ ਦੀ ਇੱਕ ਕਵਿਤਾ ਦੇ ਜ਼ਰੀਏ ਨਾਲ ਪ੍ਰਕਿਰਤੀ ਸੁੰਦਰਤਾ ਪ੍ਰਤੀ ਪ੍ਰਸ਼ੰਸਾ ਦਾ ਭਾਵ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਇੱਕ ਦਿਨ ਉਨ੍ਹਾਂ ਵਿਗਿਆਨ ਅਤੇ ਕਵਿਤਾ ਨੂੰ ਇਕੱਠੇ ਮਿਲਾ ਕੇ ਮਿਲ ਕੇ ਪੜ੍ਹਨ ਦਾ ਨਿਸ਼ਚਾ ਕੀਤਾ। ਉਨ੍ਹਾਂ ‘ਫੁੱਲ’ ਨਾਂ ਪਾਠ ਨੂੰ ਚੁਣਿਆ। ਉਨ੍ਹਾਂ ਵਿਸਥਾਰ ਨਾਲ ਪਾਠ ਯੋਜਨਾ ਬਣਾਈ ਜਿਸ ਵਿੱਚ ਸੁਸ਼ਮਾ ਨੂੰ ਵਿਭਿੰਨ ਪ੍ਰਕਾਰ ਦੇ ਫੁੱਲਾਂ ਅਤੇ ਇੱਕ ਸੰਪੂਰਨ ਫੁੱਲ ਦੇ ਅੰਗਾਂ ਨੂੰ ਦੱਸਣਾ ਸੀ ਅਤੇ ਸੋਫੀਆ ਨੂੰ ਕਵਿਤਾ ਪਾਠ ਕਰਾਉਣਾ ਅਤੇ ਵਿਭਿੰਨ ਫੁੱਲਾਂ ਦੀ ਸੁੰਦਰਤਾ ਪ੍ਰਤੀ

ਪ੍ਰਸ਼ੰਸਾ ਦਾ ਭਾਵ ਵਿਕਸਤ ਕਰਾਉਣਾ ਸੀ। ਪਰ ਇੱਕ ਵਿਸ਼ੇਸ਼ ਕਾਰਨ ਸੋਫੀਆ ਉਸ ਕਲਾਸ ਵਿੱਚ ਨਹੀਂ ਜਾ ਸਕੀ। ਸੁਸ਼ਮਾ ਨੇ ਪੂਰਵ ਨਿਰਧਾਰਤ ਪਾਠ ਯੋਜਨਾ ਅਨੁਸਾਰ ਕਲਾਸ ਨੂੰ ਪੜ੍ਹਾਇਆ।

ਇਹ ਸਥਿਤੀ ਤੁਹਾਨੂੰ ਅਜੀਬ ਪ੍ਰਤੀਤ ਹੋ ਸਕਦੀ ਹੈ, ਪਰ ਸੁਸ਼ਮਾ ਨੇ ਜੋ ਕੁਝ ਕਿਹਾ ਉਹ ਇੱਕ ਏਕੀਕ੍ਰਿਤ ਅਧਿਆਪਨ ਸਿਖਲਾਈ ਪ੍ਰਕਿਰਿਆ ਦਾ ਉਪਯੋਗ ਕਰ ਰਹੀ ਸੀ। ਏਕੀਕ੍ਰਿਤ ਸਿਖਲਾਈ ਅਤੇ ਅਧਿਆਪਨ ਦੇ ਸੰਦਰਭ ਵਿੱਚ ਹੋਰ ਸ਼ਬਦਾਵਲੀ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ, ਜਿਵੇਂ ਏਕੀਕ੍ਰਿਤ ਪਾਠਕ੍ਰਮ, ਅੰਤ ਵਿਸ਼ਾ ਸਿਖਲਾਈ, ਬਹੁ ਵਿਸ਼ਾ ਅਧਿਆਪਨ, ਵਿਸ਼ਾ ਵਸਤੂ ਅਧਿਆਪਨ ਅਤੇ ਸੰਤੁਲਿਤ ਅਧਿਆਪਨ। ਏਕੀਕ੍ਰਿਤ ਸਿਖਲਾਈ ਅਤੇ ਏਕੀਕ੍ਰਿਤ ਪਾਠਕ੍ਰਮ 'ਤੇ ਕਾਰਜ ਕਰਨ ਵਾਲੇ ਖੋਜਕਰਤਾਵਾਂ ਵੱਲੋਂ ਦਿੱਤੀਆਂ ਗਈਆਂ ਕੁਝ ਪਰਿਭਾਸ਼ਾਵਾਂ ਨੂੰ ਦੇਖੋ।

• ਇੱਕ ਏਕੀਕ੍ਰਿਤ ਅਧਿਐਨ ਉਹ ਹੈ ਜਿਸ ਵਿੱਚ ਬੱਚੇ ਆਪਣੇ ਵਾਤਾਵਰਣ ਦੇ ਵਿਸ਼ੇਸ਼ ਖੇਤਰਾਂ ਨਾਲ ਸਬੰਧਿਤ ਵਿਸ਼ਿਆਂ ਦੇ ਗਿਆਨ ਦਾ ਵਿਸਥਾਰ ਕਰਦੇ ਹਨ। (ਹੈਮਰੀਫਰੀਸ, ਪੋਸਟ ਅਤੇ ਏਲਿਸ 1981.11)

• ਏਕੀਕ੍ਰਿਤ ਸਿਖਲਾਈ ਤੋਂ ਮਤਲਬ ਹੈ: 'ਅਜਿਹੀ ਸਿੱਖਿਆ ਜੋ ਇਸ ਪ੍ਰਕਾਰ ਨਾਲ ਏਕੀਕ੍ਰਿਤ ਹੋਵੇ ਕਿ ਉਸ ਵਿੱਚ ਵਿਸ਼ਿਆਂ ਦੀ ਸੀਮਾ ਰੇਖਾ ਨਾ ਹੋਵੇ, ਸਿਖਲਾਈ ਦੇ ਮੁੱਖ ਖੇਤਰਾਂ ਨੂੰ ਕੇਂਦਰਿਤ ਕਰਕੇ, ਪਾਠਕ੍ਰਮ ਦੇ ਵਿਭਿੰਨ ਭਾਗਾਂ/ਖੇਤਰਾਂ ਨੂੰ ਸਾਰਥਿਕ ਰੂਪ ਨਾਲ ਏਕੀਕ੍ਰਿਤ ਕੀਤਾ ਗਿਆ ਹੋਵੇ। ਇਸ ਵਿੱਚ ਸਿਖਲਾਈ ਅਤੇ ਅਧਿਆਪਨ ਨੂੰ ਇੱਕ ਰੂਪ ਵਿੱਚ ਦੇਖਿਆ ਜਾਂਦਾ ਹੈ ਅਤੇ ਉਹ ਇਸ ਲਈ ਕਿਰਿਆ ਵਾਲੇ ਅਸਲੀ ਜਗਤ ਦਾ ਪ੍ਰਦਰਸ਼ਨ ਕਰਨਾ ਹੈ (ਸ਼ੁਮੇਕਰ 1989, ਪੇਜ਼ ਸੰਖਿਆ 5)

• ਸੰਗਠਿਤ ਦ੍ਰਿਸ਼ਟੀਕੋਣ: ਗਿਆਨ ਅਤੇ ਪਾਠਕ੍ਰਮ ਦਾ ਅਜਿਹਾ ਦ੍ਰਿਸ਼ਟੀਕੋਣ ਹੈ ਜੋ ਇੱਕ ਤੋਂ ਜ਼ਿਆਦਾ ਵਿਸ਼ਿਆਂ ਤੋਂ ਸਿੱਖਣ ਦੀ ਵਿਧੀ ਅਤੇ ਭਾਸ਼ਾ ਦਾ ਪ੍ਰਯੋਗ ਕਿਸੇ ਇੱਕ ਮੁੱਖ, ਅਨੁਭਵ ਸਮੱਸਿਆ ਜਾਂ ਮੁੱਦਿਆਂ ਦੀ ਜਾਂਚ ਲਈ ਜਾਣ ਬੁੱਝ ਕੇ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ। (ਜੈਕੋਬਸ ਪੇਜ਼ ਸੰਖਿਆ 8)

• ਸੰਗਠਿਤ ਪਾਠ ਕ੍ਰਮ ਸਿੱਖਿਆ ਦੀ ਇੱਕ ਅਜਿਹੀ ਵਿਧੀ ਹੈ ਜੋ ਵਿਸ਼ਿਆਂ ਦੇ ਵਿੱਚ ਰੁਕਾਵਟਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਕਿ ਵਿਦਿਆਰਥੀਆਂ ਲਈ ਸਿਖਲਾਈ ਜ਼ਿਆਦਾ ਸਾਰਥਿਕ ਹੋ ਸਕੇ। ਵਿਚਾਰ ਇਹ ਹੈ ਕਿ ਅਧਿਆਪਨ ਕੁਝ ਮੁੱਖ ਬਿੰਦੂਆਂ/ਪਾਠਾਂ ਨੂੰ ਲੈ ਕੇ ਕੀਤਾ ਜਾਏ, ਜਿਨ੍ਹਾਂ ਨੂੰ ਵਿਦਿਆਰਥੀ ਸਰਲਤਾ ਨਾਲ ਪਛਾਣ ਸਕਣ। ਜਿਵੇਂ ਕਿ 'ਵਾਤਾਵਰਣ', 'ਸਕੂਲ ਵਿੱਚ ਜੀਵਨ' ਜਾਂ ਜ਼ਿਆਦਾ ਪਰੰਪਰਿਕ ਖੇਤਰ। 'ਮਿੱਥ ਅਤੇ ਲੀਜੈਂਡਜ਼' (ਬੌਣੇ, 1977, ਪੇਜ਼ ਸੰਖਿਆ 13–14)

**ਏਕੀਕ੍ਰਿਤ ਪਾਠਕ੍ਰਮ ਦੀਆਂ ਸਾਰੀਆਂ ਪਰਿਭਾਸ਼ਾਵਾਂ ਵਿੱਚ ਨਿਮਨ ਗੱਲਾਂ ਸ਼ਾਮਲ ਹਨ:**

• **ਵਿਸ਼ਿਆਂ ਦਾ ਸੁਮੇਲ:** ਇੱਕ ਤੋਂ ਜ਼ਿਆਦਾ ਪਾਠ ਵਿਸ਼ਿਆਂ ਨੂੰ ਮਿਲਾ ਕੇ ਇੱਕ ਨਵਾਂ ਵਿਸ਼ਾ ਵਸਤੂ ਅਤੇ ਗਤੀਵਿਧੀਆਂ ਦਾ ਵਿਕਾਸ ਕਰਨਾ ਜੋ ਵਿਦਿਆਰਥੀਆਂ ਦੇ ਪੂਰਵ ਅਨੁਭਵਾਂ ਨੂੰ ਉਨ੍ਹਾਂ ਦੇ ਅਸਲ ਜੀਵਨ ਨਾਲ ਜੋੜਦੇ ਹਨ।

• **ਪਾਠ ਪੁਸਤਕ ਤੋਂ ਬਾਹਰ ਦੇ ਸਰੋਤ:** ਸੰਗਠਿਤ ਸਮੱਗਰੀ ਵਿਦਿਆਰਥੀਆਂ ਦੇ ਅਸਲ ਜੀਵਨ ਅਨੁਭਵਾਂ ਨਾਲ ਸਬੰਧਿਤ ਹੁੰਦੀ ਹੈ। ਇਸ ਲਈ ਅਧਿਆਪਨ ਅਮੂਰਤ ਅਤੇ ਅਣਜਾਣ ਪੁਸਤਕਾਂ ਦੇ ਇਲਾਵਾ ਵੀ ਹੋ ਸਕਦਾ ਹੈ।

• **ਧਾਰਨਾਵਾਂ ਦੇ ਵਿਚਕਾਰ ਸਬੰਧ:** ਸਿੱਖਿਆਰਥੀ ਦੇ ਸਾਰਥਿਕ ਪੂਰਨ ਗਿਆਨ ਲਈ ਵਿਭਿੰਨ ਵਿਸ਼ਿਆਂ ਦੀਆਂ ਚੋਣਵੀਆਂ ਧਾਰਨਾਵਾਂ ਨੂੰ ਲੈ ਕੇ ਸੰਗਠਿਤ ਪਾਠ ਯੋਜਨਾ ਬਣਾਈ ਜਾਂਦੀ ਹੈ ਜੋ ਕਿ ਇੱਕ ਦੂਜੇ ਨਾਲ ਸਬੰਧਿਤ ਹੁੰਦੇ ਹਨ।

• **ਸੰਗਠਨ ਸਿਧਾਂਤ ਥੀਮ ਇਕਾਈ**: ਵਿਭਿੰਨ ਧਾਰਨਾਵਾਂ ਦੇ ਸੰਗਠਨ ਵਿੱਚ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਉਹ ਸਿਖਿਆਰਥੀਆਂ ਨਾਲ ਪਹਿਲਾਂ ਜਾਣੂ ਹੋਵੇ। ਜਿਵੇਂ ਪਾਣੀ, ਅੱਗ, ਵਾਤਾਵਰਣ, ਚੋਣਾਂ।


• **ਪ੍ਰਾਜੈਕਟ ਕਾਰਜ ’ਤੇ ਜ਼ੋਰ**: ਇੱਕ ਪ੍ਰਾਜੈਕਟ ਦਾ ਸਬੰਧ ਸਿਖਿਆਰਥੀ ਦੀਆਂ ਸਮਾਜਿਕ ਸਮੱਸਿਆਵਾਂ ਨਾਲ ਹੁੰਦਾ ਹੈ ਅਤੇ ਇਨ੍ਹਾਂ ਕੁਦਰਤੀ ਸਥਿਤੀਆਂ ਵਿੱਚ ਉਹ ਪੂਰਾ ਕੀਤਾ ਜਾਂਦਾ ਹੈ। ਪ੍ਰਾਜੈਕਟ ਕਾਰਜ ਨੂੰ ਪੂਰਾ ਕਰਨ ਲਈ ਸਿਖਿਆਰਥੀ ਪਹਿਲਾਂ ਸਮੂਹ ਵਿੱਚ ਕਾਰਜ ਕਰਦੇ ਹਨ। ਉਨ੍ਹਾਂ ਨੂੰ ਆਪਣੀਆਂ ਅਸਲ ਜੀਵਨ ਸਮੱਸਿਆਵਾਂ ਦੇ ਸਮਾਧਾਨ ਲਈ ਵਿਭਿੰਨ ਵਿਸ਼ਿਆਂ ਨਾਲ ਸਬੰਧਿਤ ਆਪਣੇ ਗਿਆਨ ਅਤੇ ਅਨੁਭਵਾਂ ਨੂੰ ਸ਼ਾਮਲ ਕਰਨਾ ਹੁੰਦਾ ਹੈ।

• **ਪ੍ਰੋਗਰਾਮ ਵਿੱਚ ਲਚਕੀਲਾਪਣ**: ਸੰਗਠਿਤ ਅਧਿਆਪਨ ਸਿਖਲਾਈ ਨੂੰ ਕਲਾਸ ਦੀ ਸਮਾਂ ਸਾਰਣੀ ਵਿੱਚ ਰੱਖੇ ਗਏ ਨਿਸ਼ਚਤ ਪੀਰੀਅਡ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਸੰਗਠਿਤ ਧਾਰਨਾਵਾਂ ਦੇ ਅਧਿਆਪਨ ਲਈ ਸਮਾਂ ਅਤੇ ਸਥਾਨ ਦੀ ਆਜ਼ਾਦੀ ਜ਼ਰੂਰੀ ਹੈ।

• **ਵਿਦਿਆਰਥੀ ਸਮੂਹਾਂ ਵਿੱਚ ਲਚਕੀਲਾਪਣਾ**: ਸੰਗਠਿਤ ਸਿਖਲਾਈ ਨੂੰ ਸਿਖਿਆਰਥੀਆਂ ਲਈ ਸਾਰਥਿਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਉਸ ਦੇ ਸਮੂਹ ਬਣਾਉਂਦੇ ਸਮੇਂ ਲਚਕੀਲਾਪਣ ਜ਼ਰੂਰੀ ਹੈ। ਵਿਸ਼ਾ ਲਿੰਗਕ, ਵਿਦਿਆਰਥੀਆਂ ਦੀ ਰੁਚੀ ਅਤੇ ਲੋੜਾਂ ਦੇ ਆਧਾਰ ’ਤੇ ਸਮੂਹ ਬਣਾਉਣਾ ਉਪਯੋਗੀ ਹੈ।

### 9.3 ਏਕੀਕਰਨ ਦੀ ਪ੍ਰਕਿਰਿਆ ਅਤੇ ਪ੍ਰਕਾਰ

ਚਿੱਤਰ 9.1 ਅਨੁਸਾਰ ਏਕੀਕਰਨ ਨੂੰ ਚਾਰ ਪ੍ਰਕਾਰ ਨਾਲ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।




#### 9.3.1 ਵਿਸ਼ਾ ਖੇਤਰ ਦੇ ਅੰਦਰ ਏਕੀਕਰਨ

ਇੱਕ ਵਿਸ਼ਾ ਖੇਤਰ ਦੇ ਅੰਦਰ ਏਕੀਕਰਨ ਜਾਂ ਅੰਤਰ ਵਿਸ਼ਾ ਏਕੀਕਰਨ ਦੀ ਪ੍ਰਕਿਰਿਆ ਵਿੱਚ ਅਧਿਆਪਨ ਦੇ ਦੌਰਾਨ ਇੱਕ ਹੀ ਵਿਸ਼ੇ ਦੇ ਗਿਆਨ ਅਤੇ ਕੁਸ਼ਲਾਂ ਨੂੰ ਇਕੱਠੇ ਜੋੜਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਇੱਕ ਹੀ ਵਿਸ਼ੇ ਦੇ ਵਿਭਿੰਨ ਪਾਠਾਂ ਦੀਆਂ ਵੱਖ ਵੱਖ ਧਾਰਨਾਵਾਂ ਨੂੰ ਕਲਾਸ ਅਧਿਆਪਨ ਦੌਰਾਨ ਨਾਲ ਜੋੜਨਾ ਹੈ।

ਉਦਾਹਰਨ ਲਈ–

–ਭਾਸ਼ਾ ਸਿਖਲਾਈ ਵਿੱਚ ‘ਕਹਾਣੀ ਸੁਣਾਉਣ’ ਰਾਹੀਂ ਅਸੀਂ ਪੜ੍ਹਨਾ, ਲਿਖਣਾ ਅਤੇ ਮੌਖਿਕ ਸੰਚਾਰ ਹੁਨਰਾਂ ਨੂੰ ਸ਼ਾਮਲ ਕਰ ਸਕਦੇ ਹਾਂ।


–ਦੂਜੀ ਕਲਾਸ ਵਾਤਾਵਰਣ ਅਧਿਐਨ ਦੇ ਵਿਭਿੰਨ ਪਾਠਾਂ ਜਿਵੇਂ ‘ਪਰਿਵਾਰ’, ‘ਆਂਢ ਗੁਆਂਢ’, ‘ਤਿਓਹਾਰ’, ‘ਕਿੱਤਾ’ ਆਦਿ ਨੂੰ ਇਕੱਠੇ ‘ਸਾਡੇ ਪਿੰਡ ਵਿੱਚ ਜੀਵਨ’ ਨਾਂ ਦੀ ਚਰਚਾ ਕਰਦੇ ਹੋਏ ਜੋੜਿਆ ਜਾ ਸਕਦਾ ਹੈ।

–ਗਣਿਤ ਵਿੱਚ ਪ੍ਰਤੀਸ਼ਤ, ਦਸ਼ਮਲਵ ਵੰਡ, ਵਿਆਜ ਦੀ ਗਣਨਾ ਆਦਿ ਧਾਰਨਾਵਾਂ ਨੂੰ ‘ਲਾਭ ਅਤੇ ਹਾਨੀ’ ਸਿੱਖਣ ਦੇ ਨਾਲ ਜੋੜਿਆ ਜਾ ਸਕਦਾ ਹੈ।

### 9.3.2 ਵਿਸ਼ਾ ਖੇਤਰ ਦੇ ਵਿਚਕਾਰ ਏਕੀਕਰਨ

ਅਧਿਆਪਨ ਸਿਖਲਾਈ ਪ੍ਰਕਿਰਿਆ ਦੌਰਾਨ ਦੋ ਜਾਂ ਦੋ ਤੋਂ ਜ਼ਿਆਦਾ ਵਿਸ਼ਾ ਖੇਤਰਾਂ ਦੇ ਗਿਆਨ ਅਤੇ ਕੁਸ਼ਲਾਂ ਦਾ ਏਕੀਕਰਨ ਦੋ ਪ੍ਰਕਾਰ ਨਾਲ ਹੋ ਸਕਦਾ ਹੈ। ਬਹੁਵਿਸ਼ਾ ਅਤੇ ਅੰਤਰਵਿਸ਼ਾ।

**ਬਹੁਵਿਸ਼ਾ ਏਕੀਕਰਨ**–ਇਸ ਪ੍ਰਕਾਰ ਦੇ ਏਕੀਰਨ ਵਿੱਚ ਵਿਸ਼ਾ ਖੇਤਰ ਦੇ ਨਤੀਜੇ ਸਪੱਸ਼ਟ ਰਹਿੰਦੇ ਹਨ, ਪਰ ਕੁਝ ਸਾਰਥਕ ਸਬੰਧਾਂ ਦੇ ਕਾਰਨ ਅਧਿਆਪਨ ਪ੍ਰਕਿਰਿਆ ਦੇ ਦੌਰਾਨ ਉਹ ਆਪਸ ਵਿੱਚ ਜੁੜੇ ਰਹਿੰਦੇ ਹਨ। ਚਿੱਤਰ 9.2 ਵਿੱਚ ਵਿਭਿੰਨ ਵਿਸ਼ਿਆਂ ਦੇ ਆਪਸੀ ਸਬੰਧਾਂ ਨੂੰ ਇੱਕ ਮੁੱਖ ਵਿਸ਼ਾ ਪਾਣੀ ਨਾਲ ਦਰਸਾਇਆ ਗਿਆ ਹੈ।




ਚਿੱਤਰ 9.2 ਬਹੁਵਿਸ਼ਾ ਏਕੀਕਰਨ ਦਾ ਉਦਾਹਰਨ

**ਅੰਤਰਵਿਸ਼ਾ ਏਕੀਕਰਨ**: ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਇੱਕੋ ਜਿਹੇ ਵਿਸ਼ਿਆਂ ਦੇ ਅੰਤਰ ਸਬੰਧਿਤ ਗਿਆਨ ਅਤੇ ਕੁਸ਼ਲਾਂ ਨੂੰ ਏਕੀਕ੍ਰਿਤ ਕਰਨਾ ਅੰਤਰਵਿਸ਼ਾ ਏਕੀਕਰਨ ਕਹਾਉਂਦਾ ਹੈ। ਉਦਾਹਰਨ ਲਈ ਵਿਗਿਆਨ ਅਤੇ ਗਣਿਤ ਦੀਆਂ ਧਾਰਨਾਵਾਂ ਸੰਗੀਤ, ਨ੍ਰਿਤ, ਚਿੱਤਰਕਾਰੀ ਅਤੇ ਪੇਂਟਿੰਗ ਆਦਿ ਨੂੰ ਏਕੀਕ੍ਰਿਤ ਕਰਕੇ ਪੜ੍ਹਾਇਆ ਜਾ ਸਕਦਾ ਹੈ।

### 9.3.3 **ਵਿਸ਼ਾ ਖੇਤਰਾਂ ਦੇ ਬਾਹਰ ਏਕੀਕਰਨ**

ਵਿਸ਼ਾ ਖੇਤਰਾਂ ਦੇ ਬਾਹਰ ਏਕੀਕਰਨ ਜਾਂ ਬਾਹਰੀਵਿਸ਼ਾ ਏਕੀਕਰਨ ਵਿੱਚ ਵਿਦਿਆਰਥੀਆਂ ਦੇ ਦਿਨ ਪ੍ਰਤੀਦਿਨ ਦੇ ਅਨੁਭਵਾਂ ਨੂੰ ਉਨ੍ਹਾਂ ਦੇ ਗਿਆਨ ਅਤੇ ਕੁਸ਼ਲਾਂ ਨੂੰ ਪ੍ਰਾਪਤ ਕਰਨ ਵਿੱਚ ਵਿਭਿੰਨ ਵਿਸ਼ਾ ਖੇਤਰਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਅੰਤਰ ਵਿਸ਼ਾ ਅਤੇ ਅੰਤਰ ਵਿਸ਼ਾ ਕੁਸ਼ਲਾਂ ਨੂੰ ਬਾਹਰੀ ਵਿਸ਼ਾ ਏਕੀਕਰਨ ਵਿੱਚ ਕੇਂਦਰਿਤ ਕੀਤਾ ਜਾਂਦਾ ਹੈ। ਉਦਾਹਰਨ ਲਈ ਪ੍ਰਾਜੈਕਟ ਆਧਾਰਿਤ ਸਿਖਲਾਈ ਅਤੇ ਅਧਿਆਪਨ। ਪ੍ਰਾਜੈਕਟ ਆਧਾਰਿਤ ਸਿਖਲਾਈ ਵਿੱਚ ਵਿਦਿਆਰਥੀ ਇੱਕ ਸਥਾਨਕ ਸਮੱਸਿਆ ਦਾ ਸਮਾਧਾਨ ਕਰਦੇ ਹਨ ਅਤੇ ਆਪਣੇ ਅਨੁਭਵ ਵਿਸਥਾਰ ਰਾਹੀਂ ਵਿਸ਼ੇ ਸਬੰਧੀ ਧਾਰਨਾਵਾਂ ਅਤੇ ਕੁਸ਼ਲਾਂ ਨੂੰ ਹਾਸਲ ਕਰਦੇ ਹਨ।

### 9.3.4 **ਏਕੀਕਰਨ ਦੇ ਤਿੰਨ ਦ੍ਰਿਸ਼ਟੀਕੋਣਾਂ ਦੀ ਤੁਲਨਾ**

ਨਿਮਨਲਿਖਤ ਸਾਰਣੀ 9.1 ਵਿੱਚ ਏਕੀਕਰਨ ਦੇ ਤਿੰਨ ਦ੍ਰਿਸ਼ਟੀਕੋਣਾਂ ਵਿੱਚ ਸਮਾਨਤਾ ਅਤੇ ਭਿੰਨਤਾ ਨੂੰ ਦਰਸਾਇਆ ਗਿਆ ਹੈ।

ਸਾਰਣੀ 9.1: ਏਕੀਕਰਨ ਦੇ ਤਿੰਨ ਦ੍ਰਿਸ਼ਟੀਕੋਣਾਂ ਦੀ ਤੁਲਨਾ

| | ਬਹੁਵਿਸ਼ਾ | ਅੰਤਰਵਿਸ਼ਾ | ਬਾਹਰੀਵਿਸ਼ਾ |
|---|---|---|---|
| ਸੰਗਠਿਤ ਕੇਂਦਰ | ਇੱਕ ਮੁੱਖ ਵਿਸ਼ੇ ਦੇ ਆਸ ਪਾਸ ਵਿਸ਼ਿਆਂ ਦੇ ਪੱਧਰ ਸੰਗਠਿਤ ਕੀਤੇ ਜਾਂਦੇ ਹਨ। | ਅੰਤਰ ਵਿਸ਼ਾ ਕੁਸ਼ਲਾਂ ਅਤੇ ਧਾਰਨਾਵਾਂ ਵਿਸ਼ਾ ਪੱਧਰਾਂ ਵਿੱਚ ਮੌਜੂਦ ਰਹਿੰਦੀਆਂ ਹਨ। | -ਅਸਲ ਜੀਵਨ<br>-ਵਿਦਿਆਰਥੀ ਪ੍ਰਸ਼ਨ |
| ਗਿਆਨ ਗ੍ਰਹਿਣ ਕਰਨਾ | -ਗਿਆਨ ਪ੍ਰਾਪਤੀ ਦਾ ਉੱਤਮ ਸਾਧਨ ਵਿਸ਼ਿਆਂ ਦੀ ਸੰਰਚਨਾ ਹੈ। -ਇੱਕ ਸਹੀ ਉੱਤਰ-ਇੱਕ ਸੱਚ | -ਆਮ ਧਾਰਨਾਵਾਂ ਅਤੇ ਕੁਸ਼ਲਾਂ ਰਾਹੀਂ ਵਿਸ਼ੇ ਜੁੜੇ ਰਹਿੰਦੇ ਹਨ।-ਸਮਾਜਿਕ ਰੂਪ ਨਾਲ ਗਿਆਨ ਦੀ ਸਿਰਜਣਾ-ਕਈ ਸ ਹੀ ਉੱਤਰ | -ਸੰਪੂਰਨ ਗਿਆਨ ਅੰਤਰ ਸਬੰਧਿਤ ਅਤੇ ਅੰਤਰ ਆਧਾਰਿਤ -ਕਈ ਸਹੀ ਉੱਤਰ -ਗਿਆਨ ਨੂੰ ਅਨਿਸ਼ਚਤ ਅਤੇ ਅਸਪੱਸ਼ਟ ਮੰਨਿਆ ਜਾਂਦਾ ਹੈ। |
| ਅਨੁਸ਼ਾਸਨ ਦੀ ਭੂਮਿਕਾ | -ਅਨੁਸ਼ਾਸਨ ਦੀਆਂ ਵਿਧੀਆਂ ਸਭ ਤੋਂ ਮਹੱਤਵਪੂਰਨ-ਵਿਸ਼ਿਆਂ ਵਿੱਚ ਸਪੱਸ਼ਟ ਧਾਰਨਾਵਾਂ ਅਤੇ ਕੁਸ਼ਲਾਂ ਦਾ ਅਧਿਆਪਨ | -ਅੰਤਰ ਵਿਸ਼ਾ ਕੁਸ਼ਲ ਅਤੇ ਧਾਰਨਾਵਾਂ 'ਤੇ ਜ਼ੋਰ | -ਅਸਲ ਜੀਵਨ ਸੰਦਰਭ 'ਤੇ ਜ਼ੋਰ -ਜੇਕਰ ਚਾਹੋ ਤਾਂ ਵਿਸ਼ਿਆਂ ਦੀ ਪਛਾਣ |
| ਅਧਿਆਪਕ ਦੀ ਭੂਮਿਕਾ | -ਸਹਾਇਕ-ਮਾਹਿਰ | -ਸਹਾਇਕ ਮਾਹਿਰ | -ਸਹਿ ਆਯੋਜਕ-ਸਹਿ ਸਿੱਖਿਆਰਥੀ |

| | | | |
|---|---|---|---|
| ਸ਼ੁਰੂਆਤੀ ਸਥਾਨ | –ਵਿਸ਼ਿਆਂ ਦੇ ਪੱਧਰ ਅਤੇ ਵਿਧੀਆਂ | –ਅੰਤਰਵਿਸ਼ਾ ਸਬੰਧ – ਜਾਣੋ/ਕਰੋ/ਬਣੋ | –ਵਿਦਿਆਰਥੀ ਪ੍ਰਸ਼ਨ–ਅਸਲ ਜੀਵਨ ਸੰਦਰਭ |
| ਏਕੀਕਰਨ ਦੇ ਅੰਸ਼ | ਮਾਧਿਅਮ | ਤੇਜ਼ | ਪ੍ਰਤੀਰੂਪ ਤਬਦੀਲੀ |
| ਮੁਲਾਂਕਣ | ਵਿਸ਼ਾ ਆਧਾਰਿਤ | ਅੰਤਰਵਿਸ਼ਾ ਕੁਸ਼ਲ/ਧਾਰਨਾਵਾਂ ’ਤੇ ਜ਼ੋਰ | ਅੰਤਰਵਿਸ਼ਾ ਕੁਸ਼ਲ/ ਧਾਰਨਾਵਾਂ ’ਤੇ ਜ਼ੋਰ |

(ਸਰੋਤ: ਡਰੈਕ ਅਤੇ ਬਰਨਸ (2004))

**ਈ 2: ਬਹੁ ਵਿਸ਼ਾ ਅਤੇ ਬਾਹਰਵਿਸ਼ਾ ਏਕੀਕਰਨ ਵਿੱਚ ਘੱਟ ਤੋਂ ਘੱਟ ਦੋ ਅੰਤਰ ਲਿਖੋ।**

## 9.4 ਏਕੀਕਰਨ ਸਿਖਲਾਈ ਲਈ ਯੋਜਨਾ ਬਣਾਉਣਾ

ਪਾਠ ਯੋਜਨਾ ਅਤੇ ਇਕਾਈ ਯੋਜਨਾ ਦੇ ਵਿਸ਼ੇ ਵਿੱਚ ਬਲਾਕ ਦੀ ਇਕਾਈ 8 ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਇਸ ਭਾਗ ਵਿੱਚ ਅਸੀਂ ਵਿਸ਼ੇ ਦੇ ਅੰਤਰ, ਵਿਸ਼ਿਆਂ ਦੇ ਵਿਚਕਾਰ ਅਤੇ ਵਿਸ਼ਿਆਂ ਦੇ ਬਾਹਰ ਏਕੀਕਰਨ ਦੀ ਯੋਜਨਾ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

### 9.4.1 ਵਿਸ਼ਾ ਖੇਤਰਾਂ ਦੇ ਅੰਦਰ ਏਕੀਕਰਨ

ਕਿਸੇ ਇੱਕ ਵਿਸ਼ੇਸ਼ ਪਾਠ ਨੂੰ ਕਲਾਸ ਵਿੱਚ ਪੜ੍ਹਾਉਂਦੇ ਹੋਏ ਤੁਸੀਂ ਕਦੇ ਉਸ ਪਾਠ ਨਾਲ ਸਬੰਧਿਤ ਵਿਭਿੰਨ ਧਾਰਨਾਵਾਂ ਨੂੰ ਜੋੜਨ ਜਾਂ ਏਕੀਕਰਨ ਕਰਨ ਦੇ ਸਬੰਧ ਵਿੱਚ ਸੋਚਿਆ ਹੈ ? ਆਮ ਤੌਰ ’ਤੇ ਅਸੀਂ ਇੱਕ ਵਿਸ਼ਾ ਖੇਤਰ ਦੇ ਅੰਦਰ ਏਕੀਕਰਨ ਦੀਆਂ ਸੰਭਾਵਨਾਵਾਂ ਦੇ ਬਾਰੇ ਵਿੱਚ ਨਹੀਂ ਸੋਚਦੇ ਅਤੇ ਅਸੀਂ ਪੂਰੀ ਤਰ੍ਹਾਂ ਪੁਸਤਕ ਵਿੱਚ ਦਿੱਤੀਆਂ ਗਈਆਂ ਧਾਰਨਾਵਾਂ ਦੇ ਕ੍ਰਮ ਵਿੱਚ ਹੀ ਪੜ੍ਹਾਉਂਦੇ ਹਾਂ। ਮੰਨ ਲਓ ਤੁਸੀਂ ਛੇਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿਗਿਆਨ ਵਿਸ਼ੇ ਵਿੱਚ ‘ਸਜੀਵ ਅਤੇ ਨਿਰਜੀਵ’ ਪਾਠ ਪੜ੍ਹਾ ਰਹੇ ਹੋ। ਇਸ ਪਾਠ ਨਾਲ ਬਹੁਤ ਸਾਰੀਆਂ ਧਾਰਨਾਵਾਂ ਜੁੜੀਆਂ ਹਨ ਜਿਵੇਂ ਪ੍ਰਜਣਨ, ਗਤੀ, ਭੋਜਨ ਪਾਚਣ ਆਦਿ ਦੇ ਆਧਾਰ ’ਤੇ ਸਜੀਵ ਅਤੇ ਨਿਰਜੀਵ ਵਿੱਚ ਅੰਤਰ ਅਤੇ ਹੋਰ ਧਾਰਨਾਵਾਂ ਉਦਾਹਰਨ ਸਵਰੂਪ ਵਿਭਿੰਨ ਪ੍ਰਕਾਰ ਦੇ ਸਜੀਵਾ ਵਿੱਚ ਵਾਤਾਵਰਣ ਸੰਤੁਲਨ, ਕੁਦਰਤੀ ਸਾਧਨਾਂ ਦੀ ਘਾਟ ਅਤੇ ਸੰਭਾਲ ਜੋ ਕਿ ਜਨਸੰਖਿਆ ਅਤੇ ਸਜੀਵਾਂ ਦੇ ਵਿਕਾਸ ਨਾਲ ਸਬੰਧਿਤ ਹੈ। ਜੇਕਰ ਤੁਸੀਂ ਦੇਖ ਸਕਦੇ ਹੋ ਕਿ ਇੱਕ ਪਾਠ ਦੇ ਸਿਖਲਾਈ ਉਦੇਸ਼ ਦਾ ਕੁਝ ਸਬੰਧ ਉਸੀ ਵਿਸ਼ੇ ਦੇ ਦੂਜੇ ਪਾਠ ਦੇ ਸਿਖਲਾਈ ਉਦੇਸ਼ਾਂ ਤੋਂ ਹੈ। ਜੇਕਰ ਅਜਿਹੀਆਂ ਧਾਰਨਾਵਾਂ ਦਾ ਸਮੂਹ ਬਣਾਉਣ ਲਈ ਅਤੇ ਚਰਚਾ ਕਰੀਏ ਤਾਂ ਸਿਖਿਆਰਥੀਆਂ ਦੀ ਪਾਠ ਸਬੰਧੀ ਸੰਪੂਰਨ ਅਤੇ ਸਾਰਥਿਕ ਸਿਖਲਾਈ ਹੋ ਸਕੇਗੀ। ਇੱਕ ਹੀ ਵਿਸ਼ੇ ਦੇ ਅੰਦਰ ਦੀਆਂ ਵਿਭਿੰਨ ਕੁਸ਼ਲਤਾਵਾਂ ਨੂੰ ਆਪਸ ਵਿੱਚ ਜੋੜਨਾ ਅਤੇ ਸਾਰਥਿਕ ਸਿਖਲਾਈ ਅਤੇ ਸਿੱਖਣ ਦੇ ਦੁਹਰਾਓ ਨੂੰ ਦੂਰ ਕਰਨ ਲਈ ਬਿਹਤਰ ਹੈ।

ਇੱਕ ਹੀ ਵਿਸ਼ੇ ਦੇ ਅੰਦਰ ਏਕੀਕਰਨ ਲਈ ਪਾਠ ਯੋਜਨਾ ਬਣਾਉਣ ਲਈ ਨਿਮਨ ਬਿੰਦੂ ਧਿਆਨ ਵਿੱਚ ਰੱਖੇ ਜਾ ਸਕਦੇ ਹਨ।

-ਹਰੇਕ ਵਿਸ਼ਾ ਖੇਤਰ ਵਿੱਚ ਸਿਖਲਾਈ ਦੀਆਂ ਵਿਸ਼ੇਸ਼ ਪ੍ਰਕਿਰਤੀਆਂ ਨੂੰ ਨਿਸ਼ਚਤ ਕਰੇ।

-ਵਿਸ਼ੇਸ਼ ਵਿਸ਼ਾ ਖੇਤਰ ਦੇ ਅੰਦਰ ਹਰੇਕ ਪਾਠ ਸਬੰਧੀ ਕੁਸ਼ਲਤਾਵਾਂ ਨੂੰ ਨਿਰਧਾਰਤ ਕਰੋ।

-ਜਿਸ ਪਾਠ ਨੂੰ ਪੜ੍ਹਾਉਣ ਦੀ ਯੋਜਨਾ ਬਣਾਉਣੀ ਹੈ ਉਸ ਨਾਲ ਸਬੰਧਿਤ ਗਿਆਨ ਅਤੇ ਕੁਸ਼ਲਾਂ ਦੀ ਪਛਾਣ ਕਰੋ।

-ਜਿੱਥੋਂ ਤੱਕ ਸੰਭਵ ਹੋਵੇ ਪਾਠ ਪੜ੍ਹਾਉਣ ਲਈ ਉਨ੍ਹਾਂ ਸਿਖਲਾਈ ਅਨੁਭਵਾਂ ਦੀ ਯੋਜਨਾ ਬਣਾਓ ਜਿਨ੍ਹਾਂ ਦਾ ਸਬੰਧ ਵਿਦਿਆਰਥੀਆਂ ਦੇ ਅਸਲ ਜੀਵਨ ਅਨੁਭਵਾਂ ਨਾਲ ਹੋਵੇ।

-ਉਦਾਹਰਨ ਲਈ 'ਵਾਤਾਵਰਣ ਅਧਿਐਨ' ਦੂਜੀ ਕਲਾਸ ਲਈ ਨਿਮਨ ਕਦਮ ਅਤੇ ਪ੍ਰਕਿਰਿਆ ਧਾਰਨਾਵਾਂ ਦੇ ਏਕੀਕਰਨ ਲਈ ਸਾਰਣੀ 9.2 ਵਿੱਚ ਦਰਸਾਈ ਗਈ ਹੈ। ਯੋਜਨਾ ਏਕੀਕਰਨ ਦ੍ਰਿਸ਼ਟੀਕੋਣ ਦਾ ਸਰਲ ਉਦਾਹਰਨ ਹੈ। ਏਕੀਕਰਨ ਦੇ ਉਦੇਸ਼ਾਂ ਨੂੰ ਬਣਾਏ ਰੱਖਦੇ ਹੋਏ ਤੁਸੀਂ ਆਪਣੀ ਯੋਜਨਾ ਲੋੜ ਦੇ ਆਧਾਰ 'ਤੇ ਬਣਾਓ ਤਾਂ ਕਿ ਇੱਛੁੱਕ ਕੁਸ਼ਲਤਾਵਾਂ ਦੀ ਪ੍ਰਾਪਤੀ ਹੋ ਸਕੇ।

ਸਾਰਣੀ 9.2 ਦੂਜੀ ਕਲਾਸ ਵਾਤਾਵਰਣ ਅਧਿਐਨ ਵਿੱਚ ਏਕੀਕਰਨ

| ਪਾਠ | ਕੁਸ਼ਲਤਾਵਾਂ | ਕੁਸ਼ਲਤਾਵਾਂ ਦੇ ਏਕੀਕਰਨ ਦੀ ਪ੍ਰਕਿਰਿਆ |
|---|---|---|
| 'ਪਿੰਡ ਦੇ ਤਿਓਹਾਰ' ( ਮੇਰਾ ਪਰਿਵਾਰ ਅਤੇ ਆਂਢ ਗੁਆਂਢ ਦਾ ਏਕੀਕਰਨ) | -ਪਰਿਵਾਰ ਦੇ ਵਿਭਿੰਨ ਮੈਂਬਰਾਂ ਦੇ ਕਾਰਜ<br>-ਪਰਿਵਾਰ ਦੀ ਮਦਦ ਲਈ ਵਿਦਿਆਰਥੀਆਂ ਦੀਆਂ ਗਤੀਵਿਧੀਆਂ<br>-ਆਂਢ ਗੁਆਂਢ ਦੇ ਮਹੱਤਵ ਦੀ ਪਛਾਣ<br>-ਵਿਭਿੰਨ ਸਮਾਜਿਕ ਸੰਸਥਾਵਾਂ ਦੀ ਪਛਾਣ | -ਪਿੰਡ ਦੇ ਤਿਓਹਾਰ ਵਿੱਚ ਤੁਸੀਂ ਕੀ ਦੇਖਦੇ ਹੋ ?<br>ਕਾਰਜ ਦਾ ਸੰਗਠਨ ਕੌਣ ਕਰਦਾ ਹੈ ?<br>ਪਰਿਵਾਰ ਅਦੇ ਮੈਂਬਰਾਂ ਦੇ ਨਾਂ ਦੱਸੋ ਅਤੇ ਦਿਨ ਭਰ ਵਿੱਚ ਉਹ ਕੀ ਕਰਦੇ ਹਨ ?<br>ਉਹ ਸਭ ਇੱਕ ਹੀ ਪ੍ਰਕਾਰ ਦਾ ਕੰਮ ਕਰਦੇ ਹਨ ਜਾਂ ਅਲੱਗ ਅਲੱਗ ? ਜੇਕਰ ਨਿਮਨ ਕਾਰਜ ਤਾਂ ਕੌਣ ਕਿਹੜਾ ਕਾਰਜ ਕਰਦਾ ਹੈ ?<br>ਤੁਸੀਂ ਘਰ 'ਤੇ ਕੀ ਕਰਦੇ ਹੋ ?<br>ਤੁਹਾਡੇ ਕਾਰਜ ਵਿੱਚ ਕੌਣ ਤੁਹਾਡੀ ਮਦਦ ਕਰਦਾ ਹੈ ? ਤੁਸੀਂ ਪਰਿਵਾਰ ਵਿੱਚ ਅਤੇ ਲੋਕਾਂ ਦੀ ਮਦਦ ਕਿਸ ਪ੍ਰਕਾਰ ਕਰਦੇ ਹੋ ?<br>ਆਪਣੇ ਪਰਿਵਾਰ ਦੇ ਬਾਹਰ ਤੋਂ ਮਿਲਣ ਵਾਲੀ ਮਦਦ ਦਾ ਵਰਣਨ ਕਰੋ।<br>ਉਨ੍ਹਾਂ ਵਿਅਕਤੀਆਂ, ਸਥਾਨਾਂ ਅਤੇ ਸੰਸਥਾਵਾਂ ਦੇ ਨਾਂ ਦੱਸੋ ਜਿੱਥੋਂ ਤੁਹਾਨੂੰ ਸਹਾਇਤਾ ਮਿਲਦੀ ਹੈ<br>-ਵਿਦਿਆਰਥੀਆਂ ਵੱਲੋਂ ਬਾਜ਼ਾਰ, ਹਸਪਤਾਲ, ਡਾਕਘਰ ਆਦਿ ਦੇਖੇ ਗਏ ਸਥਾਨਾਂ ਦੀ ਸਮੂਹ ਵਿੱਚ ਚਰਚਾ ਕਰੋ। |

**ਗਤੀਵਿਧੀ–1**

ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਗਣਿਤ ਵਿਸ਼ੇ ਵਿੱਚ 'ਲਾਭ ਅਤੇ ਹਾਨੀ' ਪਾਠ ਪੜ੍ਹਾਉਣ ਲਈ ਵਿਭਿੰਨ ਕੁਸ਼ਲਤਾਵਾਂ ਦੇ ਏਕੀਕਰਨ ਲਈ ਯੋਜਨਾ ਬਣਾਓ।

### 9.4.2 ਵਿਭਿੰਨ ਵਿਸ਼ਾ ਖੇਤਰਾਂ ਵਿੱਚ ਏਕੀਕਰਨ (ਬਹੁਵਿਸ਼ਾ ਏਕੀਕਰਨ)

ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਹਰੇਕ ਕਲਾਸ ਵਿੱਚ ਹਰ ਵਿਸ਼ਾ ਇੱਕ ਵਿਸ਼ੇਸ਼ ਅਤੇ ਅਲੱਗ ਵਿਧੀ ਰਾਹੀਂ ਪੜ੍ਹਾਇਆ ਜਾਂਦਾ ਹੈ ਜੋ ਉਸ ਵਿਸ਼ੇ ਦੀ ਪ੍ਰਕਿਰਤੀ ਦੇ ਅਨੁਰੂਪ ਹੋਵੇ। ਉਦਾਹਰਨ ਲਈ ਆਗਮਨ ਵਿਧੀ ਦਾ ਪ੍ਰਯੋਗ ਵਿਸ਼ੇਸ਼ ਰੂਪ ਨਾਲ ਗਣਿਤ ਅਧਿਆਪਨ ਵਿੱਚ ਕੀਤਾ ਜਾਂਦਾ ਹੈ, ਇਤਿਹਾਸ ਵਿੱਚ ਕਥਾ ਵਾਚਨ ਅਤੇ ਪ੍ਰਕਿਰਤੀ ਦਾ ਨਿਰੀਖਣ ਵਿਗਿਆਨ ਅਤੇ ਵਾਤਾਵਰਣ ਅਧਿਐਨ ਵਿੱਚ। ਕੀ ਤੁਸੀਂ ਸੋਚਦੇ ਹੋ ਕਿ ਐਲੀਮੈਂਟਰੀ ਪੱਧਰ 'ਤੇ ਵਾਚਣ ਵਿਧੀ ਦਾ ਪ੍ਰਯੋਗ ਗਣਿਤ ਅਧਿਆਪਨ ਨੂੰ ਜ਼ਿਆਦਾ ਦਿਲਚਸਪ ਬਣਾਉਣ ਲਈ ਕੀਤਾ ਜਾ ਸਕਦਾ ਹੈ?

ਵਿਭਿੰਨ ਵਿਧੀਆਂ ਨੂੰ ਲਚਕੀਲੇਪਣ ਨਾਲ ਪ੍ਰਯੋਗ ਕਰਨ ਨਾਲ ਤੁਹਾਨੂੰ ਪਾਠ ਦਿਲਚਸਪ ਬਣਾਉਣ ਵਿੱਚ ਮਦਦ ਨਹੀਂ ਮਿਲਦੀ, ਬਲਕਿ ਵਿਭਿੰਨ ਵਿਸ਼ਿਆਂ ਦੇ ਸਾਰਥਿਕ ਏਕੀਕਰਨ ਵਿੱਚ ਵੀ ਸਹਾਇਤਾ ਮਿਲਦੀ ਹੈ। ਵਿਭਿੰਨ ਵਿਸ਼ਿਆਂ ਵਿੱਚ ਉਨ੍ਹਾਂ ਦੀ ਕੁਸ਼ਲਤਾ ਅਤੇ ਸਿਖਲਾਈ ਪ੍ਰਤੀਫਲ ਦੇ ਆਧਾਰ 'ਤੇ ਕੁਝ ਸਬੰਧ ਹੁੰਦਾ ਹੈ। ਕਿਸੇ ਵਿਸ਼ੇਸ਼ ਕਲਾਸ ਲਈ ਵਿਭਿੰਨ ਵਿਸ਼ਿਆਂ ਦੇ ਪਾਠਾਂ ਨੂੰ ਜੋੜਨ ਦੀ ਲੋੜ ਹੈ ਤਾਂ ਕਿ ਸਿਖਲਾਈ ਪ੍ਰਭਾਵਸ਼ਾਲੀ ਹੋਵੇ ਅਤੇ ਵਿਸ਼ਾ ਵਸਤੂ ਦੀ ਪੁਨਰਵਿਰਤੀ ਨਾ ਹੋਵੇ। ਇੱਕ ਏਕੀਕਰਨ ਪਾਠ ਯੋਜਨਾ ਬਣਾਉਣ ਲਈ ਅਸੀਂ ਨਿਮਨ ਵਿਧੀਆਂ 'ਤੇ ਚਰਚਾ ਕਰ ਸਕਦੇ ਹਾਂ:

- ਵਿਸ਼ਾ ਵਿਸ਼ੇਸ਼ ਦੇ ਸਿਖਲਾਈ ਪ੍ਰਤੀਫਲਾਂ ਨੂੰ ਧਿਆਨ ਵਿੱਚ ਰੱਖ ਕੇ ਇੱਕ ਤੋਂ ਜ਼ਿਆਦਾ ਵਿਸ਼ਿਆਂ ਦੇ ਪਾਠਾਂ, ਵਿਸ਼ਾ, ਮੁੱਦੇ, ਮੁੱਖ ਵਿਚਾਰ ਅਤੇ ਸਿਖਲਾਈ ਪ੍ਰਤੀਫਲਾਂ ਨੂੰ ਇਕੱਠੇ ਜੋੜੋ।

- ਗਿਆਨ ਅਤੇ ਕੁਸ਼ਲਾਂ ਨੂੰ ਇੱਕ ਵਿਸ਼ੇਸ਼ ਖੇਤਰਾਂ ਰਾਹੀਂ ਸਿੱਖਿਆ ਜਾਂਦਾ ਹੈ, ਪਰ ਇਹ ਵਿਭਿੰਨ ਪਾਠਾਂ ਦੇ ਮੱਧ, ਵਿਸ਼ਾ, ਮੁੱਦੇ ਅਤੇ ਮੁੱਖ ਵਿਚਾਰਾਂ ਨਾਲ ਵੀ ਸਬੰਧ ਰੱਖਦੇ ਹਨ।

- ਹਰੇਕ ਵਿਸ਼ਾ ਖੇਤਰ ਵਿੱਚ ਸਿਖਲਾਈ ਦੀ ਪ੍ਰਭਾਵੀ ਵਿਧੀ ਅਤੇ ਵਿਭਿੰਨ ਪ੍ਰਕਿਰਤੀ ਨੂੰ ਸੁਨਿਸ਼ਚਤ ਕਰੋ।

- ਸਿਖਲਾਈ ਅਤੇ ਅਧਿਆਪਨ ਨੂੰ ਏਕੀਕਰਨ ਕਰਦੇ ਹੋਏ ਵਿਭਿੰਨ ਵਿਸ਼ਾ ਖੇਤਰਾਂ ਦੀਆਂ ਧਾਰਨਾਵਾਂ ਨੂੰ ਸ਼ਾਮਲ ਕਰਨ ਦੀਆਂ ਸੰਭਾਵਨਾਵਾਂ ਦੀ ਜਾਂਚ ਕਰੋ।

- ਵਿਦਿਆਰਥੀਆਂ ਨੂੰ ਵਿਭਿੰਨ ਵਿਸ਼ਾ ਖੇਤਰਾਂ ਦੇ ਵਿਚਕਾਰ ਸਬੰਧਾਂ ਨੂੰ ਸਮਝਣ ਲਈ ਮਾਰਗਦਰਸ਼ਨ ਦਿਓ।

ਉਦਾਹਰਨ ਲਈ ਸਾਰਣੀ 9.3 ਵਿੱਚ ਦੂਜੀ ਕਲਾਸ ਲਈ ਭਾਸ਼ਾ, ਵਾਤਾਵਰਣ ਅਧਿਐਨ ਅਤੇ ਗਣਿਤ ਵਿਸ਼ਿਆਂ ਦੇ ਏਕੀਕਰਨ ਦੀ ਯੋਜਨਾ ਦਾ ਅਵਲੋਕਨ ਕਰੋ।

ਸਾਰਣੀ 9.3 ਭਾਸ਼ਾ, ਵਾਤਾਵਰਣ, ਅਧਿਐਨ ਅਤੇ ਗਣਿਤ ਦੀਆਂ ਧਾਰਨਾਵਾਂ ਦਾ ਏਕੀਕਰਨ (ਕਲਾਸ ਦੂਜੀ)

| ਪਾਠ | ਕੁਸ਼ਲਤਾ | ਵਿਭਿੰਨ ਵਿਸ਼ਿਆਂ ਦੇ ਏਕੀਕਰਨ ਦੀ ਪ੍ਰਕਿਰਿਆ |
|---|---|---|
| ਅਰੁਣੀ ਦੀ ਕਹਾਣੀ | ਭਾਸ਼ਾ:<br>• -ਕਹਾਣੀ ਨੂੰ ਸ਼ੁੱਧ ਉਚਾਰਣ ਨਾਲ ਪੜ੍ਹਨਾ<br>• -ਉੱਤਰ ਪ੍ਰਾਪਤੀ ਲਈ ਪ੍ਰਸ਼ਨ ਬਣਾਉਣਾ<br>• -ਚਿੱਤਰ ਨੂੰ ਦੇਖ ਕੇ ਕਹਾਣੀ ਦਾ ਵਰਣਨ ਕਰੋ<br>ਵਾਤਾਵਰਣ ਅਧਿਐਨ:<br>• -ਵਿਭਿੰਨ ਮੌਸਮ ਵਿਸ਼ੇਸ਼ ਕਰਕੇ ਮੀਂਹ ਦੇ ਮੌਸਮ ਦਾ ਵਰਣਨ ਕਰਨਾ<br>• -ਮੀਂਹ ਦੇ ਮੌਸਮ ਵਿੱਚ ਉਗਾਈਆਂ ਜਾਣੀਆਂ ਫਸਲਾਂ ਦੇ ਨਾਂ ਦੱਸਣੇ।<br>• -ਫਸਲ ਉਗਾਉਣ ਵਿੱਚ ਉਪਯੋਗ ਹੋਣ ਵਾਲੇ ਉਪਕਰਨਾਂ ਦੇ ਨਾਂ ਦੱਸਣਾ।<br>• -ਭੂਮੀਗਤ ਅਤੇ ਮੀਂਹ ਜਲ ਵਿੱਚ ਅੰਤਰ ਕਰਨਾ।<br>• -ਮੀਂਹ ਦੇ ਮੌਸਮ ਵਿੱਚ ਹੋਣ ਵਾਲੀਆਂ ਬਿਮਾਰੀਆਂ ਅਤੇ ਜਲ ਪ੍ਰਦੂਸ਼ਣ ਦੇ ਕਾਰਨਾਂ ਨੂੰ ਦੱਸਣਾ।<br>• ਗਣਿਤ<br>• ਫਸਲ ਦੇ ਖੇਤਾਂ ਵਿੱਚ ਜਿਓਮੈਟਰੀਕਲ ਆਕਾਰ<br>• -ਜਲ ਦੇ ਮਾਪਕ<br>• (ਗੈਰ ਮਿਆਰੀ ਮਾਪਕ-ਇਕਾਈ) -ਡੱਬਾ<br>• -ਵਸਤੂਆਂ ਰਾਹੀਂ ਘਟਾਓ ਕਰਨਾ | • -ਵਿਦਿਆਰਥੀਆਂ ਨੂੰ ਗੋਲ ਘੇਰੇ ਵਿੱਚ ਬਿਠਾਓ, ਢੁਕਵੀਂ ਕਹਾਣੀ ਦੀ ਵਿਧੀ ਰਾਹੀਂ ਉਨ੍ਹਾਂ ਨੂੰ ਕਹਾਣੀ ਸੁਣਾਓ।<br>• -ਵਿਦਿਆਰਥੀਆਂ ਦੇ ਛੋਟੇ ਛੋਟੇ ਸਮੂਹ ਬਣਾ ਕੇ ਉਨ੍ਹਾਂ ਨੂੰ ਪ੍ਰਸ਼ਨ ਤਿਆਰ ਕਰਨ, ਇੱਕ ਦੂਜੇ ਸਮੂਹ ਦੇ ਵਿਚਕਾਰ ਅੰਤਰਕਿਰਿਆ ਕਰਨ ਅਤੇ ਪ੍ਰਸ਼ਨਾਂ ਵਿੱਚ ਸੁਧਾਰ ਕਰਨ ਦਾ ਨਿਰਦੇਸ਼ ਦਿਓ।<br>• -ਚਿੱਤਰਾਂ ਨੂੰ ਕ੍ਰਮ ਨਾਲ ਲਾ ਕੇ ਕਹਾਣੀ ਬੋਲਣ ਲਈ ਕਹੋ।(ਸਥਿਤੀ ਮੁਤਾਬਿਕ ਚਿੱਤਰਾਂ ਨੂੰ ਪ੍ਰਦਾਨ ਕਰੋ)<br>• -ਵਿਦਿਆਰਥੀਆਂ ਨੂੰ ਮੀਂਹ ਦੇ ਮੌਸਮ ਵਿੱਚ ਉਨ੍ਹਾਂ ਦੀਆਂ ਭਾਵਨਾਵਾਂ ਦਾ ਵਰਣਨ ਕਰਨ ਨੂੰ ਕਹੋ।<br>• ਵਿਦਿਆਰਥੀਆਂ ਨੂੰ:<br>• -ਇਸ ਮੌਸਮ ਵਿੱਚ ਉਗਾਈਆਂ ਜਾਣ ਵਾਲੀਆਂ ਫਸਲਾਂ ਦਾ ਵਰਣਨ ਕਰਨ ਲਈ ਕਹੋ।<br>• -ਫਸਲ ਉਗਾਉਣ ਵਿੱਚ ਪ੍ਰਯੋਗ ਹੋਣ ਵਾਲੇ ਯੰਤਰਾਂ (ਪਰੰਪਰਿਕ ਅਤੇ ਆਧੁਨਿਕ) ਦੀ ਸੂਚੀ ਬਣਾਓ!<br>• -ਭੂਮੀਗਤ ਅਤੇ ਮੀਂਹ ਦੇ ਜਲ ਦੀ ਗੁਣਵੱਤਾ ਵਿੱਚ ਅੰਤਰ ਦੱਸੋ।<br>• -ਮੀਂਹ ਦੇ ਜਲ ਦਾ ਪ੍ਰਦੂਸ਼ਣ ਅਤੇ ਆਮ ਬਿਮਾਰੀਆਂ ਦਾ ਵਰਣਨ ਕਰੋ।<br>• ਬੱਚਿਆਂ ਨੂੰ ਮੁੜ ਕਹੋ:<br>• -ਫਸਲ ਦੇ ਖੇਤਾਂ ਨਾਲ ਸਬੰਧਿਤ ਇੱਕ ਜਿਓਮੈਟਰੀਕਲ ਆਕ੍ਰਿਤੀ ਦਾ ਵਰਣਨ ਕਰੋ।<br>• -ਜਲ ਦੇ ਵਿਭਿੰਨ ਮਾਪਕਾਂ (ਮਾਨਕ ਅਤੇ ਗੈਰ ਮਿਆਰੀ ਮਾਪਕ) ਦੀ ਚਰਚਾ ਕਰੋ।<br>-ਵਿਭਿੰਨ ਆਕਾਰ ਦੇ ਫਸਲ ਖੇਤਾਂ ਦਾ ਨਕਸ਼ਾ ਬਣਾਓ।<br>-ਆਪਣੇ ਮੁਹੱਲੇ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਵਿਭਿੰਨ ਪ੍ਰਕਾਰ ਦੇ ਗੈਰ ਮਿਆਰੀ ਮਾਪਕਾਂ ਦੀ ਸੂਚੀ ਬਣਾਓ। |

ਇਛੁੱਕ ਕੁਸ਼ਲਤਾਵਾਂ ਨੂੰ ਧਿਆਨ ਵਿੱਚ ਰੱਖ ਕੇ ਜੇਕਰ ਗਤੀਵਿਧੀ ਆਧਾਰਿਤ ਸਿਖਲਾਈ ਜਿਸ ਦੀ ਚਰਚਾ ਇਕਾਈ-4 ਬਲਾਕ-1 ਵਿੱਚ ਕੀਤੀ ਗਈ ਹੈ, ਦਾ ਪ੍ਰਯੋਗ ਕਲਾਸਰੂਮ ਅਧਿਆਪਨ ਵਿੱਚ ਕੀਤਾ ਜਾਵੇ ਤਾਂ ਏਕੀਕਰਨ ਯੋਜਨਾ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦੀ ਹੈ।

9.4.3 **ਅੰਤਰਵਿਸ਼ਾ ਏਕੀਕਰਨ ( ਵਿਭਿੰਨ ਵਿਸ਼ਾ ਖੇਤਰਾਂ ਦੇ ਵਿਚਕਾਰ ਏਕੀਕਰਨ)**

ਅੰਤਰਵਿਸ਼ਾ ਏਕੀਕਰਨ ਅਤੇ ਬਹੁਵਿਸ਼ਾ ਏਕੀਕਰਨ ਲਗਪਗ ਬਰਾਬਰ ਹਨ। ਬਹੁਵਿਸ਼ਾ ਏਕੀਕਰਨ ਵਿੱਚ ਵਿਭਿੰਨ ਵਿਸ਼ਿਆਂ ਦੇ ਵਿਚਕਾਰ ਸਬੰਧਾਂ ਨੂੰ ਲੱਭਿਆ ਜਾਂਦਾ ਹੈ ਅਤੇ ਉਸ ਨੂੰ ਏਕੀਕਰਨ ਯੋਜਨਾ ਵਿੱਚ ਜੋੜਿਆ ਜਾਂਦਾ ਹੈ। ਪਰ ਵਿਭਿੰਨ ਵਿਸ਼ਿਆਂ ਵਿੱਚ ਮੌਜੂਦ ਆਮ ਗਿਆਨ ਅਤੇ ਕੁਸ਼ਲਾਂ ਨੂੰ ਲੱਭ ਕੇ ਏਕੀਕਰਨ ਯੋਜਨਾ ਅਤੇ ਅਧਿਆਪਨ ਲਈ ਪ੍ਰਯੋਗ ਕੀਤਾ ਜਾਂਦਾ ਹੈ। ਅੰਤਰਵਿਸ਼ਾ ਏਕੀਕਰਨ ਯੋਜਨਾ ਲਈ ਨਿਮਨਲਿਖਤ ਕਦਮ ਉਠਾਏ ਜਾ ਸਕਦੇ ਹਨ।

• ਪਾਠ, ਵਿਸ਼ਾ, ਮੁੱਦੇ ਜਾਂ ਮੁੱਖ ਵਿਚਾਰ ਅਤੇ ਸਿਖਲਾਈ ਪ੍ਰਤੀਫਲਾਂ ਨੂੰ ਇੱਕ ਤੋਂ ਜ਼ਿਆਦਾ ਵਿਸ਼ਾ ਖੇਤਰਾਂ ਵਿੱਚ ਲੱਭਦਾ ਹੈ।


• ਆਮ ਸਿਖਲਾਈ ਪ੍ਰਤੀਫਲਾਂ ਦੀ ਪਛਾਣ ਕਰਨੀ।

• ਤਤਕਾਲੀ ਪਾਠਾਂ ਦੇ ਬਾਹਰ ਤੱਕ ਦੇ ਗਿਆਨ ਅਤੇ ਕੁਸ਼ਲਾਂ ਨੂੰ ਸਿੱਖਣਾ।

• ਸਿਖਲਾਈ ਦੇ ਏਕੀਕਰਨ ਦ੍ਰਿਸ਼ਟੀਕੋਣ ਰਾਹੀਂ ਵਿਦਿਆਰਥੀਆਂ ਦਾ ਪਾਠ ਗਿਆਨ ਅਤੇ ਕੁਸ਼ਲ ਹਾਸਲ ਕਰਨ ਲਈ ਮਾਰਗ ਦਰਸ਼ਨ ਕਰਨਾ।

ਅੰਤਰਵਿਸ਼ਾ ਏਕੀਕਰਨ ਦੀ ਪ੍ਰਕਿਰਿਆ ਵਿੱਚ ਇੱਕ ਕੋਰ/ਵਿਸ਼ੇਸ਼ ਕੁਸ਼ਲਤਾ ਨੂੰ ਮਜ਼ਬੂਤ ਕਰਨ ਲਈ ਵਿਭਿੰਨ ਵਿਸ਼ਾ ਖੇਤਰਾਂ ਨੂੰ ਜੋੜਿਆ ਜਾਂਦਾ ਹੈ। ਇਸ ਪ੍ਰਕਾਰ ਦੇ ਏਕੀਕਰਨ ਵਿੱਚ ਸਿਖਲਾਈ ਪ੍ਰਤੀਫਲ ਕੁਸ਼ਲ/ਕੁਲਸ਼ਤਾਵਾਂ ਇੱਕ ਕੇਂਦਰ/ਕੋਰ ਬਣਾਉਂਦੀ ਹੈ ਜਿਸ ਦੇ ਚਾਰੋਂ ਤਰਫ਼ ਵਿਭਿੰਨ ਵਿਸ਼ਿਆਂ ਦੀਆਂ ਢੁਕਵੀਆਂ ਧਾਰਨਾਵਾਂ ਪ੍ਰਾਕਿਰਤਕ ਰੂਪ ਨਾਲ ਇਸ ਨੂੰ ਮਜ਼ਬੂਤ ਕਰਨ ਲਈ ਸੰਯੋਜਿਤ ਕੀਤੀਆਂ ਜਾਂਦੀਆਂ ਹਨ ਅਤੇ ਜਿੱਥੋਂ ਤੱਕ ਸੰਭਵ ਹੋਵੇ ਇਸ ਕਿਰਿਆ ਵਿੱਚ ਵਿਦਿਆਰਥੀਆਂ ਦੇ ਅਸਲ ਜੀਵਨ ਅਨੁਭਵਾਂ ਨੂੰ ਜੋੜਿਆ ਜਾਂਦਾ ਹੈ।

ਚਿੱਤਰ 9.3 ਵਿੱਚ ਅੰਤਰਵਿਸ਼ਾ ਏਕੀਕਰਨ ਨੂੰ ਦਰਸਾਇਆ ਗਿਆ ਹੈ।



ਚਿੱਤਰ 9.3 ਵਿੱਚ ਅੰਤਰਵਿਸ਼ਾ ਏਕੀਕਰਨ ਨੂੰ ਦਰਸਾਇਆ ਗਿਆ ਹੈ।

ਨੋਟ ਕਰੋ ਕਿ ਅੰਤਰਵਿਸ਼ਾ ਅਤੇ ਬਹੁਵਿਸ਼ਾ ਏਕੀਕਰਨ ਦੀ ਯੋਜਨਾ ਪ੍ਰਕਿਰਿਆ ਬਰਾਬਰ ਹੈ।

### 9.4.4 ਬਾਹਰੀਵਿਸ਼ਾ ਏਕੀਕਰਨ (ਵਿਸ਼ਾ ਖੇਤਰਾਂ ਤੋਂ ਬਾਹਰ)

ਸਕੂਲ ਅਤੇ ਕਲਾਸ ਵਿੱਚ ਲਗਪਗ ਸਾਰੇ ਸਿਖਲਾਈ ਅਨੁਭਵ ਪਾਠ ਵਿਸ਼ਿਆਂ ਅਤੇ ਪੁਸਤਕਾਂ 'ਤੇ ਆਧਾਰਿਤ ਹੁੰਦੇ ਹਨ। ਪਰ ਅਸੀਂ ਜਾਣਦੇ ਹਾਂ ਕਿ ਸਕੂਲ ਅਤੇ ਸਕੂਲ ਦੇ ਬਾਹਰ ਸਿਖਲਾਈ ਦੇ ਅਸੀਮਿਤ ਖੇਤਰ ਉਪਲੱਬਧ ਹਨ, ਨਾ ਕੇਵਲ ਨਿਰਧਾਰਤ ਪਾਠ ਪ੍ਰਤੀਫਲਾਂ ਲਈ, ਬਲਕਿ ਇਨ੍ਹਾਂ ਤੋਂ ਕਿਧਰੇ ਜ਼ਿਆਦਾ। ਜੇਕਰ ਅਸੀਂ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਅਨੁਭਵਾਂ ਦੇ ਪ੍ਰਤੀ ਜਾਗਰੂਕ ਕਰ ਸਕੀਏ ਤਾਂ ਉਨ੍ਹਾਂ ਦੀ ਸਿਖਲਾਈ ਮਜ਼ਬੂਤ ਬਣ ਸਕਦੀ ਹੈ। ਸਕੂਲ ਸਿੱਖਿਆ ਦੇ ਵਿਭਿੰਨ ਪੱਧਰਾਂ 'ਤੇ ਵਿਦਿਆਰਥੀਆਂ ਦੀ ਸਿਲਖਾਈ ਲਈ ਸਮੁੱਚੀ ਯੋਜਨਾ ਬਣਾਉਣ ਵਿੱਚ ਉਨ੍ਹਾਂ ਅਨੁਭਵਾਂ ਨੂੰ ਏਕੀਕਰਨ ਕਰਨ ਲਈ ਅਣਗਿਣਤ ਤਰੀਕੇ ਹਨ। ਤੁਸੀਂ ਇਹ ਕਿਸ ਪ੍ਰਕਾਰ ਨਾਲ ਕਰ ਸਕਦੇ ਹੋ ? ਇਸ ਲਈ ਕੁਝ ਸੁਝਾਅ ਦਿੱਤੇ ਜਾ ਰਹੇ ਹਨ:

• ਆਪਣੇ ਕੋਲ ਹਰੇਕ ਕਲਾਸ ਦੇ ਹਰੇਕ ਵਿਸ਼ੇ ਸਬੰਧੀ ਕੁਸ਼ਲਤਾਵਾਂ/ਸਿਖਲਾਈ ਪ੍ਰਤੀਫਲਾਂ ਦੀ ਸੂਚੀ, ਜੋ ਆਮ ਤੌਰ 'ਤੇ ਪਾਠ ਪੁਸਤਕਾਂ ਵਿੱਚ ਉਪਲੱਬਧ ਹੁੰਦੀ ਹੈ, ਤਿਆਰ ਰੱਖੋ।

• ਨਿਯਮਤ ਅੰਤਰ ਨਾਲ ਪਾਠ ਸਬੰਧੀ ਗਤੀਵਿਧੀਆਂ ਦੀ ਯੋਜਨਾ ਬਣਾਓ। ਸਥਾਨਕ ਤਿਓਹਾਰਾਂ ਵਿੱਚ ਸਹਿਭਾਗਤਾ, ਮਹੱਤਵਪੂਰਨ ਸਮਾਜਿਕ ਅਤੇ ਸੰਸਕ੍ਰਿਤਕ ਪ੍ਰੋਗਰਾਮਾਂ ਦਾ ਪ੍ਰੇਖਣ, ਸਥਾਨਕ ਬਾਜ਼ਾਰ ਅਤੇ ਹੋਰ ਮਹੱਤਵਪੂਰਨ ਸਥਾਨਾਂ/ਸੰਸਥਾਵਾਂ ਦੀ ਯਾਤਰਾ, ਸਕੂਲ ਵਿੱਚ ਵਿਭਿੰਨ ਸੰਸਕ੍ਰਿਤਕ ਗਤੀਵਿਧੀਆਂ ਦਾ ਸੰਚਾਲਨ ਖੇਡ ਕੁੱਦ ਅਤੇ ਹੋਰ ਮਨੋਰੰਜਕ ਆਯੋਜਨਾਂ ਵਿੱਚ ਸ਼ਾਮਲ ਹੋਣਾ ਆਦਿ ਇਨ੍ਹਾਂ ਵਿੱਚ ਸ਼ਾਮਲ ਹੈ।

• ਵਿਦਿਆਰਥੀਆਂ ਵੱਲੋਂ ਇਨ੍ਹਾਂ ਪ੍ਰੋਗਰਾਮਾਂ ਵਿੱਚ ਭਾਗ ਲੈਣ ਤੋਂ ਪਹਿਲਾਂ, ਇਨ੍ਹਾਂ ਪ੍ਰੋਗਰਾਮਾਂ ਤੋਂ ਹਾਸਲ ਹੋਣ ਵਾਲੀ ਕੁਸ਼ਲਤਾ/ਹੁਨਰ/ਸਿਖਲਾਈ ਪ੍ਰਤੀਫਲਾਂ ਦੀ ਸੂਚੀ ਬਣਾਓ। ਇਹ ਸੂਚੀ ਇੱਕ ਤੋਂ ਜ਼ਿਆਦਾ ਵਿਸ਼ਿਆਂ ਦੀ ਸਿਖਲਾਈ ਪ੍ਰਤੀਫਲ ਭਰਪੂਰ ਹੋਵੇ ਅਤੇ ਵਿਦਿਆਰਥੀਆਂ ਦੀ ਸਹਿਮਤੀ ਨਾਲ ਇਸ ਨੂੰ ਅੰਤਿਮ ਰੂਪ ਦਿੱਤਾ ਜਾਣਾ ਚਾਹੀਦਾ ਹੈ। ਇਨ੍ਹਾਂ ਵਿਸ਼ਿਆਂ ਦੀ ਤੁਲਨਾ ਵਿੱਚ ਕੁਸ਼ਲਤਾਵਾਂ/ਕੁਸ਼ਲ ਜ਼ਿਆਦਾ ਮਹੱਤਵਪੂਰਨ ਹੈ।

• ਜਦੋਂ ਵਿਦਿਆਰਥੀ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਕੇ ਵਾਪਸ ਆ ਜਾਣ ਜੋ ਉਨ੍ਹਾਂ ਰਾਹੀਂ ਪ੍ਰਾਪਤ ਨਵੇਂ ਗਿਆਨ ਅਤੇ ਕੁਸ਼ਲਾਂ, ਪੂਰਵ ਨਿਯੋਜਤ ਪ੍ਰਤੀਫਲਾਂ ਦੇ ਇਲਾਵਾ 'ਤੇ ਚਰਚਾ ਕਰੋ। ਤੁਸੀਂ ਦੇਖੋਗੇ ਕਿ ਜ਼ਿਆਦਾਤਰ ਮੌਕਿਆਂ 'ਤੇ ਵਿਦਿਆਰਥੀ ਨਿਯੋਜਿਤ ਪ੍ਰਤੀਫਲਾਂ ਤੋਂ ਕਿਧਰੇ ਜ਼ਿਆਦਾ ਹਾਸਲ ਕਰਦੇ ਹਨ।

• ਚਰਚਾ ਕਰਨ ਤੋਂ ਬਾਅਦ ਵਿਦਿਆਰਥੀਆਂ ਨਾਲ ਉਨ੍ਹਾਂ ਵੱਲੋਂ ਪ੍ਰਾਪਤ ਅਨੁਭਵਾਂ ਦੀ ਸੰਖੇਪ ਰਿਪੋਰਟ ਲਿਖਣ ਨੂੰ ਕਹੋ। ਇਸ ਨਾਲ ਉਨ੍ਹਾਂ ਦੀ ਰਚਨਾਤਮਕ ਯੋਗਤਾ ਦਾ ਵਿਕਾਸ ਹੋਏਗਾ। ਨਾਲ ਹੀ ਉਨ੍ਹਾਂ ਨੂੰ ਆਪਣੀਆਂ ਉਪਲੱਬਧੀਆਂ ਨੂੰ ਪ੍ਰਤੀਬਿੰਬਤ ਕਰਨ ਅਤੇ ਭਵਿੱਖ ਲਈ ਬਣਾਏ ਰੱਖਣ ਵਿੱਚ ਮਦਦ ਮਿਲੇਗੀ।

ਸੰਖੇਪ ਵਿੱਚ ਬਾਹਰੀ ਵਿਸ਼ਾ ਏਕੀਕਰਨ ਸਹਾਇਕ ਹੈ:

(1) ਪਾਠ ਸਿਖਲਾਈ ਪ੍ਰਤੀਫਲਾਂ ਦੇ ਪੁਨਰਬਲ ਦੌਰਾਨ ਸਿਖਲਾਈ ਨੂੰ ਜ਼ਿਆਦਾ ਅਰਥ ਪੂ ਰਣ ਬਣਾਉਣ ਵਿੱਚ।

(2) ਨਿਯੋਜਿਤ ਕੁਸ਼ਲਤਾਵਾਂ/ਕੁਸ਼ਲਾਂ ਦੀ ਤੁਲਨਾ ਵਿੱਚ ਜ਼ਿਆਦਾ ਮਾਤਰਾ ਵਿੱਚ ਇਨ੍ਹਾਂ ਦੀ ਪ੍ਰਾਪਤੀ ਵਿੱਚ।

(3) ਸਿਖਲਾਈ ਨੂੰ ਜ਼ਿਆਦਾ ਪ੍ਰਸੰਗਿਕ ਅਤੇ ਅਸਲੀ ਜੀਵਨ ਨਾਲ ਸਬੰਧਿਤ ਬਣਾਉਣ ਵਿੱਚ।

(4) ਇਹ ਸਮਝਣ ਵਿੱਚ ਕਿ ਹਰੇਕ ਸਥਿਤੀ ਸਕੂਲ ਦੇ ਅੰਦਰ ਜਾਂ ਬਾਹਰ ਸਿਖਲਾਈ ਦਾ ਇੱਕ ਸਰੋਤ ਹੈ।

(5) ਸਿਖਲਾਈ ਇੱਕ ਨਿਰੰਤਰ ਪ੍ਰਕਿਰਿਆ ਹੈ ਜੋ ਸਕੂਲ ਅਤੇ ਪਾਠਕ੍ਰਮ ਤੱਕ ਸੀਮਿਤ ਨਹੀਂ ਹੈ। ਇਸ ਵਿਸ਼ਵਾਸ ਨੂੰ ਮਜ਼ਬੂਤ ਕਰਨ ਵਿੱਚ।

ਬਾਹਰੀ ਵਿਸ਼ਾ ਏਕੀਕਰਨ ਰਾਸ਼ਟਰੀ ਪਾਠਕ੍ਰਮ ਰੂਪਰੇਖਾ, 2005 ਨੂੰ ਯਥਾਰਥ ਕਰਨ ਦਾ ਇੱਕ ਮਾਰਗ ਹੈ। ਮਤਲਬ ਗਿਆਨ ਨੂੰ ਸਕੂਲ ਦੇ ਬਾਹਰ ਦੇ ਜੀਵਨ ਨਾਲ ਜੋੜਨਾ।

**ਈ.3 ਬਾਹਰੀ ਵਿਸ਼ਾ ਏਕੀਕਰਨ ਦੀ ਯੋਜਨਾ ਦੇ ਪੜਾਵਾਂ ਦਾ ਵਰਣਨ ਕਰੋ।**

## 9.5 ਏਕੀਕਰਨ ਪਾਠ ਪੁਸਤਕ ਅਤੇ ਸਮੱਗਰੀ

ਹੁਣ ਤੱਕ ਅਸੀਂ ਚਰਚਾ ਕੀਤੀ ਕਿ ਕਿਸ ਪ੍ਰਕਾਰ ਵਿਸ਼ਾ ਵਿਸ਼ੇਸ਼ ਦੀਆਂ ਧਾਰਨਾਵਾਂ ਅਤੇ ਅਨੁਭਵਾਂ ਦੇ ਵਰਗੀਕਰਨ ਦੀ ਸੀਮਾ ਨੂੰ ਤੋੜਨ ਵਿੱਚ ਪਾਠਕ੍ਰਮ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਨੂੰ ਏਕੀਕ੍ਰਿਤ ਕੀਤਾ ਜਾ ਸਕਦਾ ਹੈ। ਕੀ ਪਾਠ ਪੁਸਤਕਾਂ ਨੂੰ ਵੀ ਇਸ ਪ੍ਰਕਾਰ ਏਕੀਕ੍ਰਿਤ ਕੀਤਾ ਜਾ ਸਕਦਾ ਹੈ ?

ਅਸੀਂ ਜ਼ਿਆਦਾਤਰ ਹਰੇਕ ਕਲਾਸ ਲਈ ਵਿਸ਼ਾ ਆਧਾਰਿਤ ਪਾਠ ਪੁਸਤਕਾਂ ਤੋਂ ਜਾਣੂ ਹਾਂ। ਇਹ ਪੁਸਤਕਾਂ ਅਧਿਆਪਨ ਦੀ ਸੁਵਿਧਾ ਲਈ ਕ੍ਰਮਅਨੁਸਾਰ ਸੰਯੋਜਿਤ ਰਹਿੰਦੀਆਂ ਹਨ ਨਾ ਕਿ ਸਿਖਲਾਈ ਵਿੱਚ ਸੁਵਿਧਾ ਲਈ। ਇਨ੍ਹਾਂ ਪੁਸਤਕਾਂ ਦਾ ਵਿਸ਼ਾ ਵਸਤੂ ਜ਼ਿਆਦਾਤਰ ਸਿਧਾਂਤਕ, ਅਮੂਰਤ ਅਤੇ ਕਾਲਪਨਿਕ ਅਨੁਭਵਾਂ 'ਤੇ ਆਧਾਰਿਤ ਹੁੰਦਾ ਹੈ ਅਤੇ ਸਿਖਿਆਰਥੀ ਦੇ ਅਸਲ ਅਨੁਭਵਾਂ ਨਾਲ ਸ਼ਾਇਦ ਹੀ ਕਦੇ ਸੰਬਧਿਤ ਹੁੰਦਾ ਹੈ। ਇਸ ਪ੍ਰਕਾਰ ਪਾਠ ਪੁਸਤਕਾਂ ਦੇ ਲਾਭ ਅਤੇ ਸੀਮਾਵਾਂ ਹਨ ਜੋ ਨਿਮਨ ਸਾਰਣੀ 9.4 ਵਿੱਚ ਦਰਸਾਈਆਂ ਗਈਆਂ ਹਨ:

ਸਾਰਣੀ 9.4 ਪਾਠ ਪੁਸਤਕਾਂ ਦੇ ਲਾਭ ਅਤੇ ਸੀਮਾਵਾਂ

| ਲਾਭ | ਸੀਮਾਵਾਂ |
|---|---|
| ਇੱਕ ਪਾਠ ਪੁਸਤਕ ਨੂੰ ਪਾਠਕ੍ਰਮ ਦੇ ਰੂਪ ਵਿੱਚ ਪ੍ਰਯੋਗ ਕੀਤਾ ਜਾ ਸਕਦਾ ਹੈ। ਕੁਝ ਸਿਖਿਆਰਥੀਆਂ ਨੂੰ ਧਿਆਨ ਵਿਸ਼ਾ ਕੇਂਦਰਿਤ ਕਰਨ ਲਈ ਪਾਠ ਪੁਸਤਕਾਂ ਦੀ ਲੋੜ ਹੁੰਦੀ ਹੈ।<br><br>ਪਾਠ ਪੁਸਤਕਾਂ ਸਮਾਂ ਨਿਰਦੇਸ਼ਕ ਦਾ ਕਾਰਜ ਕਰਦੀਆਂ ਹਨ। ਪਾਠ ਪੁਸਤਕਾਂ ਦੇ ਸਿਖਲਾਈ ਪੈਟਰਨ ਗਿਆਨ ਦੇ ਧਾਰਨ ਵਿੱਚ ਸਹਾਇਕ ਹੁੰਦੇ ਹਨ। ਪਾਠ ਪੁਸਤਕਾਂ ਰੇਡੀਮੇਡ ਸਿਖਲਾਈ ਸਮੱਗਰੀ ਪ੍ਰਦਾਨ ਕਰਦੀਆਂ ਹਨ।<br><br>ਵਿਦਿਆਰਥੀ ਪਾਠ ਨੂੰ ਸਮੇਂ ਤੋਂ ਪਹਿਲਾਂ ਤਿਆਰ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਬਿਨਾਂ ਪਾਠ ਪੁਸਤਕ ਦੇ ਕਲਾਸ ਗੈਰ ਪੇਸ਼ੇਵਰ ਪ੍ਰਤੀਤ ਹੁੰਦੀ ਹੈ।<br><br>ਠੀਕ ਪ੍ਰਕਾਰ ਨਾਲ ਡਿਜ਼ਾਇਨ ਕੀਤੀਆਂ ਗਈਆਂ ਪਾਠ ਪੁਸਤਕਾਂ ਗੁਣਵੱਤਾਪੂਰਨ ਪਾਠ ਯੋਜਨਾ ਦਾ ਵਿਸ਼ਵਾਸ ਦਿੰਦੀਆਂ ਹਨ। | ਪਾਠ ਪੁਸਤਕ ਦੇ ਪਾਠ ਸ਼ਾਇਦ ਢੁਕਵੇਂ ਅਤੇ ਦਿਲਚਸਪ ਨਾ ਹੋਣ। ਪਾਠ ਪੁਸਤਕਾਂ ਆਦਰਸ਼ ਵਿਸ਼ਾ ਵਿਚਾਰ ਪੇਸ਼ ਕਰ ਸਕਦੀਆਂ ਹਨ ਅਤੇ ਅਸਲ ਮੁੱਦਿਆਂ ਨੂੰ ਬਿਗਾੜ ਕੇ ਪੇਸ਼ ਕਰ ਸਕਦੀਆਂ ਹਨ। ਪਾਠ ਪੁਸਤਕਾਂ ਵਿਦਿਆਰਥੀਆਂ ਦੀ ਵਿਅਕਤੀਗਤ ਸਿਖਲਾਈ ਸ਼ੈਲੀ ਲਈ ਢੁਕਵੀਆਂ ਨਾ ਹੋਣ।<br><br>ਪਾਠ ਪੁਸਤਕਾਂ ਅਧਿਆਪਕ ਦੀ ਰਚਨਾਤਮਕਤਾ ਨੂੰ ਰੋਕ ਸਕਦੀਆਂ ਹਨ। ਅਧਿਆਪਕ ਪਾਠ ਪੁਸਤਕਾਂ ਦੇ ਵਿਸ਼ਾ ਵਸਤੂ, ਸੰਰਚਨਾ ਜਾਂ ਪਾਠ ਪੁਸਤਕ ਦੀ ਵਿਧੀ ਨਾਲ ਸਹਿਮਤ ਨਾ ਹੋਣ, ਪਰ ਉਨ੍ਹਾਂ ਨੂੰ ਪ੍ਰਯੋਗ ਕਰਨ ਲਈ ਮਜਬੂਰ ਹੋਣ।<br><br>ਪਾਠ ਪੁਸਤਕ ਅਪ੍ਰਮਾਣਿਕ ਭਾਸ਼ਾ ਵਿੱਚ ਹੋਵੇ। |

| | |
|---|---|
| ਇੱਕ ਪਾਠ ਪੁਸਤਕ ਅਨੁਭਵਹੀਣ ਅਧਿਆਪਕਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ। | |

ਸਰੋਤ: *www.sendaiedu.com (2011)*

ਜਦੋਂ ਅਧਿਆਪਨ ਸਿਖਲਾਈ ਪ੍ਰਕਿਰਿਆਵਾਂ ਜ਼ਿਆਦਾ ਤੋਂ ਜ਼ਿਆਦਾ ਸਿਖਿਆਰਥੀ ਕੇਂਦਰਿਤ ਹੁੰਦੀਆਂ ਹਨ ਤਾਂ ਕਲਾਸ ਅਧਿਆਪਨ ਵਿਸ਼ੇਸ਼ ਕਰਕੇ ਪ੍ਰਾਇਮਰੀ ਕਲਾਸਾਂ ਵਿੱਚ ਪਰੰਪਰਿਕ ਵਿਸ਼ਾ ਆਧਾਰਿਤ ਪਾਠ ਪੁਸਤਕਾਂ ਵੱਲੋਂ ਸੰਗਠਿਤ ਹੋ ਜਾਂਦਾ ਹੈ।

ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ 'ਤੇ ਇਕਾਈ-4 ਵਿੱਚ ਚਰਚਾ ਕਰਦੇ ਹੋਏ ਤੁਸੀਂ ਮਹਿਸੂਸ ਕੀਤਾ ਹੋਏਗਾ ਕਿ ਸਿਖਲਾਈ ਕਿਰਿਆਵਾਂ ਅਸਲ ਜੀਵਨ ਦੀਆਂ ਸਮੱਸਿਆਵਾਂ ਅਤੇ ਸਥਿਤੀਆਂ ਨਾਲ ਜੁੜੀਆਂ ਹੁੰਦੀਆਂ ਹਨ। ਸਕੂਲ ਸਿੱਖਿਆ ਦੀ ਮੁੱਢਲੀ ਅਵਸਥਾ ਵਿੱਚ ਸਿਖਲਾਈ ਕਿਰਿਆਵਾਂ ਵਿੱਚ ਉਨ੍ਹਾਂ ਗਤੀਵਿਧੀਆਂ ਦਾ ਦੁਹਰਾਓ ਹੁੰਦਾ ਹੈ, ਜਿਨ੍ਹਾਂ ਨਾਲ ਬੱਚਾ ਆਪਣੇ ਵਾਤਾਵਰਣ ਤੋਂ ਜਾਣੂ ਹੁੰਦਾ ਹੈ। ਇਸ ਨਾਲ ਬੱਚੇ ਦੇ ਅਨੁਭਵਾਂ ਦਾ ਸਥਾਨਾਂਤਰ ਘਰ ਤੋਂ ਸਕੂਲ ਵਿੱਚ ਸਰਲਤਾ ਨਾਲ ਹੋ ਜਾਂਦਾ ਹੈ। ਕੀ ਤੁਸੀਂ ਅਨੁਮਾਨ ਲਗਾ ਸਕਦੇ ਹੋ ਕਿ ਬੱਚੇ ਦੇ ਘਰ ਨਾਲ ਸੰਬੰਧਿਤ ਕਿਹੜੀਆਂ ਗਤੀਵਿਧੀਆਂ ਕਿਸੇ ਵਿਸ਼ਾ ਖੇਤਰ ਨਾਲ ਵਿਸ਼ੇਸ਼ ਰੂਪ ਨਾਲ ਜੁੜੀਆਂ ਹੋ ਸਕਦੀਆਂ ਹਨ ?

ਜਦੋਂ ਬੱਚਾ ਪਹਿਲੀ ਵਾਰ ਸਕੂਲ ਵਿੱਚ ਆਉਂਦਾ ਹੈ ਤਾਂ ਉਹ ਬਹੁਤ ਸਾਰੇ ਅਨੁਭਵ ਹਾਸਲ ਕਰ ਚੁੱਕਾ ਹੁੰਦਾ ਹੈ। ਜਿਵੇਂ ਆਜ਼ਾਦ ਰੂਪ ਨਾਲ ਗੱਲ ਕਰਨਾ, ਉਚਿੱਤ ਭਾਸ਼ਾ ਦੇ ਪ੍ਰਯੋਗ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨਾ ਆਦਿ ਉਹ ਜਾਣਦਾ ਹੈ ਕਿ ਦੂਜਿਆਂ ਦਾ ਸਨਮਾਨ ਕਿਵੇਂ ਕਰੀਏ ? ਉਸ ਵਿੱਚ ਸਵੱਛਤਾ ਦੀ ਆਦਤ ਵਿਕਸਤ ਹੋ ਚੁੱਕੀ ਹੁੰਦੀ ਹੈ, ਉਸ ਦੇ ਕੋਲ ਬਾਜ਼ਾਰ ਦੇ ਬਾਰੇ ਵਿੱਚ ਸਰਲ ਗਿਆਨ ਅਤੇ ਅਜਿਹੇ ਹੀ ਕਈ ਹੋਰ ਅਨੁਭਵ ਹੋ ਸਕਦੇ ਹਨ।

ਇਹ ਗਿਆਨ ਅਤੇ ਅਨੁਭਵ ਅਲੱਗ ਅਲੱਗ ਵਿਸ਼ਿਆਂ ਦੇ ਮਾਧਿਅਮ ਨਾਲ ਨਹੀਂ ਸਿੱਖੇ ਗਏ ਹੁੰਦੇ ਹਨ। ਜੇਕਰ ਤੁਸੀਂ ਬੱਚੇ ਦੀ ਕਿਸੇ ਵੀ ਗਤੀਵਿਧੀ ਦਾ ਵਿਸ਼ਲੇਸ਼ਣ ਕਰੋ ਤੋਂ ਦੇਖੋਗੇ ਕਿ ਉਸ ਵਿੱਚ ਹਰੇਕ ਧਾਰਨਾਵਾਂ/ਅਨੁਭਵਾਂ ਦੀਆਂ ਵਿਭਿੰਨ ਇਕਾਈਆਂ ਨੂੰ ਜੋੜਦੇ ਹਾਂ। ਇਨ੍ਹਾਂ ਵਿਸ਼ਲੇਸ਼ਣਾਂ ਤੋਂ ਤੁਸੀਂ ਜਾਣ ਸਕਦੇ ਹੋ ਕਿ ਏਕੀਕਰਨ ਸਿਖਲਾਈ ਬੱਚਿਆਂ ਵਿੱਚ ਬਹੁਤ ਸੁਭਾਵਿਕ ਹੈ। ਇਸ ਲਈ ਮੁੱਢਲੇ ਪੱਧਰ 'ਤੇ ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ, ਏਕੀਕਰਨ ਪਾਠ ਪੁਸਤਕਾਂ ਅਤੇ ਸਮੱਗਰੀ ਦੀ ਸਹਾਇਤਾ ਰਾਹੀਂ ਸਿਖਲਾਈ ਨੂੰ ਸੁਗਮ ਬਣਾਉਣ ਦੀਆਂ ਪਸਥਿਤੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

**ਗਤੀਵਿਧੀ-2**

ਕਿਸੇ ਇੱਕ ਪਾਠ ਪੁਸਤਕ ਦੀਆਂ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਓ ਜਿਸ ਨੂੰ ਤੁਸੀਂ ਸਰਵੋਤਮ ਸਮਝਦੇ ਹੋ।

ਸਰੋਤ: *www.sendaiedu.com (2011)*

**ਇੱਕ ਚੰਗੀ ਪਾਠ ਪੁਸਤਕ ਦੀਆਂ ਵਿਸ਼ੇਸ਼ਤਾਵਾਂ**

ਇੱਕ ਚੰਗੀ ਪਾਠ ਪੁਸਤਕ ਆਪਣੀ ਕਲਾਸ ਦੀਆਂ ਲੋੜਾਂ ਅਤੇ ਰਾਸ਼ਟਰੀ ਲੋੜਾਂ ਦੀ ਪੂਰਤੀ ਕਰੇ। ਦਿੱਤੇ ਗਏ ਨਿਰਦੇਸ਼ ਸਪੱਸ਼ਟ ਅਤੇ ਸਰਲ ਹੋਣ। ਪਾਠ ਪੁਸਤਕ ਵਿੱਚ ਵਿਭਿੰਨ ਸਿਖਲਾਈ ਸ਼ੈਲੀਆਂ ਦਾ ਪ੍ਰਯੋਗ ਹੋਵੇ। ਵਿਸ਼ਾ ਵਸਤੂ ਵਿਦਿਆਰਥੀਆਂ ਦੀ ਮੌਜੂਦਾ ਅਤੇ ਭਵਿੱਖੀ ਲੋੜਾਂ ਲਈ ਢੁਕਵਾਂ ਅਤੇ ਲਾਭਦਾਇਕ ਹੋਵੇ। ਪਾਠ ਪੁਸਤਕ ਵਿੱਚ ਵਿਭਿੰਨ ਪ੍ਰਕਾਰ ਦੇ ਰੋਚਕ ਪਾਠ ਅਤੇ ਕਿਰਿਆਵਾਂ, ਢੁਕਵੀਂ ਦ੍ਰਿਸ਼ ਸਮੱਗਰੀ ਨਾਲ ਹੋਣ। ਪਾਠ ਪੁਸਤਕ ਦੇ ਉਦੇਸ਼ ਸਪੱਸ਼ਟ ਹੋਣ ਅਤੇ ਪੂਰੀ ਪੁਸਤਕ ਵਿੱਚ ਠੀਕ ਤਰ੍ਹਾਂ ਲਾਗੂ ਕੀਤੇ ਗਏ ਹੋਣ। ਪਾਠ ਪੁਸਤਕ ਵਿਦਿਆਰਥੀਆਂ ਨੂੰ ਆਪਣੀ ਖੁਦ ਦੀ ਰਾਇ ਅਤੇ ਸਿਖਲਾਈ ਵਿਧੀ ਦੇ ਨਿਰਮਾਣ ਲਈ ਉਤਸ਼ਾਹਿਤ ਕਰਨ ਵਾਲੀ ਹੋਵੇ।

## 9.5 ਏਕੀਕ੍ਰਿਤ ਪਾਠ ਪੁਸਤਕਾਂ ਦੀਆਂ ਵਿਸ਼ੇਸ਼ਤਾਵਾਂ:

ਵਿਸ਼ਾ ਵਸਤੂ ਆਧਾਰਿਤ ਪਾਠ ਪੁਸਤਕਾਂ ਅਤੇ ਉਹ ਪਾਠ ਪੁਸਤਕਾਂ ਜਿਨ੍ਹਾਂ ਤੋਂ ਅਸੀਂ ਜਾਣੂ ਹਾਂ, ਵਿੱਚ ਪਾਠਾਂ ਦਾ ਸੰਯੋਜਨ ਵਿਸ਼ਾ ਵਸਤੂ ਦੇ ਆਧਾਰ 'ਤੇ ਅਤੇ ਹਰੇਕ ਪਾਠ ਦੀਆਂ ਧਾਰਨਾਵਾਂ ਨੂੰ ਸਰਲ ਤੋਂ ਕਠਿਨ ਦੀ ਤਰਫ਼ ਕ੍ਰਮਬੱਧ ਰੂਪ ਨਾਲ ਵਿਵਸਥਿਤ ਕੀਤਾ ਜਾਂਦਾ ਹੈ। ਪਾਠਾਂ ਦੀ ਵਿਵਸਥਾ ਅਤੇ ਪਾਠਾਂ ਦੀਆਂ ਧਾਰਨਾਵਾਂ ਦੇ ਵਿਚਕਾਰ ਇੱਕ ਨਿਸ਼ਚਤ ਤਾਰਕਿਕ ਕ੍ਰਮ ਹੁੰਦਾ ਹੈ ਜੋ ਅਧਿਆਪਨ ਦੀ ਸੁਵਿਧਾ ਦਾ ਆਧਾਰ ਹੁੰਦਾ ਹੈ। ਹੇਰਕ ਪਾਠ ਦੇ ਅੰਤ ਵਿੱਚ ਵਿਦਿਆਰਥੀਆਂ ਲਈ ਕੁਝ ਅਭਿਆਸ ਅਤੇ ਪ੍ਰਸ਼ਨ ਦਿੱਤੇ ਹੁੰਦੇ ਹਨ ਜੋ ਮੁੱਖ ਤੌਰ 'ਤੇ ਲਿਖਤ ਰੂਪ ਵਿੱਚ ਹੀ ਹੱਲ ਕੀਤੇ ਜਾਂਦੇ ਹਨ। ਪਾਠ ਸਮੱਗਰੀ ਵੀ ਇੱਕ ਸਵਰ ਸ਼ੈਲੀ ਵਿੱਚ ਲਿਖੀ ਜਾਂਦੀ ਹੈ। ਇਸ ਪ੍ਰਕਾਰ ਦੀ ਪਾਠ ਸਮੱਗਰੀ ਵਿੱਚ ਮੁਸ਼ਕਿਲ ਨਾਲ ਹੀ ਕੋਈ ਹਾਸਾ, ਕਾਰਟੂਨ ਅਤੇ ਗਤੀਵਿਧੀ ਵਿਦਿਆਰਥੀਆਂ ਲਈ ਮਿਲਦੇ ਹਨ।

**ਗਤੀਵਿਧੀ**–3ਪੰਜਵੀਂ ਕਲਾਸ ਦੀਆਂ ਪਾਠ ਪੁਸਤਕਾਂ ਭਾਸ਼ਾ, ਗਣਿਤ ਅਤੇ ਵਾਤਾਵਰਣ ਅਧਿਐਨ ਵਿੱਚ ਹਰੇਕ ਤੋਂ ਇੱਕ ਪਾਠ ਚੁਣੋ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਪਾਠ ਦੀ ਸੂਖਮਤਾ, ਵਿਸਥਾਰ ਅਤੇ ਸਮੱਗਰੀ ਦੇ ਪ੍ਰਸਤੂਤੀਕਰਨ, ਉਦਾਹਰਨ ਅਤੇ ਚਿੱਤਰਾਂ ਦਾ ਪ੍ਰਯੋਗ ਅਤੇ ਉਨ੍ਹਾਂ ਦੀ ਵੈਧਤਾ, ਵਿਸ਼ੇ ਦੀਆਂ ਧਾਰਨਾਵਾਂ ਅਤੇ ਸਿਖਿਆਰਥੀ ਅਨੁਕੂਲ ਤੱਤ ਅਤੇ ਪਾਠ ਦੇ ਅੰਤ ਵਿੱਚ ਦਿੱਤੇ ਅਭਿਆਸ ਦੇ ਆਧਾਰ 'ਤੇ ਕਰੋ ਅਤੇ ਉਨ੍ਹਾਂ ਤਿੰਨਾਂ ਦੀ ਪਾਠ ਸੰਰਚਨਾ ਵਿੱਚ ਜੇਕਰ ਕੋਈ ਅੰਤਰ ਹੈ ਤਾਂ ਉਸ ਨੂੰ ਸੁਨਿਸ਼ਚਤ ਕਰੋ।

ਏਕੀਕ੍ਰਿਤ ਪਾਠ ਪੁਸਤਕਾਂ, ਸਾਧਾਰਨ ਅਤੇ ਅੰਤਰਵਿਸ਼ਾ ਅਤੇ ਬਹੁਵਿਸ਼ੇ ਦੇ ਨਾਲ ਅਧਿਆਪਨ ਤੋਂ ਇਲਾਵਾ ਸਿਖਲਾਈ ਨੂੰ ਸੁਗਮ ਬਣਾਉਣ ਦੀ ਕੋਸ਼ਿਸ਼ ਕਰਦੀ ਹੈ, ਇਸ ਲਈ ਅਜਿਹੀਆਂ ਪਾਠ ਪੁਤਸਕਾਂ ਦੀਆਂ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ:

- ਵਿਭਿੰਨ ਵਿਸ਼ਾ ਖੇਤਰਾਂ ਦੀਆਂ ਧਾਰਨਾਵਾਂ ਇੱਕ ਵਿਸ਼ੇ ਦੇ ਚਾਰੋ ਤਰਫ਼ ਵਿਵਸਥਿਤ ਰਹਿੰਦੀਆਂ ਹਨ ਜੋ ਵਿਦਿਆਰਥੀਆਂ ਦੇ ਅਸਲ ਜੀਵਨ ਵਿੱਚ ਉਨ੍ਹਾਂ ਤੋਂ ਜਾਣੂ ਹੁੰਦੀਆਂ ਹਨ ਅਤੇ ਉਨ੍ਹਾਂ ਲਈ ਆਨੰਦਾਇਕ ਹੁੰਦੀਆਂ ਹਨ। ਵਿਸ਼ਾ ਵਿਭਿੰਨ ਪ੍ਰਕਾਰ ਦਾ ਹੋ ਸਕਦਾ ਹੈ ਜਿਵੇਂ ਪਾਣੀ, ਅੱਗ, ਬਾਜ਼ਾਰ, ਕੋਈ ਤਿਓਹਾਰ, ਸਰਕਸ, ਕਹਾਣੀ, ਕਾਰਟੂਨ ਪਹੇਲੀ ਆਦਿ।

- ਵਿਸ਼ਾ ਅਸਲ ਜੀਵਨ ਦੀਆਂ ਸਥਿਤੀਆਂ/ਪ੍ਰਸੰਗਾਂ 'ਤੇ ਆਧਾਰਿਤ ਹੁੰਦਾ ਹੈ। ਅਤੇ ਇਹ ਵਿਦਿਆਰਥੀਆਂ ਨੂੰ ਸਾਰਥਿਕ ਸਿਖਲਾਈ ਲਈ ਢੁਕਵਾਂ ਅਵਸਰ ਦਿੰਦੇ ਹਨ।

- ਹਰੇਕ ਪਾਠ ਚਿੱਤਰਾਂ, ਡਾਇਗ੍ਰਾਮ ਅਤੇ ਉਦਾਹਰਨਾਂ ਨਾਲ ਭਰਪੂਰ ਹੁੰਦਾ ਹੈ। ਹਰੇਕ ਉਦਾਹਰਨ ਪਾਠ ਲਈ ਢੁਕਵਾਂ ਹੁੰਦਾ ਹੈ ਅਤੇ ਇਨ੍ਹਾਂ ਉਦਾਹਰਨਾਂ ਨੂੰ ਸਿਖਲਾਈ ਕਿਰਿਆਵਾਂ ਵਿੱਚ ਪ੍ਰਯੋਗ ਕਰਨ ਲਈ ਅਵਸਰ ਦਿੱਤੇ ਜਾਂਦੇ ਹਨ।

- ਹਰੇਕ ਪਾਠ ਵਿੱਚ ਸਿਖਲਾਈ ਕਿਰਿਆਵਾਂ ਲਈ ਅਵਸਰ ਮੌਜੂਦ ਹੁੰਦੇ ਹਨ ਜੋ ਵਿਦਿਆਰਥੀਆਂ ਨੂੰ ਪਾਠ ਪੜ੍ਹਾਉਂਦੇ ਸਮੇਂ ਕਰਨੇ ਹੁੰਦੇ ਹਨ। ਇਹ ਕਿਰਿਆਵਾਂ ਸੁਭਾਵਿਕ ਹੀ ਹੁੰਦੀਆਂ ਹਨ। ਜਿਵੇਂ ਚਿੱਤਰਕਲਾ, ਪੇਟਿੰਗ, ਰਚਨਾਤਮਕ ਪੈਰਾ ਲਿਖਣਾ, ਮਾਡਲ ਬਣਾਉਣਾ, ਸਮੱਗਰੀ ਅਤੇ ਸੂਚਨਾ ਇਕੱਠੀ ਕਰਨੀ, ਅੰਕਾਂ, ਸ਼ਬਦਾਂ ਅਤੇ ਘਟਨਾਵਾਂ ਦਾ ਮਿਲਾਨ ਕਰਨਾ ਆਦਿ। ਬਿਨਾਂ ਗਤੀਵਿਧੀ ਦੇ ਏਕੀਕਰਨ ਵਿਅਰਥ ਹੈ (ਕਿਉਂ ?)

- ਪਾਠ ਵਿੱਚ ਵਿਭਿੰਨ ਤੱਤ ਅੰਤਰਕਿਰਿਆ ਲਈ ਮੌਜੂਦ ਰਹਿੰਦੇ ਹਨ ਜੋ ਇੱਕ ਵਿਦਿਆਰਥੀ ਨੂੰ ਦੂਜੇ ਨਾਲ ਅਤੇ ਖੁਦ ਨਾਲ ਕਿਰਿਆ ਕਰਨ ਯੋਗ ਬਣਾਉਂਦੇ ਹਨ। ਪਾਠ ਵਿੱਚ ਅਜਿਹੇ ਅਵਸਰਾਂ ਦੇ ਉਦਾਹਰਨ ਹਨ: "ਪ੍ਰਸ਼ਨ ਬਣਾ ਕੇ ਪੁੱਛੋ।", "ਅਧਿਆਪਕ ਨਾਲ ਗੱਲਬਾਤ ਕਰੋ।", "ਆਪਣੇ ਸਾਥੀਆਂ ਨਾਲ ਸਮੂਹ ਵਿੱਚ ਕਾਰਜ ਕਰੋ।", "ਥੋੜ੍ਹੀ ਦੇਰ ਲਈ ਸੋਚੋ।" ਆਦਿ।

• ਵਿਭਿੰਨ ਪ੍ਰਕਾਰ ਦੇ ਅਭਿਆਸ ਕਾਰਜ ਪੂਰੀ ਪਾਠ ਵਸਤੂ ਵਿੱਚ ਬਿਖਰੇ ਰਹਿੰਦੇ ਹਨ। (ਨਾ ਕਿ ਖੁਦ ਪਾਠ ਦੇ ਅੰਤ ਵਿੱਚ ਰੱਖੇ ਜਾਂਦੇ ਹਨ) ਜੋ ਵਿਦਿਆਰਥੀਆਂ ਨੂੰ ਪਾਠ ਵਿੱਚ ਮੌਜੂਦ ਧਾਰਨਾਵਾਂ ਨੂੰ ਸਮਝਣ ਵਿੱਚ ਰੁਚੀ ਬਣਾਏ ਰੱਖਣ ਵਿੱਚ ਮਦਦ ਕਰਦੇ ਹਨ। ਇਸ ਦਾ ਅਰਥ ਹੈ ਕਿ ਪਾਠ ਪੁਸਤਕ ਵਿੱਚ ਕਾਰਜ ਪੁਸਤਕ ਮੌਜੂਦ ਹੈ।

• ਏਕੀਕ੍ਰਿਤ ਪਾਠ ਪੁਸਤਕਾਂ ਦੇਸ਼ ਦੇ ਕਈ ਰਾਜਾਂ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਹੇਠਲੀਆਂ ਕਲਾਸਾਂ ਵਿੱਚ ਲਗਾਈਆਂ ਜਾ ਰਹੀਆਂ ਹਨ। ਰਾਸ਼ਟਰੀ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਵੱਲੋਂ ਵਾਤਾਵਰਣ ਅਧਿਐਨ ਕਲਾਸ ਪਹਿਲੀ ਅਤੇ ਦੂਜੀ ਦੇ ਪਾਠਕ੍ਰਮ ਨੂੰ ਭਾਸ਼ਾ ਅਤੇ ਗਣਿਤ ਦੀਆਂ ਪੁਸਤਕਾਂ ਵਿੱਚ ਏਕੀਕ੍ਰਿਤ ਕੀਤਾ ਗਿਆ ਹੈ। ਚੌਥੀ ਅਤੇ ਪੰਜਵੀਂ ਕਲਾਸ ਦੀਆਂ ਵਾਤਾਵਰਣ ਅਧਿਐਨ ਪਾਠ ਪੁਸਤਕਾਂ ਵਿੱਚ ਵਿਗਿਆਨ ਅਤੇ ਸਮਾਜਿਕ ਵਿਗਿਆਨ ਨੂੰ ਏਕੀਕ੍ਰਿਤ ਕੀਤਾ ਗਿਆ ਹੈ।

**ਈ–4 ਏਕੀਕ੍ਰਿਤ ਅਤੇ ਗੈਰਏਕੀਕ੍ਰਿਤ ਪਾਠ ਪੁਸਤਕਾਂ ਵਿੱਚ ਘੱਟ ਤੋਂ ਘੱਟ ਦੋ ਅੰਤਰ ਦੱਸੋ।**

ਇਸ ਇਕਾਈ–6 ਵਿੱਚ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ ਵਿੱਚ ਸਮੱਗਰੀ ਦੇ ਉਪਯੋਗ ਦੀ ਚਰਚਾ ਪਹਿਲਾਂ ਹੀ ਕਰ ਚੁੱਕੇ ਹਾਂ। ਏਕੀਕ੍ਰਿਤ ਸਿਖਲਾਈ ਲਈ ਕੋਈ ਵਿਸ਼ੇਸ਼ ਸਮੱਗਰੀ ਨਿਸ਼ਚਤ ਨਹੀਂ ਹੈ। ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਸਮੱਗਰੀ ਨੂੰ ਕਿਸ ਪ੍ਰਕਾਰ ਪ੍ਰਯੋਗ ਕਰਦੇ ਹਾਂ। ਤੁਹਾਨੂੰ ਸੋਚਣਾ ਹੋਏਗਾ ਕਿ ਕਿਵੇਂ ਇੱਕ ਵਿਸ਼ੇਸ਼ ਸਮੱਗਰੀ ਵਿਭਿੰਨ ਵਿਸ਼ਿਆਂ ਵਿੱਚ ਵਿਸ਼ੇ ਸਬੰਧੀ ਸਿਖਲਾਈ ਪ੍ਰਤੀਫਲਾਂ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਮਦਦ ਕਰ ਸਕਦੀ ਹੈ। ਅਸੀਂ ਇੱਕ ਉਦਾਹਰਨ ਦੇਖ ਸਕਦੇ ਹਾਂ: ‘ਸਾਬਣ ਅਤੇ ਉਸਦਾ ਰੈਪਰ’ ਇੱਕ ਸਮੱਗਰੀ ਹੈ ਜਿਸ ਦਾ ਉਪਯੋਗ ਅਧਿਆਪਨ ਅਤੇ ਸਿਖਲਾਈ ਦੇ ਵਿਭਿੰਨ ਉਦੇਸ਼ਾਂ ਦੀ ਪ੍ਰਾਪਤੀ ਲਈ ਨਿਮਨ ਪ੍ਰਕਾਰ ਨਾਲ ਕੀਤਾ ਜਾ ਸਕਦਾ ਹੈ।

**• ਭਾਸ਼ਾ**

–ਸਾਬਣ ਦੇ ਉਪਯੋਗ ਦਾ ਵਰਣਨ

–ਸ਼ਬਦਾਂ ਦੀ ਰਚਨਾ ਕਰਨਾ

–ਅੱਖਰਾਂ ਦੀ ਪਛਾਣ

**• ਗਣਿਤ**

ਸਾਬਣ ਦੇ ਰੈਪਰ ’ਤੇ ਲਿਖੀ ਗਈ ਕੀਮਤ ਦਾ ਉਪਯੋਗ ਜੋੜਨ, ਘਟਾਉਣ, ਗੁਣਾ ਅਤੇ ਭਾਗ ਲਈ ਕੀਤਾ ਜਾ ਸਕਦਾ ਹੈ।–ਘੱਟ ਤੋਂ ਘੱਟ ਪ੍ਰਚੂਨ ਕੀਮਤ (ਐੱਮ.ਆਰ.ਪੀ.) ਦੀ ਵਿਆਖਿਆ: ਪ੍ਰਚੂਨ ਅਤੇ ਥੋਕ ਕੀਮਤ ? ਐੱਮ ਆਰ ਪੀ ਨਾਲ ਲਾਭ ਅਤੇ ਹਾਨੀ ਦੀ ਗਣਨਾ ਕਿਵੇਂ ਕੀਤੀ ਜਾ ਸਕਦੀ ਹੈ ?

ਸਾਬਣ ਦੇ ਕਵਰ ਦਾ ਪ੍ਰਯੋਗ ਧਨ ਅਤੇ ਧਨ ਲਾਭ ਦਾ ਵਰਣਨ ਕਰਨ ਵਿੱਚ ਕੀਤਾ ਜਾ ਸਕਦਾ ਹੈ।

**• ਆਮ ਵਿਗਿਆਨ**

–ਸਾਬਣ ਬਣਾਉਣ ਵਿੱਚ ਕਿਹੜੀ ਕਿਹੜੀ ਸਮੱਗਰੀ ਦਾ ਪ੍ਰਯੋਗ ਕੀਤਾ ਜਾਂਦਾ ਹੈ। –ਸਾਬਣ ਦੇ ਪ੍ਰਯੋਗ ਦੇ ਸੰਦਰਭ ਵਿੱਚ ਕਠੋਰ ਅਤੇ ਨਰਮ ਪਾਣੀ ਵਿੱਚ ਅੰਤਰ ਦੱਸੋ।

**• ਸਮਾਜਿਕ ਵਿਗਿਆਨ**

–ਸਾਬਣ ਉਤਪਾਦਨ ਕਰਨ ਵਾਲਾ ਸਥਾਨ

-ਸਾਬਣ ਬਣਾਉਣ ਵਿੱਚ ਵਰਤੀ ਜਾਣ ਵਾਲੀ ਕੱਚੀ ਸਮੱਗਰੀ

-ਟਰਾਂਸਪੋਰਟੇਸ਼ਨ ਦੀ ਪ੍ਰਕਿਰਿਆ ਅਤੇ ਮਾਰਗ

**ਗਤੀਵਿਧੀ**-4ਆਪਣੇ ਆਸ ਪਾਸ ਤੋਂ ਕੋਈ ਅਧਿਆਪਨ ਸਿਖਲਾਈ ਸਮੱਗਰੀ ਚੁਣੋ ਅਤੇ ਵਿਭਿੰਨ ਵਿਸ਼ਿਆਂ ਦੇ ਅਧਿਆਪਨ ਅਤੇ ਸਿਖਲਾਈ ਵਿੱਚ ਉਨ੍ਹਾਂ ਦੇ ਉਪਯੋਗ ਲਈ ਤਰੀਕੇ ਸੂਚੀਬੱਧ ਕਰੋ।

**ਈ:5 ਏਕੀਕ੍ਰਿਤ ਪਾਠ ਪੁਸਤਕ ਦੀ ਕਿਹੜੀ ਵਿਸ਼ੇਸ਼ਤਾ ਤੁਹਾਨੂੰ ਸਭ ਤੋਂ ਜ਼ਿਆਦਾ ਮਹੱਤਵਪੂਰਨ ਲੱਗੀ ਹੈ ? ਕਾਰਨ ਸਹਿਤ ਉੱਤਰ ਲਿਖੋ।**

ਅਧਿਆਪਨ ਅਤੇ ਸਿਖਲਾਈ ਲਈ ਏਕੀਕ੍ਰਿਤ ਦ੍ਰਿਸ਼ਟੀਕੋਣ ਸਭ ਤੋਂ ਜ਼ਿਆਦਾ ਹੈ। ਤਾਰਕਿਕ, ਸਾਰਥਿਕ ਅਤੇ ਸਮੱਗਰ ਸਿਖਲਾਈ ਨੂੰ ਪ੍ਰਾਪਤ ਕਰਾਉਣ ਵਿੱਚ ਸਭ ਤੋਂ ਅਹਿਮ ਹੈ। ਇਸ ਦਾ ਕਾਰਨ ਇਹ ਹੈ ਕਿ ਸਾਡੇ ਸਾਰੇ ਅਸਲ ਜੀਵਨ ਅਨੁਭਵ ਵਿਭਿੰਨ ਵਿਸ਼ਿਆਂ ਵਿੱਚ ਅਲੱਗ ਅਲੱਗ ਵੰਡੇ ਨਹੀਂ ਹੁੰਦੇ। ਏਕੀਕ੍ਰਿਤ ਪਾਠ ਪੁਸਤਕ ਉਪਲੱਬਧ ਹੋਵੇ ਜਾਂ ਨਾ ਹੋਵੇ, ਸਕੂਲ ਦੇ ਅੰਦਰ ਜਾਂ ਬਾਹਰ ਅਧਿਆਪਨ ਅਤੇ ਸਿਖਲਾਈ ਦਾ ਏਕੀਕ੍ਰਿਤ ਦ੍ਰਿਸ਼ਟੀਕੋਣ ਹੀ ਸਿਖਲਾਈ ਦੀ ਗੁਣਵੱਤਾ ਵਿੱਚ ਅੰਤਰ ਕਰਦਾ ਹੈ, ਵਿਸ਼ੇਸ਼ ਕਰਕੇ ਸਕੂਲ ਸਿੱਖਿਆ ਦੀ ਮੁੱਢਲੀ ਅਵਸਥਾ ਵਿੱਚ।

**9.6 ਸਾਰਾਂਸ਼**

• ਏਕੀਕ੍ਰਿਤ ਸਿਖਲਾਈ ਉਸ ਦਿਸ਼ਾ ਨਾਲ ਸਬੰਧਿਤ ਹੈ ਜਿਸ ਵਿੱਚ ਵਿਭਿੰਨ ਵਿਸ਼ਾ ਖੇਤਰਾਂ ਦੀਆਂ ਵਿਭਿੰਨ ਸਬੰਧਿਤ ਧਾਰਨਾਵਾਂ ਨੂੰ ਸਾਰਥਿਕ ਅਤੇ ਸਮੁੱਚੇ ਰੂਪ ਨਾਲ ਸੰਯੋਜਿਤ ਕੀਤਾ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਵਿੱਚ ਫੋਕਸ ਬਿੰਦੂ ਇੱਕ ਮੁੱਖ ਵਿਸ਼ਾ ਹੁੰਦੀ ਹੈ ਜਿਸ ਦਾ ਸਿਖਿਆਰਥੀ ਦੇ ਅਸਲ ਜੀਵਨ ਲਈ ਮਹੱਤਵ ਹੁੰਦਾ ਹੈ।

• ਏਕੀਕ੍ਰਿਤ ਪਾਠਕ੍ਰਮ ਤਿੰਨ ਪ੍ਰਕਾਰ ਦਾ ਹੁੰਦਾ ਹੈ: ਇੱਕ ਹੀ ਵਿਸ਼ੇ ਦੀਆਂ ਵਿਭਿੰਨ ਧਾਰਨਾਵਾਂ ਅਤੇ ਕੁਸ਼ਲਾਂ ਨੂੰ ਜੋੜਨਾ (ਅੰਤਰਵਿਸ਼ਾ) ਵਿਭਿੰਨ ਵਿਸ਼ਿਆਂ ਦੀਆਂ ਧਾਰਨਾਵਾਂ ਅਤੇ ਕੁਸ਼ਲਾਂ ਨੂੰ ਸਬੰਧਿਤ ਕਰਨਾ (ਬਹੁ ਵਿਸ਼ਾ) ਅਤੇ ਵਿਸ਼ਿਆਂ ਦੇ ਬਾਹਰ ਦੀਆਂ ਧਾਰਨਾਵਾਂ ਅਤੇ ਕੁਸ਼ਲਾਂ ਨੂੰ ਜੋੜਨਾ (ਬਾਹਰੀਵਿਸ਼ਾ)

• ਇੱਕ ਹੀ ਵਿਸ਼ੇ ਦੇ ਅੰਦਰ ਏਕੀਕ੍ਰਿਤ (ਅੰਤਰ ਵਿਸ਼ਾ) ਇੱਕ ਹੀ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਇੱਕ ਹੀ ਵਿਸ਼ੇ ਦੀਆਂ ਧਾਰਨਾਵਾਂ ਅਤੇ ਕੁਸ਼ਲਾਂ ਨੂੰ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਇਕੱਠੇ ਜੋੜਿਆ ਜਾਂਦਾ ਹੈ।

• ਬਹੁਵਿਸ਼ਾ ਅਤੇ ਅੰਤਰਵਿਸ਼ਾ ਏਕੀਕਰਨ (ਥੋੜ੍ਹੇ ਜਿਹੇ ਅੰਤਰ ਨਾਲ) ਪ੍ਰਕਿਰਿਆਵਾਂ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਵਿਸ਼ਿਆਂ ਦੇ ਗਿਆਨ ਅਤੇ ਕੁਸ਼ਲਾਂ ਨੂੰ ਅਧਿਆਪਨ ਸਿੱਖਿਆ ਪ੍ਰਕਿਰਿਆ ਦੇ ਦੌਰਾਨ ਏਕੀਕ੍ਰਿਤ ਕੀਤਾ ਜਾਂਦਾ ਹੈ।

• ਬਾਹਰੀਵਿਸ਼ਾ ਏਕੀਕਰਨ ਸਿਖਲਾਈ ਨੂੰ ਜ਼ਿਆਦਾ ਸਾਰਥਿਕ, ਸੰਦਰਭਿਤ ਅਤੇ ਅਸਲ ਜੀਵਨ ਮੁਖੀ ਬਣਾਉਣ ਵਿੱਚ ਮਦਦ ਕਰਦਾ ਹੈ। ਇਸ ਰਾਹੀਂ ਨਿਯੋਜਤ ਤੋਂ ਜ਼ਿਆਦਾ ਹੁਨਰ ਅਤੇ ਕੁਸ਼ਲਤਾਵਾਂ ਹਾਸਿਲ ਕਰਨ ਲਈ ਪਾਠ ਸਿਖਲਾਈ ਪ੍ਰਤੀਫਲਾਂ ਦੇ ਪੁਨਰਬਲ ਦੇ ਦੌਰਾਨ ਹੁੰਦਾ ਹੈ।

• ਏਕੀਕ੍ਰਿਤ ਪਾਠ ਪੁਸਤਕਾਂ ਵਿੱਚ ਵਿਭਿੰਨ ਤੱਤਾਂ ਅਤੇ ਕਿਰਿਆਵਾਂ ਨੂੰ ਜੋੜ ਕੇ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਅਤੇ ਮਜ਼ਬੂਤ ਕਰਨ ਦੀ ਅਦਭੁੱਤ ਵਿਸ਼ੇਸ਼ਤਾ ਹੁੰਦੀ ਹੈ।

9.7 ਪ੍ਰਗਤੀ ਜਾਂਚ ਲਈ ਆਦਰਸ਼ ਉੱਤਰ

ਈ: 1 ਨਿਮਨਲਿਖਤ ਵਿੱਚੋਂ ਕੋਈ ਤਿੰਨ

• ਵਿਭਿੰਨ ਵਿਸ਼ਾ ਖੇਤਰਾਂ ਨਾਲ ਸਬੰਧਿਤ ਧਾਰਨਾਵਾਂ ਨੂੰ ਜੋੜਨਾ

• ਪਾਠ ਪੁਸਤਕਾਂ ਦੇ ਬਾਹਰ ਅਸਲ ਜੀਵਨ ਦੇ ਵਿਸ਼ੇ 'ਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਨੂੰ ਵਿਕਸਤ ਕਰਨਾ।

• ਵਿਭਿੰਨ ਵਿਧੀਆਂ ਜਿਵੇਂ ਪ੍ਰਾਜੈਕਟ, ਪ੍ਰੇਖਣ ਆਦਿ ਨੂੰ ਜੋੜਨਾ

• ਸਮਾਂ ਸਾਰਣੀ ਅਤੇ ਵਿਦਿਆਰਥੀਆਂ ਦੇ ਸਮੂਹ ਬਣਾਉਣ ਵਿੱਚ ਲਚਕੀਲਾਪਣ

ਈ: 2 ਸਾਰਣੀ 9.2 ਵਿੱਚੋਂ ਕੋਈ ਦੋ ਬਿੰਦੂ

ਈ: 3 ਆਪਣੀ ਪਾਠ ਯੋਜਨਾ ਦੇ ਵਿਕਾਸ ਲਈ ਤੁਸੀਂ ਨਿਮਨ ਕਦਮਾਂ ਦਾ ਪ੍ਰਯੋਗ ਕਰ ਸਕਦੇ ਹੋ:

• ਜੀਵਨ ਸੰਦਰਭਾਂ ਨਾਲ ਪ੍ਰਾਜੈਕਟ ਦੀ ਚੋਣ।

• ਵਿਸ਼ੇ ਸਬੰਧੀ ਸਿਖਲਾਈ ਧਾਰਨਾਵਾਂ ਅਤੇ ਕੁਸ਼ਲਾਂ ਦੀ ਪਛਾਣ।

• ਪਛਾਣ ਕੀਤੀਆਂ ਗਈਆਂ ਧਾਰਨਾਵਾਂ ਅਤੇ ਕੁਸ਼ਲਾਂ ਨੂੰ ਜੋੜਨ ਲਈ ਗਤੀਵਿਧੀਆਂ ਦੀ ਯੋਜਨਾ ਬਣਾਉਣੀ।

• ਗਤੀਵਿਧੀਆਂ ਨੂੰ ਲਾਗੂ ਕਰਨ ਲਈ ਸਮਾਂ ਸਾਰਣੀ ਅਤੇ ਸਮੂਹਾਂ ਦੀ ਰਚਨਾ ਕਰਨੀ।

ਈ: 4 ਗੈਰੀਏਕੀਕ੍ਰਿਤ ਅਤੇ ਏਕੀਕ੍ਰਿਤ ਪਾਠ ਪੁਸਤਕਾਂ ਵਿੱਚ ਅੰਤਰ:

• ਪਹਿਲੇ ਪ੍ਰਕਾਰ ਦੀਆਂ ਪਾਠ ਪੁਸਤਕਾਂ ਵਿਸ਼ਾ ਵਿਸ਼ੇਸ਼ ਦੇ ਵਿਸ਼ਾ ਵਸਤੂ ਨਾਲ ਸਬੰਧਿਤ ਹੁੰਦੀ ਹੈ ਜਦੋਂ ਕਿ ਦੂਜੇ ਪ੍ਰਕਾਰ ਦਾ ਵਿਸ਼ਾ/ਸੰਦਰਭ/ਪ੍ਰਸਥਿਤੀਆਂ ਆਧਾਰਿਤ ਹੁੰਦੀਆਂ ਹਨ।

• ਪਹਿਲੇ ਪ੍ਰਕਾਰ ਦੀਆਂ ਪੁਸਤਕਾਂ ਪ੍ਰਦਾਨ ਕੀਤੇ ਜਾਣ ਵਾਲੇ ਗਿਆਨ/ਕੁਸ਼ਲ 'ਤੇ ਆਧਾਰਿਤ ਹੁੰਦਾ ਹੈ ਅਤੇ ਦੂਜੇ ਪ੍ਰਕਾਰ ਦੀ ਖੋਜ ਪੂਰਨ ਗਿਆਨ ਅਤੇ ਕੁਸ਼ਲ 'ਤੇ ਆਧਾਰਿਤ ਹੁੰਦੀਆਂ ਹਨ।

• ਪਹਿਲੇ ਪ੍ਰਕਾਰ ਦੀਆਂ ਪਾਠ ਪੁਸਤਕਾਂ ਵਿੱਚ ਵਿਸ਼ਾ ਵਸਤੂ ਦੇ ਅੰਦਰ ਸਿਖਲਾਈ ਕਿਰਿਆਵਾਂ ਲਈ ਕੋਈ ਸਥਾਨ ਨਹੀਂ ਹੁੰਦਾ ਜਦੋਂ ਕਿ ਦੂਜੀ ਪ੍ਰਕਾਰ ਦੀਆਂ ਪੁਸਤਕਾਂ ਕਿਰਿਆਵਾਂ ਨਾਲ ਭਰਪੂਰ ਹੁੰਦੀਆਂ ਹਨ।

• ਪਹਿਲੇ ਪ੍ਰਕਾਰ ਦੀਆਂ ਪਾਠ ਪੁਸਤਕਾਂ ਵਿੱਚ ਮੁਸ਼ਕਿਲ ਨਾਲ ਹੀ ਕੋਈ ਅੰਤਰਕਿਰਿਆ ਲਈ ਸਥਾਨ ਹੁੰਦਾ ਹੈ ਜਦੋਂ ਕਿ ਦੂਜੇ ਪ੍ਰਕਾਰ ਵਿੱਚ ਇੱਕ ਦੂਜੇ ਨਾਲ ਅਤੇ ਸਮੂਹ ਵਿੱਚ ਅੰਤਰਕਿਰਿਆ ਲਈ ਢੁਕਵੇਂ ਸਥਾਨ ਹੁੰਦੇ ਹਨ।

9.8 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

(i) Beane, James A. (1977). Curriculum Integration: Designing the Core

of Democratic

Education. New York: Teachers College Press.

(ii) Drake, Susan M., and Burns, Rebecca C. (2004). Meeting standards through integrated curriculum. Alexandria, VA: ASCD.

(iii) Humphreys, A., Post, T. and Ellis, A. (1981). Interdisciplinary Methods: A thematic approach. Santa Monica, CA: Goodyear Publishing Company.

(iv) Jacobs, H. H. (1989). "Design Options for an Integrated Curriculum." In H.H. Jacobs(edt.) Interdisciplinary curriculum: Design and implementation, (pp.13-24). Alexandria, VA: ASCD.

(v) Shoemaker, B. (1989). "Integrative Education: A Curriculum for the Twenty- First Century." Oregon School Study Council, 33(2).

## 9.9 ਇਕਾਈ ਅੰਤ ਅਭਿਆਸ

1. ਪ੍ਰਾਇਮਰੀ ਸਕੂਲਾਂ ਦੀ ਸ਼ੁਰੂਆਤੀ ਅਵਸਥਾ ਵਿੱਚ ਏਕੀਕ੍ਰਿਤ ਪਾਠਕ੍ਰਮ ਅਤੇ ਏਕੀਕ੍ਰਿਤ ਅਧਿਆਪਨ ਸਿਖਲਾਈ ਪ੍ਰਕਿਰਿਆ ਦੀ ਕੀ ਲੋੜ ਹੈ ?

2. ਅਧਿਆਪਨ ਸਿਖਲਾਈ ਪ੍ਰਕਿਰਿਆ ਅਤੇ ਪਾਠਕ੍ਰਮ ਨੂੰ ਏਕੀਕ੍ਰਿਤ ਕਰਨ ਦੇ ਵਿਭਿੰਨ ਪ੍ਰਕਾਰਾਂ ਦਾ ਸੰਖੇਪ ਵਰਣਨ ਉਨ੍ਹਾਂ ਦੀ ਉਪਯੋਗਤਾ ਕਲਾਸ ਅਧਿਆਪਨ ਲਈ ਦਰਸਾਉਂਦੇ ਹੋਏ ਕਰੋ।

3. ਐਲੀਮੈਂਟਰੀ ਪੱਧਰ 'ਤੇ ਸ਼ੁਰੂਆਤ ਕਰਨ ਵਾਲੇ ਸਿਖਿਆਰਥੀਆਂ ਲਈ ਕਿਹੜੀਆਂ ਪਾਠ ਪੁਸਤਕਾਂ ਜ਼ਿਆਦਾ ਉਪਯੋਗੀ ਹਨ ? ਅਤੇ ਕਿਉਂ ?

**ਇਕਾਈ- 10 ਸੁਵਿਧਾ ਵੰਚਿਤ ਸਿਖਿਆਰਥੀਆਂ ਲਈ ਪ੍ਰਸੰਗਿਕ ਸਿਖਲਾਈ ਪ੍ਰਕਿਰਿਆਵਾਂ**

**ਸੰਰਚਨਾ**

10.0 ਜਾਣ ਪਛਾਣ

10.1 ਸਿਖਲਾਈ ਉਦੇਸ਼

10.2 ਸਿਖਲਾਈ ਦੇ ਸਮਾਜਿਕ ਸੰਸਕ੍ਰਿਤਕ ਸੰਦਰਭ

10.2.1 ਸਾਰਥਿਕ ਸਿਖਲਾਈ ਲਈ ਸਮਾਜਿਕ ਸੰਸਕ੍ਰਿਤਕ ਸੰਦਰਭ

10.2.2 ਸਥਾਨਕ ਗਿਆਨ ਅਤੇ ਪਾਠ ਪੁਸਤਕ ਗਿਆਨ

10.3 ਸੁਵਿਧਾ ਵੰਚਿਤ ਬੱਚਿਆਂ ਦੀ ਸਿੱਖਿਆ

10.3.1 ਬੱਚੀਆਂ ਦੀ ਸਿੱਖਿਆ

10.3.2 ਘੱਟ ਗਿਣਤੀ ਸਮੂਹਾਂ ਦੇ ਬੱਚਿਆਂ ਦੀ ਸਿੱਖਿਆ

10.3.3 ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ

10.4 ਸਮਾਜਿਕ ਸੰਸਕ੍ਰਿਤਕ ਸੰਦਰਭ ਵਿੱਚ ਜਨ ਜਾਤੀ ਦੇ ਬੱਚਿਆਂ ਦੀ ਸਿੱਖਿਆ

10.4.1 ਮੁੱਦੇ

10.4.2 ਅਧਿਆਪਨ ਵਿਧੀਆਂ ਸਬੰਧੀ ਮੁੱਦਿਆਂ ਨੂੰ ਸੁਲਝਾਉਣ ਲਈ ਵਿਧੀਆਂ

10.4.3 ਸਮਾਜਿਕ ਸੰਸਕ੍ਰਿਤਕ ਤੱਤਾਂ ਨੂੰ ਸਮਝਣਾ

10.4.4 ਬਹੁਭਾਸ਼ੀ ਕਲਾਸ ਦੀ ਯੋਜਨਾ ਅਤੇ ਪ੍ਰਬੰਧ

10.5 ਸਾਰਾਂਸ਼

10.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

10.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

10.8 ਇਕਾਈ ਅੰਤ ਅਭਿਆਸ

## 10.0 ਜਾਣ ਪਛਾਣ

ਇੱਕ ਅਧਿਆਪਕ ਦੇ ਰੂਪ ਵਿੱਚ ਕਲਾਸ ਵਿੱਚ ਪੜ੍ਹਾਉਂਦੇ ਹੋਏ ਤੁਸੀਂ ਨੋਟ ਕੀਤਾ ਹੋਏਗਾ ਕਿ ਕਿਸੇ ਵੀ ਸਮੇਂ ਕਲਾਸ ਵਿੱਚ ਹੋ ਰਹੀ ਅੰਤਰਕਿਰਿਆ ਵਿੱਚ ਸਾਰੇ ਵਿਦਿਆਰਥੀ ਬਰਾਬਰ ਰੂਪ ਨਾਲ ਸੁਚੇਤ ਅਤੇ ਜਵਾਬ ਦੇਣ ਵਾਲੇ ਨਹੀਂ ਹੁੰਦੇ। ਕੁਝ ਵਿਦਿਆਰਥੀ ਕਲਾਸ ਦੀ ਆਖਰੀ ਕਿਰਿਆ ਵਿੱਚ ਸਰਗਰਮ ਰੂਪ ਨਾਲ ਭਾਗ ਲੈਂਦੇ ਹਨ ਜਦੋਂ ਕਿ ਕੁਝ ਹੋਰ ਵਿਦਿਆਰਥੀ ਸ਼ਾਂਤ ਅਤੇ ਸ਼ਰਮੀਲੇ ਬਣੇ ਰਹਿੰਦੇ ਹਨ। ਇਹ ਵਿਦਿਆਰਥੀ ਲਗਾਤਾਰ ਕਲਾਸ ਦੀਆਂ ਗਤੀਵਿਧੀਆਂ ਵਿੱਚ ਬਹੁਤ ਘੱਟ ਭਾਗ ਲੈਂਦੇ ਹਨ ਅਤੇ ਉਹ ਸਵੈਇੱਛਾ ਨਾਲ ਜਵਾਬ ਨਹੀਂ ਦਿੰਦੇ, ਅਜਿਹਾ ਕਿਉਂ ?

ਵਿਦਿਆਰਥੀਆਂ ਵਿੱਚ ਵਿਅਕਤੀਗਤ ਭਿੰਨਤਾਵਾਂ ਹੁੰਦੀਆਂ ਹਨ ਅਤੇ ਹਰੇਕ ਵਿਦਿਆਰਥੀ ਆਪਣੇ ਵਿਅਕਤੀਤਵ ਅਤੇ ਪ੍ਰਭਾਵ ਵਿੱਚ ਅਦਭੁੱਤ ਹੁੰਦਾ ਹੈ। ਇਸ ਲਈ ਉਨ੍ਹਾਂ ਦੇ ਧਿਆਨ ਦੀ ਅਵਧੀ, ਸਿਖਲਾਈ ਸ਼ੈਲੀ ਅਤੇ ਜਵਾਬ ਦੇਣ ਦੇ ਤਰੀਕੇ ਆਦਿ ਭਿੰਨ ਹੁੰਦੇ ਹਨ। ਪਰ ਉਹ ਵਿਦਿਆਰਥੀ ਕਿਹੜੇ ਹਨ ਜੋ ਕਲਾਸ ਵਿੱਚ ਇਕੱਲੇ ਅਤੇ ਸ਼ਾਂਤ ਬੈਠੇ ਰਹਿੰਦੇ ਹਨ ? ਕੀ ਉਹ, ਉਹ ਵਿਦਿਆਰਥੀ ਹਨ ਜੋ ਹੀਣ ਭਾਵਨਾ, ਅਣਦੇਖੀ ਦੀ ਭਾਵਨਾ ਅਤੇ ਭੇਦਭਾਵ ਦੀ ਭਾਵਨਾ ਤੋਂ ਪੀੜਤ ਹੁੰਦੇ ਹਨ ?

ਸੁਵਿਧਾ ਵੰਚਿਤ ਵਿਦਿਆਰਥੀਆਂ ਦੇ ਦੋ ਪ੍ਰਕਾਰ ਹਨ: ਸਮਾਜਿਕ ਰੂਪ ਨਾਲ ਸੁਵਿਧਾ ਵੰਚਿਤ ਬੱਚੇ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚੇ। ਆਮ ਤੌਰ 'ਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ ਅਤੇ ਘੱਟ ਗਿਣਤੀ ਸਮੂਹਾਂ ਨੂੰ ਸਮਾਜਿਕ ਰੂਪ ਨਾਲ ਸੁਵਿਧਾ ਵੰਚਿਤ ਮੰਨਿਆ ਜਾਂਦਾ ਹੈ ਜਦੋਂਕਿ ਉਹ ਬੱਚੇ ਜੋ ਸਰੀਰਿਕ ਅਤੇ ਸਿਖਲਾਈ ਕਠਿਨਾਈਆਂ ਤੋਂ ਪੀੜਤ ਹਨ, ਉਨ੍ਹਾਂ ਨੂੰ ਵਿਸ਼ੇਸ਼ ਲੋੜਾਂ ਵਾਲੇ ਬੱਚੇ ਕਿਹਾ ਜਾਂਦਾ ਹੈ। ਬੱਚਿਆਂ ਦੀਆਂ ਇਨ੍ਹਾਂ ਦੋ ਸ਼੍ਰੇਣੀਆਂ ਤੋਂ ਇਲਾਵਾ ਆਮ ਤੌਰ 'ਤੇ ਬੱਚੀਆਂ ਵੀ ਸਮਾਜਿਕ ਭੇਦਭਾਵ ਅਤੇ ਅਣਦੇਖੀ ਤੋਂ ਪੀੜਤ ਰਹਿੰਦੀਆਂ ਹਨ। ਇਨ੍ਹਾਂ ਸ਼੍ਰੇਣੀਆਂ ਦੇ ਬੱਚੇ ਸਕੂਲ ਵਿੱਚ ਸੁਵਿਧਾ ਵੰਚਿਤ ਨਾਂ ਨਾਲ ਸਕੂਲ ਵਿੱਚ ਆਉਂਦੇ ਹਨ। ਸਿੱਟੇ ਵਜੋਂ ਉਹ ਅਧਿਆਪਕ ਅਤੇ ਕਲਾਸ ਦੇ ਸਾਥੀਆਂ ਵੱਲੋਂ ਭੇਦਭਾਵ ਪੂਰਨ ਵਿਵਹਾਰ ਦੇ ਸ਼ਿਕਾਰ ਆਸਾਨੀ ਨਾਲ ਹੋ ਜਾਂਦੇ ਹਨ। ਇਹ ਦੇਖਿਆ ਗਿਆ ਹੈ ਕਿ ਜੋ ਬੱਚੇ ਜਨ ਜਾਤੀ ਸਮੂਹਾਂ ਤੋਂ ਆਉਂਦੇ ਹਨ ਉਹ ਕਲਾਸ ਵਾਤਾਵਰਣ ਵਿੱਚ ਆਰਾਮਦਾਇਕ ਅਨੁਭਵ ਨਹੀਂ ਕਰਦੇ ਕਿਉਂਕਿ ਉਹ ਜਿਸ ਸਮਾਜਿਕ ਸੰਸਕ੍ਰਿਤਕ ਵਾਤਾਵਰਣ ਵਿੱਚ ਪਲੇ ਹੁੰਦੇ ਹਨ। ਉਹ ਕਲਾਸ/ ਸਕੂਲ ਤੋਂ ਸੰਪੂਰਨ ਭਿੰਨ ਹੁੰਦਾ ਹੈ। ਸਕੂਲ ਅਤੇ ਘਰ ਦੇ ਵਾਤਾਵਰਣ ਵਿੱਚ ਇਸ ਤਰ੍ਹਾਂ ਮਿਲਾਨ ਨਾ ਹੋਣਾ ਇਨ੍ਹਾਂ ਬੱਚਿਆਂ ਨੂੰ ਹੋਰ ਜ਼ਿਆਦਾ ਸੁਵਿਧਾ ਵੰਚਿਤ ਸਥਿਤੀ ਵਿੱਚ ਪਾ ਦਿੰਦਾ ਹੈ। ਜੋ ਬੱਚੇ ਇਸ ਭੇਦਭਾਵ ਤੋਂ ਦੂਰ ਨਹੀਂ ਹੁੰਦੇ ਉਹ ਖੁਦ ਸਕੂਲ ਛੱਡ ਦਿੰਦੇ ਹਨ। ਇਸ ਇਕਾਈ ਵਿੱਚ ਅਸੀਂ ਕਲਾਸ ਵਿੱਚ ਵਿਭਿੰਨ ਸ਼੍ਰੇਣੀਆਂ ਦੇ ਸੁਵਿਧਾ ਵੰਚਿਤ ਸਿਖਿਆਰਥੀਆਂ ਦੀ ਸਿਖਲਾਈ ਦੀ ਸੁਵਿਧਾ ਲਈ ਸਿਖਲਾਈ ਦੇ ਸਮਾਜਿਕ ਸੰਸਕ੍ਰਿਤਕ ਸੰਦਰਭ ਅਤੇ ਇਸ ਦੇ ਮਹੱਤਵ ਨੂੰ ਸਮਝਾਂਗੇ ਪਰ ਜਨ ਜਾਤੀ ਬੱਚਿਆਂ ਦੀ ਸਿੱਖਿਆ 'ਤੇ ਦੋ ਮੁੱਖ ਕਾਰਨਾਂ ਦੇ ਆਧਾਰ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਜਨ ਜਾਤੀਆਂ, ਦੇਸ਼ ਦੀ ਜਨਸੰਖਿਆ ਵਿੱਚ ਚੰਗੀ ਖਾਸੀ ਸੰਖਿਆ ਵਿੱਚ ਮੌਜੂਦ ਹਨ। ਉਹ ਬਹੁਤ ਦੂਰ ਦਰਾਜ ਅਤੇ ਪਹੁੰਚ ਤੋਂ ਦੂਰ ਵਾਲੇ ਖੇਤਰਾਂ ਵਿੱਚ ਨਿਵਾਸ ਕਰਦੇ ਹਨ ਅਤੇ ਸਕੂਲ ਸਿੱਖਿਆ ਦੇ ਪ੍ਰਤੀ ਘੱਟ ਜਾਗਰੂਕਤਾ ਰੱਖਦੇ ਹਨ। ਦੂਜਾ ਇਨ੍ਹਾਂ ਬੱਚਿਆਂ ਦੀ ਸੰਸਕ੍ਰਿਤੀ ਅਤੇ ਭਾਸ਼ਾਈ ਪਰੰਪਰਾਵਾਂ ਹੋਰ ਸਮਾਜਿਕ ਸਮੂਹਾਂ ਤੋਂ ਸਪੱਸ਼ਟ ਰੂਪ ਨਾਲ ਭਿੰਨ ਹੁੰਦੀਆਂ ਹਨ। ਉਨ੍ਹਾਂ ਦੇ ਸਮਾਜਿਕ-ਆਰਥਿਕ-ਸੰਸਕ੍ਰਿਤਕ ਅਤੇ ਭਾਸ਼ਾਈ ਸਥਿਤੀਆਂ ਦੇ ਆਧਾਰ 'ਤੇ ਉਨ੍ਹਾਂ ਦੀਆਂ ਭਿੰਨ ਸਿੱਖਿਆ ਲੋੜਾਂ ਦੀ ਪ੍ਰਕਿਰਤੀ ਨੂੰ ਠੀਕ ਨਾਲ ਸਮਝ ਕੇ ਉਨ੍ਹਾਂ ਦੀਆਂ ਸਮੱਸਿਆਵਾਂ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਆਪਣੀ ਕਲਾਸ ਵਿੱਚ ਇਸ ਪ੍ਰਕਾਰ ਦੇ ਬੱਚਿਆਂ ਦੀਆਂ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਰੱਖਣ ਦੀ ਲੋੜ ਹੈ ਅਤੇ ਉਨ੍ਹਾਂ ਦੀਆਂ ਸਿਖਲਾਈ ਕਠਿਨਾਈਆਂ ਨੂੰ ਸੁਲਝਾਉਣ ਲਈ ਖੁਦ ਨੂੰ ਤਿਆਰ ਕਰੋ। ਇਸ ਇਕਾਈ ਵਿੱਚ ਅਜਿਹੇ ਮੁੱਦਿਆਂ ਦੀਆਂ ਵਿਸ਼ੇਸ਼ ਵਿਧੀਆਂ ਨਾਲ ਚਰਚਾ

ਕੀਤੀ ਗਈ ਹੈ ਤਾਂ ਕਿ ਇਹ ਬੱਚੇ ਵੀ ਹੋਰ ਬੱਚਿਆਂ ਦੀ ਤਰ੍ਹਾਂ ਕਲਾਸ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਭਾਗ ਲੈ ਸਕਣ।

## 10.1 ਸਿਖਲਾਈ ਉਦੇਸ਼

ਇਸ ਇਕਾਈ ਦੀ ਸਮਾਪਤੀ 'ਤੇ ਤੁਸੀਂ ਨਿਮਨਲਿਖਤ ਵਿੱਚ ਸਮਰੱਥ ਹੋਵੋਗੇ:

- ਸਿਖਲਾਈ ਦੇ ਵਿਭਿੰਨ ਸਥਾਨਕ ਸਮਾਜਿਕ-ਸੰਸਕ੍ਰਿਤਕ ਸੰਦਰਭਾਂ ਨੂੰ ਪਛਾਣਨ ਵਿੱਚ।
- ਕਲਾਸ ਵਿੱਚ ਵਿਭਿੰਨ ਸ਼੍ਰੇਣੀਆਂ ਦੇ ਸੁਵਿਧਾ ਵੰਚਿਤ ਬੱਚਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਸਹਿਲਾਉਣ ਵਿੱਚ।
- ਜਨ ਜਾਤੀ ਸਮੂਹਾਂ ਦੇ ਬੱਚਿਆਂ ਦੀ ਸਿੱਖਿਆ ਨਾਲ ਸਬੰਧਿਤ ਮੁੱਦਿਆਂ ਨੂੰ ਸਪੱਸ਼ਟ ਕਰਨ ਵਿੱਚ।
- ਜਨ ਜਾਤੀ ਵਿਦਿਆਰਥੀਆਂ ਦੇ ਸਮਾਜਿਕ-ਸੰਸਕ੍ਰਿਤਕ ਅਤੇ ਭਾਸ਼ਾਈ ਸਥਿਤੀਆਂ ਦੀ ਢੁਕਵੀਆਂ ਸਿਖਲਾਈ ਵਿਧੀਆਂ ਦਾ ਉਪਯੋਗ ਕਰਨ ਵਿੱਚ।

## 10. 2 ਸਿਖਲਾਈ ਦੇ ਸਮਾਜਿਕ-ਸੰਸਕ੍ਰਿਤਕ ਸੰਦਰਭ

ਸਿਖਿਆਰਥੀ ਕੇਂਦਰਿਤ ਅਧਿਆਪਨ ਵਿਧੀਆਂ ਵਿੱਚ ਬੱਚਿਆਂ ਦੇ ਅਨੁਭਵ, ਉਨ੍ਹਾਂ ਦੇ ਵਿਚਾਰ ਅਤੇ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆਵਾਂ ਵਿੱਚ ਉਨ੍ਹਾਂ ਦੀ ਸਰਗਰਮ ਸਹਿਭਾਗਤਾ ਨੂੰ ਮਹੱਤਵ ਦਿੱਤਾ ਜਾਂਦਾ ਹੈ। ਨਿਮਨਲਿਖਤ ਸਬੰਧੀ ਤੁਸੀਂ ਕੀ ਸੋਚਦੇ ਹੋ:

-ਕੀ ਅਸੀਂ ਕਲਾਸ ਵਿੱਚ ਬੱਚਿਆਂ ਨੂੰ ਅਜਿਹੀਆਂ ਵਸਤੂਆਂ ਨੂੰ ਸਮਝੇ ਬਿਨਾਂ ਜੋ ਕਿਸੇ ਪੂਰਵ ਅਨੁਭਵ ਦੇ ਹੋਣ। ਜਾਂ ਉਸ ਨੂੰ ਇੱਕ ਹੋਰ ਮਨੁੱਖ ਸਮਝੇ ਜਿਸ ਕੋਲ ਆਪਣੇ ਪਰਿਵਾਰ ਅਤੇ ਸਮੂਹ ਸਮਾਜਿਕ-ਆਰਥਿਕ-ਸੰਸਕ੍ਰਿਤਕ ਸਥਿਤੀਆਂ ਰਾਹੀਂ ਰਚੇ ਬਹੁਤ ਸਾਰੇ ਅਨੁਭਵ ਅਤੇ ਦਿਮਾਗੀ ਢਾਂਚਾ ਹੈ।

-ਕੀ ਅਸੀਂ ਵਿਸ਼ਾ ਵਸਤੂ ਨੂੰ ਬੱਚਿਆਂ ਲਈ ਬਿਨਾਂ ਉਸ ਦੀ ਸਾਰਥਿਕਤਾ ਅਤੇ ਲੋੜ ਨੂੰ ਸਮਝੇ ਸਿੱਧੇ ਉਸ ਨੂੰ ਪੜ੍ਹਾ ਦਈਏ ਜਾਂ ਉਨ੍ਹਾਂ ਰਾਹੀਂ ਪ੍ਰਾਪਤ ਪੂਰਵ ਅਨੁਭਵਾਂ ਦੀ ਰਚਨਾ ਅਤੇ ਪੁਨਰ ਰਚਨਾ ਦੇ ਉਪਯੋਗ ਨਾਲ ਖੁਦ ਆਪਣੀ ਸਿਖਲਾਈ ਦੇ ਨਿਰਮਾਣ ਦਾ ਸਹਿਜੀਕਰਨ ਕਰੀਏ ? ਇਨ੍ਹਾਂ ਅਨੁਭਵਾਂ ਨੂੰ ਉਹ ਆਪਣੇ ਅਸਲ ਜੀਵਨ-ਸਥਿਤੀਆਂ ਜਿਵੇਂ ਸਮਾਜਿਕ-ਆਰਥਿਕ ਅਤੇ ਸੰਸਕ੍ਰਿਤਕ ਵਿਭਿੰਨਤਾ ਵਿੱਚ ਅਣਹੋਂਦ ਦਾ ਸਾਹਮਣਾ ਕਰਨ ਤੋਂ ਹਾਸਲ ਕਰਦੇ ਹਾਂ।

ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਵਿੱਚ ਇੱਕ ਅਧਿਆਪਕ ਦੇ ਰੂਪ ਵਿੱਚ ਤੁਸੀਂ ਆਪਣੇ ਕਲਾਸ ਅਧਿਆਪਨ ਲਈ ਕਾਰਜ ਪ੍ਰਣਾਲੀ ਨਿਸ਼ਚਤ ਕਰੋਗੇ। ਅਸੀਂ ਜਾਣਦੇ ਹਾਂ ਕਿ ਸਿਖਲਾਈ ਦੀ ਪ੍ਰਕਿਰਤੀ ਸਰਗਰਮ ਅਤੇ ਸਮਾਜਿਕ ਹੈ। ਇਸ ਲਈ ਇਸ ਨੂੰ ਬੱਚਿਆਂ ਦੇ ਸਥਾਨਕ ਸੰਦਰਭ ਅਤੇ ਅਨੁਭਵ 'ਤੇ ਆਧਾਰਿਤ ਹੋਣਾ ਚਾਹੀਦਾ ਹੈ। ਅਧਿਆਪਨ ਸਿਖਲਾਈ ਪ੍ਰਕਿਰਿਆ ਬੱਚਿਆਂ ਦੇ ਸਰੀਰਿਕ, ਸਮਾਜਿਕ ਅਤੇ ਸੰਸਕ੍ਰਿਤਕ ਤਰਜੀਹਾਂ ਨੂੰ ਧਿਆਨ ਵਿੱਚ ਰੱਖਦੇ ਸੰਚਾਲਿਤ ਹੋਣੀ ਚਾਹੀਦੀ ਹੈ। ਨਿਮਨਲਿਖਤ ਦੋ ਕਲਾਸ ਸਥਿਤੀਆਂ ਨੂੰ ਸਮਝੋ।

**ਸਥਿਤੀ**–1: ਰਘੂ ਮਹਿਤਾ ਇੱਕ ਪ੍ਰਾਇਮਰੀ ਸਕੂਲ ਦਾ ਅਧਿਆਪਕ ਹੈ। ਉਸ ਨੂੰ 'ਭੋਜਨ' ਨਾਂ ਦਾ ਪਾਠ ਚੌਥੀ ਕਲਾਸ ਨੂੰ ਪੜ੍ਹਾਉਣਾ ਹੈ। ਉਹ ਪੂਰੀ ਤਿਆਰੀ ਨਾਲ ਅਤੇ ਉਨ੍ਹਾਂ ਨੋਟਸ ਜੋ ਉਸ ਨੇ ਪਾਠ ਪੁਸਤਕ ਅਤੇ ਹੋਰ ਸੰਦਰਭਾਂ ਤੋਂ ਤਿਆਰ ਕੀਤੇ ਸਨ, ਨਾਲ ਲੈ ਕੇ ਕਲਾਸ ਵਿੱਚ ਗਿਆ। ਉਹ ਬਹੁਤ ਗੰਭੀਰ ਸੀ ਅਤੇ ਬਿਨਾਂ ਕਿਸੇ ਉਲਝਣ ਦੇ ਕਲਾਸ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਸਜੀਵਾਂ ਲਈ ਭੋਜਨ ਦੀ ਲੋੜ ਦੇ ਬਾਰੇ ਵਿੱਚ ਦੱਸਿਆ, ਵਿਭਿੰਨ ਪ੍ਰਕਾਰ ਦੇ ਭੋਜਨ ਦੇ ਕਈ ਉਦਾਹਰਨ ਦਿੱਤੇ ਅਤੇ ਢੁਕਵੀਂ ਅਧਿਆਪਨ ਸਿਖਲਾਈ ਸਮੱਗਰੀ ਦੇ ਪ੍ਰਯੋਗ ਰਾਹੀਂ ਵਿਸਥਾਰਤ ਰੂਪ ਵਿੱਚ ਦੱਸਿਆ ਕਿ ਕਿਸ ਪ੍ਰਕਾਰ ਵਿਭਿੰਨ ਭੋਜਨ ਸਮੱਗਰੀ ਨੂੰ ਪ੍ਰਾਪਤ ਕੀਤਾ ਜਾਂਦਾ ਹੈ, ਸੰਗ੍ਰਹਿ ਕੀਤਾ ਜਾਂਦਾ ਹੈ ਅਤੇ ਉਪਯੋਗ ਵਿੱਚ ਲਿਆਂਦਾ ਜਾਂਦਾ ਹੈ। ਇਸੀ ਦੌਰਾਨ ਉਸ ਨੇ ਵਿਦਿਆਰਥੀਆਂ ਦੇ ਕਲਾਸ ਨੋਟਸ ਨੂੰ ਦੇਖਿਆ ਅਤੇ ਕੁਝ ਗ੍ਰਹਿ ਕਾਰਜ ਵੀ ਉਨ੍ਹਾਂ ਨੂੰ ਦਿੱਤਾ। ਅੰਤ ਵਿੱਚ ਉਸ ਨੇ ਕੁਝ ਪ੍ਰਸ਼ਨ ਪੁੱਛੇ ਅਤੇ ਜਿਨ੍ਹਾਂ ਵਿਦਿਆਰਥੀਆਂ ਨੇ ਆਪਣੇ ਹੱਥ ਚੁੱਕੇ ਉਨ੍ਹਾਂ ਨੂੰ ਉੱਤਰ ਦੇਣ ਦਾ ਨਿਰਦੇਸ਼ ਦਿੱਤਾ। ਸੰਪੂਰਨ ਰੂਪ ਨਾਲ ਉਸ ਨੇ ਕਲਾਸ ਨੂੰ ਬਹੁਤ ਸਾਰੇ ਤੱਥ ਦੱਸੇ,ਵਿਦਿਆਰਥੀਆਂ ਨੂੰ ਚਰਚਾ ਅਤੇ ਲੱਭਣ ਦੀਆਂ ਕਿਰਿਆਵਾਂ ਵਿੱਚ ਸ਼ਾਮਲ ਕੀਤਾ, ਪਰ ਆਪਣਾ ਧਿਆਨ ਕੁਝ ਹੀ ਵਿਦਿਆਰਥੀਆਂ 'ਤੇ ਕੇਂਦਰਿਤ ਰੱਖਿਆ ਜੋ ਕਲਾਸ ਵਿੱਚ ਕੁਝ ਸਰਗਰਮ ਦਿਖਾਈ ਦੇ ਰਹੇ ਸਨ।

**ਸਥਿਤੀ**– 2: ਅਨੀਤਾ ਇੱਕ ਹੋਰ ਪ੍ਰਾਇਮਰੀ ਸਕੂਲ ਦੀ ਅਧਿਆਪਿਕਾ ਹੈ। ਉਸ ਨੇ ਵੀ ਉਹੀ ਪਾਠ ਉਸੀ ਕਲਾਸ ਵਿੱਚ ਪੜ੍ਹਾਉਣਾ ਹੈ। ਉਸ ਨੇ ਕਲਾਸ ਵਿੱਚ ਪ੍ਰਵੇਸ਼ ਦੇ ਨਾਲ ਹੀ ਵਿਦਿਆਰਥੀਆਂ ਨਾਲ ਗੈਰ ਰਸਮੀ ਰੂਪ ਨਾਲ ਗੱਲ ਕੀਤੀ। ਜਿਵੇਂ: ਅੱਜ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ ? ਤੁਸੀਂ ਦੁਪਹਿਰ ਦੇ ਭੋਜਨ ਵਿੱਚ ਕੀ ਲਿਆ ? ਤੁਹਾਡੇ ਭੋਜਨ ਨੂੰ ਤਿਆਰ ਕਰਨ ਵਿੱਚ ਕਿਹੜੀਆਂ ਕਿਹੜੀਆਂ ਵਸਤੂਆਂ (ਸਮੱਗਰੀ) ਦੀ ਵਰਤੋਂ ਕੀਤੀ ਗਈ ਹੈ ? ਭੋਜਨ ਸਮੱਗਰੀ ਨੂੰ ਕਿੱਥੋਂ ਪ੍ਰਾਪਤ ਕੀਤਾ ਗਿਆ ? ਤੁਹਾਡੇ ਲਈ ਭੋਜਨ ਦਾ ਖਾਣਾ ਕੌਣ ਬਣਾਉਂਦਾ ਹੈ ? ਆਦਿ ਫਿਰ ਉਸ ਨੇ ਵਿਦਿਆਰਥੀਆਂ ਨੂੰ ਜੋ ਭੋਜਨ ਉਹ ਰੋਜ਼ਾਨਾ ਲੈਂਦੇ ਹਨ, ਉਨ੍ਹਾਂ ਦੀ ਇੱਕ ਸੂਚੀ ਬਣਾਉਣ ਨੂੰ ਕਿਹਾ। ਜਦੋਂ ਵਿਦਿਆਰਥੀਆਂ ਨੇ ਇੱਕ ਇੱਕ ਕਰਕੇ ਭੋਜਨ ਦੇ ਨਾਂ ਦੱਸਣੇ ਸ਼ੁਰੂ ਕੀਤੇ ਤਾਂ ਉਸ ਨੇ ਇਨ੍ਹਾਂ ਨਾਮਾਂ ਨੂੰ ਬਲੈਕ ਬੋਰਡ 'ਤੇ ਲਿਖਿਆ। ਤਾਂ ਉਸ ਨੇ ਪੁੱਛਿਆ– ਤੁਸੀਂ ਭੋਜਨ ਕਿਉਂ ਲੈਂਦੇ ਹੋ ? ਥੋੜ੍ਹੇ ਸਮੇਂ ਲਈ ਵਿਦਿਆਰਥੀ ਚੁੱਪਚਾਪ ਰਹੇ, ਪਰ ਫਿਰ ਬੋਲਣਾ ਸ਼ੁਰੂ ਕੀਤਾ 'ਅਸੀਂ ਜਿਉਂਦੇ ਰਹਿਣ ਲਈ ਭੋਜਨ ਲੈਂਦੇ ਹਾਂ।' 'ਸਾਨੂੰ ਭੋਜਨ ਤੋਂ ਊਰਜਾ ਮਿਲਦੀ ਹੈ।' ਇਸ ਪ੍ਰਕਾਰ ਦੇ ਬਹੁਤ ਸਾਰੇ ਉੱਤਰ ਵਿਦਿਆਰਥੀਆਂ ਦੀ ਤਰਫ਼ ਤੋਂ ਮਿਲੇ। ਅਨੀਤਾ ਨੇ ਹਰੇਕ ਬੱਚੇ ਨੂੰ ਭਾਗ ਲੈਣ ਲਈ ਪ੍ਰੇਰਿਤ ਕੀਤਾ। ਬਾਅਦ ਵਿੱਚ ਉਸ ਨੇ ਇੱਕ ਪ੍ਰਸ਼ਨ ਬਲੈਕ ਬੋਰਡ 'ਤੇ ਲਿਖਿਆ 'ਜੇਕਰ ਅਸੀਂ ਭੋਜਨ ਨਾ ਕਰੀਏ ਤਾਂ ਕੀ ਹੋਏਗਾ ?' ਹਰੇਕ ਵਿਦਿਆਰਥੀ ਨੇ ਆਪਣਾ ਉੱਤਰ ਆਪਣੀ ਕਾਪੀ ਵਿੱਚ ਲਿਖਿਆ। ਇਸ ਦੌਰਾਨ ਅਨੀਤਾ ਨੇ ਬੱਚਿਆਂ ਦੇ ਕਾਰਜ ਦੀ ਜਾਂਚ ਕੀਤੀ, ਉਨ੍ਹਾਂ ਦੇ ਉੱਤਰਾਂ ਲਈ ਕੁਝ ਸੰਕੇਤ ਦਿੱਤੇ ਅਤੇ ਜਿੱਥੇ ਲੋੜ ਪਈ ਉਨ੍ਹਾਂ ਦੇ ਉੱਤਰਾਂ ਵਿੱਚ ਸੋਧ ਕੀਤੀ। ਉਸ ਨੇ ਵਿਦਿਆਰਥੀਆਂ ਨੂੰ ਆਪਣੇ ਉੱਤਰਾਂ ਨੂੰ ਪੜ੍ਹਨ ਅਤੇ ਬਲੈਕ ਬੋਰਡ 'ਤੇ ਲਿਖਣ ਲਈ ਵੀ ਕਿਹਾ।

ਉਪਰੋਕਤ ਦੋ ਸਥਿਤੀਆਂ ਦੀ ਤੁਲਨਾ ਕਰਨ ’ਤੇ ਤੁਸੀਂ ਕਿਸ ਨੂੰ ਬਿਹਤਰ ਅਧਿਆਪਨ ਸਥਿਤੀ ਸਮਝਦੇ ਹੋ ? ਕਿਉਂ ? ਪਹਿਲੀ ਸਥਿਤੀ ਵਿੱਚ ਸ਼੍ਰੀ ਮਹੰਤਾ ਨੇ ਧਾਰਨਾਵਾਂ ਨੂੰ ਪੜ੍ਹਾਉਣ ’ਤੇ ਜ਼ਿਆਦਾ ਜ਼ੋਰ ਦਿੱਤਾ ਅਤੇ ਧਾਰਨਾਵਾਂ ਨਾਲ ਸਬੰਧਿਤ ਵਿਦਿਆਰਥੀਆਂ ਦੇ ਅਨੁਭਵਾਂ ਨੂੰ ਨਹੀਂ ਸਮਝਿਆ। ਉਸ ਨੇ ਬੱਚਿਆਂ ਦੇ ਦਿਮਾਗ ਵਿੱਚ ਧਾਰਨਾਵਾਂ ਦਾ ਗਿਆਨ ਭਰਨ ਦੀ ਕੋਸ਼ਿਸ਼ ਕੀਤੀ। ਉਹ ਕੁਝ ਸਰਗਰਮ ਵਿਦਿਆਰਥੀਆਂ ’ਤੇ ਹੀ ਧਿਆਨ ਦੇ ਰਿਹਾ ਸੀ ਅਤੇ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਵਿਦਿਆਰਥੀਆਂ ’ਤੇ ਧਿਆਨ ਨਹੀਂ ਦੇ ਰਿਹਾ ਸੀ ਜੋ ਕਲਾਸ ਵਿੱਚ ਜ਼ਿਆਦਾ ਗੈਰ ਸਰਗਰਮ ਰਹਿੰਦੇ ਹਨ। ਇਹ ਕਲਾਸ ਅਧਿਆਪਕ ਕੇਂਦਰਿਤ ਹੈ। ਦੂਜੀ ਸਥਿਤੀ ਵਿੱਚ ਅਨੀਤਾ ਨੇ ਲਗਾਤਾਰ ਵਿਦਿਆਰਥੀਆਂ ਦੇ ਅਨੁਭਵਾਂ ਨੂੰ ਸਮਝਦੇ ਹੋਏ ਉਨ੍ਹਾਂ ਦੀ ਸੁਵਿਧਾਜਨਕ ਸਿਖਲਾਈ ਦੌਰਾਨ ਵਿਦਿਆਰਥੀਆਂ ਨੂੰ ਜੋੜ ਕੇ ਰੱਖਣ ਦੀ ਕੋਸ਼ਿਸ਼ ਕੀਤੀ। ਉਸ ਵੱਲੋਂ ਵਿਦਿਆਰਥੀਆਂ ਤੋਂ ਪੁੱਛੇ ਗਏ ਪ੍ਰਸ਼ਨਾਂ ਨਾਲ ਸਪੱਸ਼ਟ ਹੈ ਕਿ ਉਹ ਖੁਦ ਵਿਦਿਆਰਥੀਆਂ ਦੇ ਸਥਾਨਕ ਸੰਦਰਭਾਂ ਪ੍ਰਤੀ ਸੁਚੇਤ ਸੀ ਅਤੇ ਉਸ ਨੇ ਕੋਈ ਵੀ ਗਿਆਨ ਉਨ੍ਹਾਂ ਦੇ ਉੱਪਰ ਲੱਦਣ ਦੀ ਕੋਸ਼ਿਸ਼ ਨਹੀਂ ਕੀਤੀ।

ਜਦੋਂ ਸਿਖਲਾਈ ਵਿਦਿਆਰਥੀਆਂ ਦੇ ਅਨੁਭਵ ਨਾਲ ਸਬੰਧਿਤ ਹੋਵੇ ਅਤੇ ਜਿਸ ਸੰਦਰਭ ਵਿੱਚ ਉਹ ਰਹਿੰਦੇ ਹੋਣ ਉਨ੍ਹਾਂ ਨੂੰ ਸਿਖਲਾਈ ਨਾਲ ਜੋੜਿਆ ਜਾਏ, ਜਦੋਂ ਉਹ ਵਿਦਿਆਰਥੀਆਂ ਦੇ ਚਿੰਤਨ ਦਾ ਉਤਪਾਦ ਹੋਵੇ, ਜਦੋਂ ਉਹ ਸਵੈ ਨਿਰਦੇਸ਼ਤ ਹੋਣ, ਜਦੋਂ ਵਿਦਿਆਰਥੀ ਆਪਣੇ ਸਿਖਲਾਈ ਅਨੁਭਵਾਂ ਨਾਲ ਕੁਝ ਕਰ ਰਿਹਾ ਹੋਵੇ, ਤਾਂ ਇਹ ਸਾਰਥਿਕ ਬਣ ਜਾਂਦਾ ਹੈ।

### 10.2.1 ਸਾਰਥਿਕ ਸਿਖਲਾਈ ਲਈ ਸਮਾਜਿਕ-ਸੰਸਕ੍ਰਿਤਕ ਸੰਦਰਭ


ਰਾਸ਼ਟਰੀ ਪਾਠਕ੍ਰਮ ਢਾਂਚਾ 2005 (ਐਨਸੀਐਫ 2005) ਅਨੁਸਾਰ: ‘ਬੱਚੇ ਦਾ ਸਮੁਦਾਏ ਅਤੇ ਸਥਾਨਕ ਵਾਤਾਵਰਣ ਮੁੱਢਲੇ ਸੰਦਰਭ ਦਾ ਨਿਰਮਾਣ ਕਰਦਾ ਹੈ ਜਿਸ ਵਿੱਚ ਸਿਖਲਾਈ ਕਿਰਿਆ ਹੁੰਦੀ ਹੈ ਅਤੇ ਜਿਸ ਵਿੱਚ ਗਿਆਨ ਨੂੰ ਮਹੱਤਵ ਹਾਸਲ ਹੁੰਦਾ ਹੈ। ਬੱਚਾ ਆਪਣੇ ਵਾਤਾਵਰਣ ਨਾਲ ਅੰਤਰ ਕਿਰਿਆ ਰਾਹੀਂ ਗਿਆਨ ਦੀ ਰਚਨਾ ਕਰਦਾ ਹੈ ਅਤੇ ਉਸਦਾ ਅਰਥ ਕੱਢਦਾ ਹੈ।’ (ਪੇਜ ਸੰਖਿਆ 30)

ਅਸੀਂ ਬੱਚੇ ਦੀਆਂ ਪਰਿਵਾਰਕ ਸਥਾਨਕ ਅਤੇ ਸਮੁਦਾਇਕ ਸਥਿਤੀਆਂ ਦੀ ਉਮੀਦ ਨਹੀਂ ਕਰ ਸਕਦੇ, ਜਿਸ ਵਿੱਚ ਉਹ ਪਲਿਆ ਹੈ। ਇਸ ਦੇ ਨਿਮਨ ਦੋ ਕਾਰਨ ਹਨ:

(1) ਸਥਾਨਕ ਵਾਤਾਵਰਣ ਬੱਚੇ ਨੂੰ ਬਹੁਤ ਅਨੁਭਵਾਂ ਨੂੰ ਹਾਸਲ ਕਰਨ ਲਈ ਸੁਵਿਧਾਜਨਕ ਸਥਿਤੀਆਂ ਪ੍ਰਦਾਨ ਕਰਦਾ ਹੈ। (2) ਸਿੱਖਿਆ ਲਈ ਅਣਹੋਂਦਾਂ/ਕਮੀਆਂ, ਪਰਿਵਾਰ ਅਤੇ ਸਮੁਦਾਏ ਦੇ ਸਮਾਜਿਕ ਆਰਥਿਕ ਅਤੇ ਸੰਸਕ੍ਰਿਤਕ ਪਰੰਪਰਾਵਾਂ ਅਤੇ ਮਾਨਤਾਵਾਂ ਦੇ ਕਾਰਨ ਉਤਪੰਨ ਹੋ ਜਾਂਦੇ ਹਨ।

**ਸੁਵਿਧਾਜਨਕ ਸਥਿਤੀਆਂ:**

ਬੱਚੇ ਆਪਣੇ ਸਮਾਜਿਕ ਸੰਸਕ੍ਰਿਤਕ ਵਾਤਾਵਰਣ ਨਾਲ ਕਿਰਿਆ ਰਾਹੀਂ ਵਿਭਿੰਨ ਪ੍ਰਕਾਰ ਦੇ ਅਨੁਭਵਾਂ ਨੂੰ ਇਕੱਤਰ ਕਰਦੇ ਹਨ। ਉਹ ਆਪਣੇ ਚਾਰੋ ਤਰਫ਼ ਦੇ ਦਰੱਖਤਾਂ ਤੋਂ, ਉਨ੍ਹਾਂ ਜਾਨਵਰਾਂ ਅਤੇ ਪੰਛੀਆਂ ਨਾਲ ਜਿਨ੍ਹਾਂ ਨੂੰ ਉਨ੍ਹਾਂ ਨੇ ਦੇਖਿਆ ਹੈ, ਦੋਸਤ ਜਿਹੜੇ ਉਨ੍ਹਾਂ ਦੇ ਨਾਲ ਖੇਡਦੇ ਹਨ, ਪਰਿਵਾਰ ਦੇ ਮੈਂਬਰ ਜਿਨ੍ਹਾਂ ਨਾਲ ਉਹ ਰਹਿੰਦੇ ਹਨ। ਆਦਿ ਤੋਂ ਬਹੁਤ ਸਿੱਖਦੇ ਹਨ। ਸਾਨੂੰ ਉਨ੍ਹਾਂ ਦੀ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਲਈ ਪਾਠ ਪੁਸਤਕਾਂ ਵਿੱਚ ਮੌਜੂਦ ਨਵੇਂ ਗਿਆਨ ਨੂੰ ਉਨ੍ਹਾਂ ਕੋਲ ਮੌਜੂਦ ਅਨੁਭਵਾਂ ਨਾਲ ਜੋੜਨਾ ਹੈ। ਆਓ ਸਮਝਦੇ ਹਾਂ, ਕਿਸ ਪ੍ਰਕਾਰ ਸਾਰਥਿਕ ਸਿਖਲਾਈ ਦੀ ਕਿਰਿਆ ਹੁੰਦੀ ਹੈ। ਹੇਠ ਦਿੱਤੇ ਗਏ ਚਿੱਤਰ ਨੂੰ ਦੇਖੋ ਅਤੇ ਸੋਚੋ।




ਜਦੋਂ ਇੱਕ ਬੱਚਾ ਭੋਜਨ ਦੇ ਬਾਰੇ ਵਿੱਚ ਸਿੱਖਦਾ ਹੈ ਤਾਂ ਉਹ 'ਭੋਜਨ' ਦੀ ਧਾਰਨਾ ਨੂੰ ਆਪਣੇ ਅਨੁਭਵਾਂ ਦੇ ਆਧਾਰ 'ਤੇ ਵਿਭਿੰਨ ਪ੍ਰਕਾਰ ਦੇ ਭੋਜਨ ਜੋ ਉਹ ਰੋਜ਼ਾਨਾ ਗ੍ਰਹਿਣ ਕਰਦਾ ਹੈ ਅਤੇ ਭੋਜਨ ਤਿਆਰ ਕਰਨ ਦੀ ਪ੍ਰਕਿਰਿਆ ਨਾਲ ਜੋੜਦਾ ਹੈ। ਉਹ ਖੇਤੀ, ਸਿਹਤ ਅਤੇ ਬਿਮਾਰੀ ਆਦਿ ਨਾਲ ਵੀ ਇਸ ਨੂੰ ਜੋੜਦਾ ਹੈ। ਇੱਥੇ ਇਹ ਅਨੁਭਵ ਇਕੱਠੇ ਦਿਮਾਗ ਵਿੱਚ ਇਕੱਤਰ ਹੋ ਜਾਂਦੇ ਹਨ। ਜਦੋਂ ਇੱਕ ਧਾਰਨਾ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਦੂਜੀ ਧਾਰਨਾ ਵੀ ਨਾਲ ਨਾਲ ਉਸ ਦੇ ਅਨੁਭਵ ਨਾਲ ਖੁਦ ਹੀ ਯਾਦ ਹੋ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ ਭੋਜਨ ਦੀ ਧਾਰਨਾ ਨੂੰ ਯਾਦ ਕਰਨ ਨਾਲ ਉਸ ਨਾਲ ਸਬੰਧਿਤ ਹੋਰ ਧਾਰਨਾਵਾਂ ਨੂੰ ਯਾਦ ਕਰਨ ਲਈ ਬੱਚਿਆਂ ਨੂੰ ਆਪਣੇ ਆਸ ਪਾਸ ਦੇ ਵਾਤਾਵਰਣ ਨਾਲ ਲਗਾਤਾਰ ਅੰਤਰਕਿਰਿਆ ਨਾਲ ਹਾਸਲ ਅਨੁਭਵਾਂ ਦੇ ਉਪਯੋਗ ਦਾ ਅਵਸਰ ਮਿਲਦਾ ਹੈ। ਇਸਦਾ ਅਰਥ ਹੈ ਕਿ ਸਥਾਨਕ ਵਾਤਾਵਰਣ ਸਿਖਲਾਈ ਲਈ ਸੁਵਿਧਾ ਦੇ ਸੰਦਰਭ ਨੂੰ ਪ੍ਰਦਾਨ ਕਰਦਾ ਹੈ।

**ਰੁਕਾਵਟ ਸਥਿਤੀਆਂ:**

ਸਮੁਦਾਏ ਵਿੱਚ ਮੌਜੂਦ ਸਮਾਜਿਕ, ਆਰਥਿਕ ਅਤੇ ਸੰਸਕ੍ਰਿਤਕ ਸਥਿਤੀਆਂ ਵੀ ਬੱਚਿਆਂ ਦੀ ਸਿੱਖਿਆ ਵਿੱਚ ਰੁਕਾਵਟ ਪਾਉਂਦੀਆਂ ਹਨ। ਕੁਝ ਸਮੁਦਾਏ ਖੁਸ਼ਹਾਲ ਹਨ ਜੋ ਲੜਕੀਆਂ ਦੀ ਸਿੱਖਿਆ ਦੇ ਬਾਰੇ ਵਿੱਚ ਬਹੁਤ ਹੀ ਰੂੜੀਵਾਦੀ ਵਿਚਾਰ ਰੱਖਦੇ ਹਨ। ਬੇਹੱਦ ਗਰੀਬ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦੀ ਥਾਂ 'ਤੇ ਰੋਜ਼ੀ ਰੋਟੀ ਕਮਾਉਣ ਵਿੱਚ ਸ਼ਾਮਲ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਇਸੀ ਪ੍ਰਕਾਰ ਕੁਝ ਸਮੁਦਾਏ ਸਮਾਜਿਕ ਅਤੇ ਧਾਰਮਿਕ ਕੁਰਹਿਤਾਂ ਕਾਰਨ ਆਪਣੀਆਂ ਬੱਚੀਆਂ ਨੂੰ ਸਹਿ ਸਿੱਖਿਆ ਸਕੂਲਾਂ ਵਿੱਚ ਲੜਕਿਆਂ ਦੇ ਨਾਲ ਪੜ੍ਹਨ ਲਈ ਭੇਜਣਾ ਪਸੰਦ ਨਹੀਂ ਕਰਦੇ। ਕੁਝ ਸੰਪਰਦਾਇਆਂ ਵਿੱਚ ਜਿੱਥੇ ਜਾਤ ਪ੍ਰਥਾ ਜ਼ਿਆਦਾ ਪ੍ਰਚੱਲਿਤ ਹੈ, ਉੱਥੇ ਕਥਿਤ ਉੱਚ ਜਾਤੀ ਦੇ ਪਰਿਵਾਰ ਆਪਣੇ ਬੱਚਿਆਂ ਨੂੰ ਦਲਿਤ ਪਰਿਵਾਰ, ਜੋ ਸਾਡੇ ਦੇਸ਼ ਦੇ ਬਹੁਤ ਸਾਰੇ ਖੇਤਰਾਂ ਵਿੱਚ ਅਜੇ ਵੀ ਅਛੂਤ ਸਮਝੇ ਜਾਂਦੇ ਹਨ, ਦੇ ਬੱਚਿਆਂ ਨਾਲ ਬੈਠਣਾ ਜਾਂ ਪਰਸਪਰ ਕਿਰਿਆ ਕਰਨਾ ਪਸੰਦ ਨਹੀਂ ਕਰਦੇ। ਜਨ ਜਾਤੀ ਬੱਚੇ ਉਨ੍ਹਾਂ ਦੀ ਖੁਸ਼ਹਾਲ ਅਤੇ ਵਿਭਿੰਨ ਸੰਸਕ੍ਰਿਤੀ ਨੂੰ ਨਾ ਸਮਝਣ ਕਾਰਨ, ਉਨ੍ਹਾਂ ਦੀ ਗਰੀਬੀ ਅਤੇ ਭਾਸ਼ਾ ਦੀ ਵਜ੍ਹਾ ਨਾਲ ਬੋਲਚਾਲ ਵਿੱਚ ਕਠਿਨਾਈ ਕਾਰਨ ਛੋਟੇ ਸਮਝੇ ਜਾਂਦੇ ਹਨ। ਇਸ ਪ੍ਰਕਾਰ ਦੀਆਂ ਰੁਕਾਵਟਾਂ ਦੀ ਸੂਚੀ ਵੀ ਖਤਮ ਨਹੀਂ ਹੋਣ ਵਾਲੀ ਹੈ।

ਫਿਰ ਵੀ ਬੱਚਿਆਂ ਦੇ ਸਮਾਜਿਕ ਸੰਸਕ੍ਰਿਤਕ ਸੰਦਰਭਾਂ ਨੂੰ ਸਮਝਦੇ ਹੋਏ ਉਨ੍ਹਾਂ ਦੀ ਸਾਰਥਿਕ ਸਿਖਲਾਈ ਦੀ ਸੁਵਿਧਾ ਲਈ ਇੱਥੇ ਕੁਝ ਸੁਝਾਅ ਦਿੱਤੇ ਜਾ ਰਹੇ ਹਨ:

- **ਬੱਚੇ ਦੇ ਗਿਆਨ ਨੂੰ ਸਿਖਲਾਈ ਦੇ ਆਧਾਰ ਦੇ ਰੂਪ ਵਿੱਚ ਪ੍ਰਯੋਗ ਕਰੋ:** ਮੰਨ ਲਓ ਤੁਹਾਨੂੰ 'ਪਾਣੀ ਦੇ ਸਰੋਤ' ਪੜ੍ਹਾਉਣੇ ਹਨ। ਪਾਠ ਪੁਸਤਕ ਦੱਸਦੀ ਹੈ ਕਿ ਖੂਹ, ਟਿਊਬਵੈੱਲ, ਨਦੀਆਂ ਪਾਣੀ ਦੇ ਸਰੋਤ ਹਨ। ਤੁਸੀਂ ਤਲਾਬ, ਝੀਲ, ਝਰਨਾ, ਨਹਿਰ ਆਦਿ ਦੇਖੇ ਹਨ। ਇਸ ਲਈ ਤੁਹਾਨੂੰ ਆਪਣਾ ਪਾਠ ਪਾਣੀ ਦੇ ਸਰੋਤਾਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ।

• **ਆਪਣੀ ਕਲਾਸ ਸਥਿਤੀ ਨੂੰ ਪ੍ਰਸੰਗਿਕ ਬਣਾਓ:** ਜਦੋਂ ਵੀ ਤੁਸੀਂ ਕਲਾਸ ਵਿੱਚ ਹੋਵੋ ਅਤੇ ਜੋ ਕੁਝ ਵੀ ਪੜ੍ਹਾ ਰਹੇ ਹੋ, ਸਥਾਨਕ ਵਾਤਾਵਰਣ ਦੇ ਉਦਾਹਰਨ ਲਓ, ਸਥਾਨਕ ਕਹਾਣੀਆਂ ਸੁਣਾਓ, ਸਥਾਨਕ ਅਧਿਆਪਨ ਸਿਖਲਾਈ ਸਮੱਗਰੀ ਇਕੱਤਰ ਕਰੋ, ਵਿਦਿਆਰਥੀਆਂ ਦੀ ਜਾਣਕਾਰੀ ਇਕੱਤਰ ਕਰੋ ਅਤੇ ਉਨ੍ਹਾਂ ਦੇ ਨਾਲ ਇਨ੍ਹਾਂ ਦਾ ਆਦਾਨ ਪ੍ਰਦਾਨ ਉਨ੍ਹਾਂ ਦੀ ਸਥਾਨਕ ਭਾਸ਼ਾ/ਬੋਲੀ ਵਿੱਚ ਕਰੋ। ਜੇਕਰ ਤੁਸੀਂ ਅਜਿਹਾ ਕਰੋਗੇ ਤਾਂ ਤੁਹਾਡੀਆਂ ਕਲਾਸ ਗਤੀਵਿਧੀਆਂ ਵਿਦਿਆਰਥੀਆਂ ਲਈ ਸਾਰਥਿਕ ਹੋਣਗੀਆਂ।

• **ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ ਅਤੇ ਤਰਕ ਕਰਨ ਲਈ ਪ੍ਰੋਤਸਾਹਿਤ ਕਰੋ:** ਪ੍ਰਸ਼ਨ ਪੁੱਛਣ ਦਾ ਅਵਸਰ ਦੇਣ ਦਾ ਅਰਥ ਹੈ ਕਿ ਤੁਸੀਂ ਵਿਦਿਆਰਥੀਆਂ ਨੂੰ ਸਰਗਰਮ ਕਰ ਰਹੇ ਹੋ। ਜੇਕਰ ਉਹ ਪ੍ਰਸ਼ਨ ਪੁੱਛਦੇ ਹਨ ਤਾਂ ਪੜ੍ਹਾਈ ਜਾਣ ਵਾਲੀ ਧਾਰਨਾ ਦੇ ਬਾਰੇ ਵਿੱਚ ਚਿੰਤਨ ਕਰੋਗੇ ਅਤੇ ਤਰਕ ਕਰੋਗੇ। ਜਦੋਂ ਉਹ ਤਰਕ ਕਰਦੇ ਹਨ ਤਾਂ ਜੋ ਕੁਝ ਕਹਿ ਰਹੇ ਹੁੰਦੇ ਹਨ, ਉਸ ਨੂੰ ਸਮਝਣ ਦਾ ਅਵਸਰ ਪ੍ਰਾਪਤ ਕਰਦੇ ਹੋ। ਜੇਕਰ ਤੁਹਾਡੀ ਕਲਾਸ ਵਿੱਚ ਅਜਿਹਾ ਹੁੰਦਾ ਹੈ ਤਾਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਵਿਦਿਆਰਥੀ ਸਾਰਥਿਕ ਰੂਪ ਨਾਲ ਸਿੱਖ ਰਹੇ ਹਨ।

• **ਸਿਖਲਾਈ ਪ੍ਰਕਿਰਿਆ ’ਤੇ ਜ਼ੋਰ ਨਾ ਕਿ ਸਿਖਲਾਈ ਪ੍ਰਤੀਫਲਾਂ ’ਤੇ:** ਸਿਖਲਾਈ ਦੀ ਸੁਵਿਧਾ ਦੌਰਾਨ ਇਸ ਪ੍ਰਕਾਰ ਜ਼ਿਆਦਾ ਜ਼ੋਰ ਨਾ ਦਿਓ ਕਿ ਉਹ ਕੀ ਸਿੱਖ ਰਹੇ ਹਨ। ਬਲਕਿ ਉਹ ਕਿਵੇਂ ਸਿੱਖ ਰਹੇ ਹਨ, ਇਸ ’ਤੇ ਜ਼ਿਆਦਾ ਜ਼ੋਰ ਦਿਓ। ਇਸ ਸੰਸਾਰ ਵਿੱਚ ਕੋਈ ਵੀ ਗਿਆਨ ਪੂਰਾ ਸਹੀ ਜਾਂ ਪੂਰਾ ਗਲਤ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਸਿੱਧੇ ਗਿਆਨ ਜਾਂ ਉੱਤਰ ਨਾ ਦਿਓ।

ਚਾਹੇ ਸਿੱਖਿਆ ਰਸਮੀ ਹੋਵੇ ਜਾਂ ਗੈਰ ਰਸਮੀ ਬੱਚਿਆਂ ਦੇ ਅਨੁਭਵਾਂ ਦਾ ਉਪਯੋਗ ਸਾਰਥਿਕ ਸਿਖਲਾਈ ਵਿੱਚ ਸਹਾਇਕ ਹੁੰਦਾ ਹੈ। ਧਾਰਨਾਵਾਂ ਦੀ ਸਿਖਲਾਈ ਦੌਰਾਨ ਜਦੋਂ ਤੱਕ ਬੱਚੇ ਆਪਣੇ ਰੋਜ਼ਾਨਾ ਅਨੁਭਵਾਂ ਨੂੰ ਸਥਾਨਕ ਨਹੀਂ ਬਣਾਉਂਦੇ, ਉਦੋਂ ਤੱਕ ਉਨ੍ਹਾਂ ਦਾ ਗਿਆਨ ਸਿਰਫ਼ ਸੂਚਨਾਵਾਂ ਤੱਕ ਸੀਮਿਤ ਰਹਿ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਪਾਠ ਵਿਸ਼ੇ ਨੂੰ ਸਿੱਖਣਾ ਵਿਅਰਥ ਹੈ ਜਦੋਂ ਤੱਕ ਇਸ ਨੂੰ ਸੰਦਰਭ ਨਾਲ ਨਾ ਜੋੜਿਆ ਜਾਏ। ਸਾਨੂੰ ਬੱਚਿਆਂ ਦੀ ਸਰਗਰਮ ਸਹਿਭਾਗਤਾ ’ਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਅਨੁਭਵਾਂ ਨੂੰ ਪਰਸਪਰ ਵੰਡਣ ਅਤੇ ਪਾਠਕ੍ਰਮ ਰਾਹੀਂ ਪ੍ਰਸਤਾਵਿਤ ਧਾਰਨਾਵਾਂ ਨੂੰ ਮਜ਼ਬਤ ਕਰ ਸਕਣ।

**ਈ–1: ਸਾਰਥਿਕ ਸਿਖਲਾਈ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ ?**

### 10.2.2 ਸਥਾਨਕ ਗਿਆਨ ਅਤੇ ਪਾਠ ਪੁਸਤਕ ਦਾ ਗਿਆਨ

ਵਿਭਿੰਨ ਧਾਰਨਾਵਾਂ ਦੇ ਬਾਰੇ ਵਿੱਚ ਗਿਆਨ, ਸੂਚਨਾ ਅਤੇ ਉਦਾਹਰਨ ਜੋ ਪਾਠ ਪੁਸਤਕ ਵਿੱਚ ਦਿੱਤੇ ਗਏ ਹੁੰਦੇ ਹਨ, ਉਨ੍ਹਾਂ ਨੂੰ ਪਾਠ ਪੁਸਤਕ ਗਿਆਨ ਕਿਹਾ ਜਾਂਦਾ ਹੈ। ਪਰ ਬੱਚੇ ਦਾ ਸਮੁਦਾਏ ਅਤੇ ਸਥਾਨਕ ਵਾਤਾਵਰਣ ਮੁੱਢਲੇ ਸੰਦਰਭ ਬਣਾਉਂਦੇ ਹਨ ਜਿਸ ਵਿੱਚ ਸਿਖਲਾਈ ਕਿਰਿਆ ਹੁੰਦੀ ਹੈ। ਉਹ ਵਾਤਾਵਰਣ ਨਾਲ ਕਿਰਿਆ ਕਰਦਾ ਹੈ, ਉਨ੍ਹਾਂ ਦਾ ਅਰਥ ਕੱਢਦਾ ਹੈ ਗਿਆਨ ਦੀ ਰਚਨਾ ਕਰਦਾ ਹੈ ਜੋ ਅੱਗੇ ਦੀ ਸਿਖਲਾਈ ਲਈ ਆਧਾਰ ਬਣ ਜਾਂਦੀ ਹੈ। ਇਸੀ ਨੂੰ ਅਸੀਂ ਬੱਚਿਆਂ ਲਈ ਸਥਾਨਕ ਗਿਆਨ ਕਹਿੰਦੇ ਹਾਂ। ਆਮ ਤੌਰ ’ਤੇ ਪਾਠ ਪੁਸਤਕਾਂ ਦੇ ਨਿਰਮਾਣ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਇਸ ’ਤੇ ਧਿਆਨ ਨਹੀਂ ਦਿੱਤਾ ਜਾਂਦਾ ਹੈ। ਜਦੋਂ ਇੱਕ ਪਾਠ ਪੁਸਤਕ ਪੂਰੇ ਰਾਜ ਲਈ ਤਿਆਰ ਕੀਤੀ ਜਾਂਦੀ ਹੈ ਤਾਂ ਹਰੇਕ ਖੇਤਰ ਅਤੇ ਸਮੁਦਾਏ ਦੇ ਸਥਾਨਕ ਗਿਆਨ ਨੂੰ ਪਾਠ ਪੁਸਤਕਾਂ ਵਿੱਚ ਰੱਖਣਾ ਮੁਸ਼ਕਿਲ ਹੁੰਦਾ ਹੈ। ਇਹ ਵੀ ਅਸੰਭਵ ਹੈ ਕਿ ਸਾਡੇ ਵਿਭਿੰਨ ਸਮਾਜਿਕ ਸੰਸਕ੍ਰਿਤਕ ਜੀਵਨ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਏ, ਪਰ ਬੱਚਿਆਂ ਨੂੰ ਖੁਦ ਦੇ ਸਮਾਜਿਕ ਅਤੇ ਸੰਸਕ੍ਰਿਤਕ ਵਾਤਾਵਰਣ ਤੋਂ ਉਦਾਹਰਨ ਲੱਭਣ ਦੀ ਲੋੜ ਹੁੰਦੀ ਹੈ। ਇੱਥੇ ਅਧਿਆਪਕ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਓ ਅਸੀਂ ਦੇਖਦੇ ਹਾਂ ਕਿ ਇੱਕ ਅਧਿਆਪਕ ਪੁਸਤਕ ਗਿਆਨ ਨੂੰ ਕਿਵੇਂ ਸੰਦਰਭਿਤ ਕਰ ਸਕਦਾ ਹੈ।

• ਪਾਠ ਪੁਸਤਕ ਨੂੰ ਵਿਸਥਾਰ ਨਾਲ ਪੜ੍ਹਨਾ

ਜ਼ਿਆਦਾਤਰ ਅਧਿਆਪਕ ਕਲਾਸ ਵਿੱਚ ਦਾਖਲ ਹੁੰਦੇ ਹੀ ਪੜ੍ਹਾਉਣਾ ਸ਼ੁਰੂ ਕਰ ਦਿੰਦੇ ਹਨ। ਉਹ ਮੁਸ਼ਕਿਲ ਨਾਲ ਹੀ ਪਾਠ ਪੁਸਤਕ ਦੇ ਪੂਰਵ ਸੰਦਰਭ ਰੱਖਦੇ ਹਨ। ਨਤੀਜੇ ਵਜੋਂ ਉਹ ਬੱਚਿਆਂ ਦੀ ਸਿਖਲਾਈ ਦੇ ਸੰਦਰਭ ਵਿੱਚ ਪੁਸਤਕ ਗਿਆਨ ਨੂੰ ਸਮਝਾਉਣ ਵਿੱਚ ਸਮੱਸਿਆ ਦਾ ਸਾਹਮਣਾ ਕਰਦੇ ਹਨ। ਸਥਾਨਕ ਉਦਾਹਰਨਾਂ ਨੂੰ ਪਛਾਣਨ, ਅਧਿਆਪਨ ਸਿਖਲਾਈ ਵਿੱਚ ਉਨ੍ਹਾਂ ਦਾ ਉਪਯੋਗ ਕਰਨ ਅਤੇ ਪਾਠ ਪੁਸਤਕ ਦੇ ਗਿਆਨ ਨੂੰ ਵਿਦਿਆਰਥੀਆਂ ਲਈ ਸੰਦਰਭਿਤ ਕਰਨ ਲਈ ਅਧਿਆਪਕਾਂ ਨੂੰ ਪਾਠ ਪੁਸਤਕ ਬਾਰ ਬਾਰ ਪੜ੍ਹਨ ਦੀ ਲੋੜ ਹੈ।

• ਪਾਠ ਪੁਸਤਕ ਦੇ ਸਿਖਲਾਈ ਸੰਕੇਤ ਲੱਭਣੇ

ਜੇਕਰ ਇੱਕ ਅਧਿਆਪਕ ਪਾਠ ਪੁਸਤਕ ਵਿੱਚੋਂ ਸਿਖਲਾਈ ਸੰਕੇਤਾਂ ਨੂੰ ਫੜ ਲੈਂਦਾ ਹੈ ਤਾਂ ਉਹ ਬੱਚਿਆਂ ਲਈ ਸਾਰਥਿਕ ਕਿਰਿਆਵਾਂ ਦੇ ਵਿਕਾਸ ਵਿੱਚ ਸਮਰੱਥ ਹੋ ਜਾਏਗਾ। ਪਾਠ ਪੁਸਤਕ ਵਿੱਚ ਮੌਜੂਦ ਗਤੀਵਿਧੀਆਂ ਸਿਰਫ਼ ਉਦਾਹਰਨ ਸਵਰੂਪ ਹੁੰਦੀਆਂ ਹਨ ਅਤੇ ਇਹ ਅਧਿਆਪਕ ਨੂੰ ਸਿਖਲਾਈ ਸੰਕੇਤਾਂ ਨੂੰ ਪਛਾਣਨ ਵਿੱਚ ਸਹਾਇਕ ਹੋ ਸਕਦੇ ਹਨ। ਜਦੋਂ ਇੱਕ ਅਧਿਆਪਕ ਇਨ੍ਹਾਂ ਉਦਾਹਰਨਾਂ ਦਾ ਉਦੇਸ਼ ਸਮਝ ਲੈਂਦਾ ਹੈ ਤਾਂ ਉਹ ਸਿਖਲਾਈ ਸੰਕੇਤਾਂ ਨੂੰ ਪ੍ਰਾਪਤ ਕਰ ਲਏਗਾ। ਉਦਾਹਰਨ ਲਈ ਪੰਜਵੀਂ ਕਲਾਸ ਦੀ ਅੰਗਰੇਜ਼ੀ ਦੀ ਪਾਠ ਪੁਸਤਕ ਵਿੱਚ ਇੱਕ ਪਾਠ ਵਿੱਚ ਕੁਝ ਭਾਸ਼ਣ ਸਿੱਧੇ ਅਤੇ ਕੁਝ ਘੁੰਮਾ ਕੇ ਦਿੱਤੇ ਗਏ ਹਨ। ਇੱਥੇ ਉਦੇਸ਼ ਬੱਚਿਆਂ ਨੂੰ ਬੋਲਣਾ ਸਿਖਾਉਣਾ ਹੈ। ਸਿਖਲਾਈ ਸੰਕੇਤ ਵਿਕਸਤ ਕਰਨ ਲਈ ਅਧਿਆਪਕ ਵਿਦਿਆਰਥੀਆਂ ਦੇ ਵਿਚਕਾਰ ਗੱਲਬਾਤ ਦੀ ਵਿਵਸਥਾ ਕਰ ਸਕਦਾ ਹੈ। ਇੱਕ ਸੰਕੇਤ ਦੱਸਦਾ ਹੈ ਕਿ ਬੱਚਾ ਧਾਰਨਾ ਸਿੱਖਣ ਤੋਂ ਬਾਅਦ ਕੀ ਕਰਦਾ ਹੈ।

• ਵਿਭਿੰਨ ਸਿਖਲਾਈ ਬਿੰਦੂਆਂ ’ਤੇ ਵਿਦਿਆਰਥੀਆਂ ਦਾ ਗਿਆਨ ਇਕੱਤਰ ਕਰਨਾ

ਜਦੋਂ ਇੱਕ ਅਧਿਆਪਕ ਸਿਖਲਾਈ ਬਿੰਦੂ ਸੰਕੇਤ ਲੱਭ ਲੈਂਦਾ ਹੈ ਤਾਂ ਉਸ ਨੂੰ ਵਿਸ਼ੇ ਸਬੰਧੀ ਸਥਾਨਕ ਗਿਆਨ ਇਸ ਵਿੱਚ ਸ਼ਾਮਲ ਕਰਨ ਲਈ ਇਕੱਤਰ ਕਰਨ ਦੀ ਜ਼ਰੂਰਤ ਹੁੰਦੀ ਹੈ। ਉਹ ਇਸ ਗਿਆਨ ਨੂੰ ਵਿਦਿਆਰਥੀਆਂ ਨਾਲ, ਹੋਰ ਅਧਿਆਪਕਾਂ ਨਾਲ, ਸਮੁਦਾਏ ਦੇ ਵਿਅਕਤੀਆਂ ਆਦਿ ਤੋਂ ਪ੍ਰਾਪਤ ਕਰ ਸਕਦਾ ਹੈ।

• ਬੱਚਿਆਂ ਦੇ ਗਿਆਨ/ਅਨੁਭਵਾਂ ਨੂੰ ਪਾਠ ਪੁਸਤਕ ਦੇ ਗਿਆਨ ਨਾਲ ਜੋੜਨਾ

ਜਦੋਂ ਅਧਿਆਪਕ ਇੱਕ ਧਾਰਨਾ ਨਾਲ ਸਬੰਧਿਤ ਵਿਦਿਆਰਥੀ ਦੇ ਅਨੁਭਵਾਂ ਨੂੰ ਜਾਣਦਾ ਹੈ ਤਾਂ ਉਸ ਨੂੰ ਵਿਦਿਆਰਥੀਆਂ ਦੇ ਅਨੁਭਵਾਂ ਅਤੇ ਪਾਠ ਪੁਸਤਕ ਦੇ ਗਿਆਨ ਦੇ ਵਿਚਕਾਰ ਸਬੰਧ ਸਥਾਪਿਤ ਕਰਨਾ ਹੁੰਦਾ ਹੈ। ਇਸ ਉਦੇਸ਼ ਲਈ ਅਧਿਆਪਕ ਨੂੰ ਹਰੇਕ ਸਿਖਲਾਈ ਸੰਕੇਤ ਲਈ ਵਿਦਿਆਰਥੀਆਂ ਦੇ ਅਨੁਭਵਾਂ ਨੂੰ ਧਿਆਨ ਵਿੱਚ ਰੱਖਣਾ ਹੁੰਦਾ ਹੈ। ਉਦਾਹਰਨ ਲਈ ‘ਭੋਜਨ ਬਣਾਉਣਾ’ ਧਾਰਨਾ ਗ੍ਰਾਮੀਣ ਅਤੇ ਜਨ ਜਾਤੀ ਖੇਤਰਾਂ ਤੋਂ ਭਿੰਨ ਹੋ ਸਕਦਾ ਹੈ।

• ਜੇਕਰ ਜ਼ਰੂਰੀ ਹੈ ਤਾਂ ਖੁਦ ਵਿਸ਼ਾ ਵਸਤੂ ਦਾ ਨਿਰਮਾਣ

ਕਦੇ ਕਦੇ ਇੱਕ ਪਾਠ ਵਿਸ਼ਾ ਵਿਦਿਆਰਥੀਆਂ ਲਈ ਢੁਕਵਾਂ ਨਹੀਂ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ਦੇ ਸਮਾਜਿਕ ਸੰਸਕ੍ਰਿਤਕ ਸੰਦਰਭ ਨੂੰ ਧਿਆਨ ਵਿੱਚ ਰੱਖ ਕੇ ਵਿਕਲਪਿਕ ਪਾਠ ਵਿਸ਼ੇ ਦੇ ਨਿਰਮਾਣ ਦੀ ਲੋੜ ਹੁੰਦੀ ਹੈ। ਉਦਾਹਰਨ ਸਵਰੂਪ ‘ਸੜਕ ਦੁਰਘਟਨਾ’ ਇੱਕ ਗਹਿਰੀ ਘਟਨਾ ਹੈ। ਅਸੀਂ ਗ੍ਰਾਮੀਣ ਖੇਤਰ ਦੇ ਵਿਦਿਆਰਥੀਆਂ ਨਾਲ ਇਸ ਸਿਰਲੇਖ ’ਤੇ ਨਿਬੰਧ ਲਿਖਣ ਨੂੰ ਨਹੀਂ ਕਹਿ ਸਕਦੇ।

ਜੇਕਰ ਤੁਸੀਂ ਸਿਰਫ਼ ਪਾਠ ਪੁਸਤਕਾਂ ’ਤੇ ਨਿਰਭਰ ਰਹਿੰਦੇ ਹੋ ਅਤੇ ਵਿਦਿਆਰਥੀਆਂ ਵੱਲੋਂ ਸਥਾਨਕ ਸਰੋਤਾਂ ਨਾਲ ਹਾਸਲ ਅਨੁਭਵਾਂ ਨੂੰ ਗੌਣ ਸਮਝਦੇ ਹੋ ਤਾਂ ਤੁਸੀਂ ਦੋ ਗਲਤੀਆਂ ਕਰਦੇ ਹੋ। ਪਹਿਲੀ ਤੁਸੀਂ ਰਹਿਣ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕਰ ਰਹੇ ਹੋ ਕਿਉਂਕਿ ਪਾਠ ਪੁਸਤਕ ਦੇ

ਜ਼ਿਆਦਾਤਰ ਅਨੁਭਵ ਬੱਚਿਆਂ ਦੇ ਸੰਦਰਭ ਨਾਲ ਜੁੜੇ ਨਹੀਂ ਹੁੰਦੇ ਅਤੇ ਆਸਾਨੀ ਨਾਲ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਉਂਦੇ। ਦੂਜੀ ਤੁਸੀਂ ਉਹ ਬੱਚੇ ਜੋ ਰਟਣ ਵਿੱਚ ਤੇਜ਼ ਹਨ ਅਤੇ ਵਿਸ਼ਾ ਵਸਤੂ ਨੂੰ ਬਹੁਤ ਜਲਦੀ ਯਾਦ ਕਰ ਲੈਂਦੇ ਹਨ ਅਤੇ ਉਹ ਜੋ ਆਪਣੇ ਸਥਾਨਕ ਅਨੁਭਵਾਂ 'ਤੇ ਨਿਰਭਰ ਰਹਿੰਦੇ ਹਨ, ਉਸ ਵਿੱਚ ਭੇਦ ਭਾਵ ਕਰ ਰਹੇ ਹੋ। ਆਮ ਤੌਰ 'ਤੇ ਪਹਿਲਾਂ ਵਾਲੇ ਬੱਚਿਆਂ ਨੂੰ ਅਨੁਕੂਲ ਪਛਾਣ ਦਿੱਤੀ ਜਾਂਦੀ ਹੈ ਅਤੇ ਬਾਅਦ ਵਾਲਿਆਂ ਨੂੰ ਹੌਲੀ ਸਿੱਖਣ ਵਾਲੇ ਵਿਦਿਆਰਥੀਆਂ ਦਾ ਨਾਂ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਕਦੇ ਕਦੇ ਸੁਵਿਧਾ ਵੰਚਿਤ ਸਥਿਤੀਆਂ ਅਤੇ ਸੁਵਿਧਾ ਵੰਚਿਤ ਸਿਖਿਆਰਥੀ ਕਲਾਸ ਰੂਮ ਦੇ ਅੰਦਰ ਹੀ ਪੈਦਾ ਕੀਤੇ ਜਾਂਦੇ ਹਨ।

### 10.3 ਸੁਵਿਧਾ ਵੰਚਿਤ ਬੱਚਿਆਂ ਦੀ ਸਿੱਖਿਆ

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਘੱਟ ਗਿਣਤੀ ਸਮੂਹ ਦੇ ਬੱਚੇ, ਬੱਚੀਆਂ, ਅਨੁਸੂਚਿਤ ਜਾਤੀ ਦੇ ਬੱਚੇ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸੁਵਿਧਾ ਵੰਚਿਤ ਬੱਚੇ ਸਮਝਿਆ ਜਾਂਦਾ ਹੈ। ਆਓ ਇਨ੍ਹਾਂ ਨੂੰ ਸਮਝਦੇ ਹਾਂ।

#### 10.3.1 ਲੜਕੀਆਂ ਦੀ ਸਿੱਖਿਆ

ਆਮ ਰੂਪ ਵਿੱਚ ਅਸੀਂ ਸਾਰੀਆਂ ਲੜਕੀਆਂ ਦੇ ਪ੍ਰਤੀ ਅਣਦੇਖੀ ਦੀ ਭਾਵਨਾ ਨੂੰ ਜਾਣਦੇ ਹਾਂ ਅਤੇ ਵਿਸ਼ੇਸ਼ ਰੂਪ ਨਾਲ ਉਨ੍ਹਾਂ ਦੀ ਸਿੱਖਿਆ ਪ੍ਰਤੀ ਅਣਚਾਹੇ ਦ੍ਰਿਸ਼ਟੀਕੋਣ ਨੂੰ। ਪਰਿਵਾਰ ਅਤੇ ਸਮੁਦਾਏ ਅਤੇ ਸਕੂਲ ਦੋਨਾਂ ਵਿੱਚ ਹੀ ਲੜਕੀਆਂ ਦੀ ਸਿੱਖਿਆ ਨੂੰ ਗੰਭੀਰ ਰੂਪ ਨਾਲ ਨਹੀਂ ਲਿਆ ਜਾਂਦਾ। ਇਸ ਪ੍ਰਕਾਰ ਦੀ ਸਥਾਨਕ ਅਣਦੇਖੀ ਦੇਸ਼ ਦੇ ਹਰੇਕ ਭਾਗ ਵਿੱਚ ਪਾਈ ਜਾ ਸਕਦੀ ਹੈ ਚਾਹੇ ਪਰਿਵਾਰ ਦਾ ਆਰਥਿਕ ਪੱਧਰ ਕਿਵੇਂ ਵੀ ਹੋਵੇ। ਜਿੱਥੋਂ ਤੱਕ ਮੁੱਢਲੀ ਸਿੱਖਿਆ ਦਾ ਸਬੰਧ ਹੈ ਲਗਪਗ ਬੱਚਿਆਂ ਦੀ ਅੱਧੀ ਜਨਸੰਖਿਆ ਅਤੇ ਭਵਿੱਖ ਦੀਆਂ ਮਾਵਾਂ ਨਾਲ ਬਹੁਤ ਹੀ ਆਸਾਧਾਰਨ ਵਿਵਹਾਰ ਕੀਤਾ ਜਾਂਦਾ ਹੈ।

**ਲੜਕੀਆਂ ਦੀ ਸਿੱਖਿਆ ਕਿਉਂ ਮਹੱਤਵਪੂਰਨ ਹੈ ?**

'ਇੱਕ ਲੜਕੇ ਨੂੰ ਸਿੱਖਿਅਤ ਕਰਨ ਨਾਲ ਇੱਕ ਵਿਅਕਤੀ ਸਿੱਖਿਅਤ ਹੁੰਦਾ ਹੈ, ਪਰ ਜਦੋਂ ਇੱਕ ਲੜਕੀ ਸਿੱਖਿਅਤ ਹੁੰਦੀ ਹੈ ਤਾਂ ਇੱਕ ਵੰਸ਼ ਸਿੱਖਿਅਤ ਹੁੰਦਾ ਹੈ।' ਇਹ ਕਹਾਵਤ ਲੜਕੀਆਂ ਦੀ ਸਿੱਖਿਆ ਦੇ ਮਹੱਤਵ ਨੂੰ ਪ੍ਰਦਰਸ਼ਿਤ ਕਰਦੀ ਹੈ। ਇਸ ਤੋਂ ਇਲਾਵਾ ਬੱਚਿਆਂ ਦੀ ਅੱਧੀ ਜਨਸੰਖਿਆ ਨੂੰ ਸਿੱਖਿਅਤ ਕਰਨ ਦੀ ਤੁਲਨਾ ਵਿੱਚ ਲੜਕੀਆਂ ਦੀ ਸਿੱਖਿਆ ਅਸਲ ਰੂਪ ਵਿੱਚ ਜ਼ਿਆਦਾ ਨਤੀਜਾ ਮੁਖੀ ਹੁੰਦੀ ਹੈ ਜਿਵੇਂ ਕਿ ਹੇਠ ਦਿੱਤਾ ਗਿਆ ਹੈ:

- **ਮਹਿਲਾ ਸਸ਼ਕਤੀਕਰਨ ਦੀ ਤਰਫ਼:** ਆਧੁਨਿਕ ਸਮੇਂ ਵਿੱਚ ਪੂਰੇ ਵਿਸ਼ਵ ਵਿੱਚ ਔਰਤਾਂ ਨੇ ਮਨੁੱਖੀ ਉਪਰਾਲਿਆਂ ਦੇ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰ ਲਈ ਹੈ। ਜਿਨ੍ਹਾਂ ਔਰਤਾਂ ਨੂੰ ਢੁਕਵੀਂ ਸਿੱਖਿਆ ਦੀ ਪਹੁੰਚ ਮਿਲੀ ਹੈ, ਉਨ੍ਹਾਂ ਨੇ ਮਰਦਾਂ ਦੇ ਬਰਾਬਰ ਉਪਲੱਬਧੀ ਪਾਈ ਹੈ ਬਲਕਿ ਕਈ ਖੇਤਰਾਂ ਵਿੱਚ ਉੱਤਮ ਰਹੀਆਂ ਹਨ। ਇਸ ਪ੍ਰਕਾਰ ਦੇ ਮਹਿਲਾ ਸਸ਼ਕਤੀਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਿੱਖਿਆ ਇੱਕ ਕੁੰਜੀ ਹੈ ਅਤੇ ਲੜਕੀਆਂ ਦੀ ਸ਼ੁਰੂਆਤੀ ਸਿੱਖਿਆ ਇਸ ਲਈ ਆਧਾਰ ਪ੍ਰਦਾਨ ਕਰਦੀ ਹੈ।

- **ਕਾਰਜ ਸਥਾਨ ਵਿੱਚ ਸਿੱਖਿਆ ਅਤੇ ਕੁਸ਼ਲਤਾ:** ਇਹ ਦੇਖਿਆ ਗਿਆ ਹੈ ਕਿ ਜਿੰਨੇ ਸਮੇਂ ਲਈ ਔਰਤਾਂ ਕੰਮ ਕਰਦੀਆਂ ਹਨ, ਸਿੱਖਿਆ ਉਨ੍ਹਾਂ ਦੇ ਇਸ ਸਮੇਂ ਵਿੱਚ ਵਾਧੇ 'ਤੇ ਪ੍ਰਭਾਵ ਪਾਉਂਦੀ ਹੈ। ਪਰ ਮਰਦਾਂ ਦੇ ਸੰਦਰਭ ਵਿੱਚ ਉਨ੍ਹਾਂ ਦੇ ਕਾਰਜ ਦੀ ਮਾਤਰਾ 'ਤੇ ਸਿੱਖਿਆ ਦਾ ਪ੍ਰਭਾਵ ਬਹੁਤ ਘੱਟ ਹੁੰਦਾ ਹੈ। ਇਹ ਘਟਨਾ ਵਿਦਿਆਰਥੀਆਂ ਵਿੱਚ ਵੀ ਦ੍ਰਿਸ਼ਟਮਾਨ ਹੁੰਦੀ ਹੈ ਜਿੱਥੇ ਔਸਤ ਰੂਪ ਵਿੱਚ ਲੜਕੀਆਂ ਅਧਿਐਨ ਵਿੱਚ ਜ਼ਿਆਦਾ ਸਮਾਂ ਦੇਣਾ ਚਾਹੁੰਦੀਆਂ ਹਨ

ਅਤੇ ਉਨ੍ਹਾਂ ਨੂੰ ਘੱਟ ਪ੍ਰੋਤਸਾਹਨ ਦਿੱਤਾ ਜਾਂਦਾ ਹੈ, ਪਰ ਉਹ ਫਿਰ ਵੀ ਲੜਕਿਆਂ ਤੋਂ ਬਿਹਤਰ ਸਾਬਤ ਹੁੰਦੀਆਂ ਹਨ।

• **ਲਿੰਗ ਅਸਮਾਨਤਾ ਨੂੰ ਦੂਰ ਕਰਨਾ**: ਲੜਕੀਆਂ ਦੀ ਸਿੱਖਿਆ ਉਨ੍ਹਾਂ ਨੂੰ ਸਸ਼ਕਤ ਬਣਾਉਂਦੀ ਹੈ ਜਿਸ ਵਿੱਚ ਉਨ੍ਹਾਂ ਨੂੰ ਘਰ ਅਤੇ ਕਾਰਜ ਸਥਾਨ ’ਤੇ ਨਿਰੰਤਰ ਸਥਾਨ ਦਿੱਤੇ ਜਾਣ ਨਾਲ ਕੁਝ ਕਮੀ ਆ ਜਾਂਦੀ ਹੈ। ਇਸ ਪ੍ਰਕਾਰ ਲੜਕੀਆਂ ਅਤੇ ਔਰਤਾਂ ਦੇ ਅਸਮਾਨ ਪੱਧਰ ਨੂੰ ਦੂਰ ਕਰਨ ਵਿੱਚ ਉਨ੍ਹਾਂ ਦੀ ਸਿੱਖਿਆ ਸਹਾਇਕ ਹੁੰਦੀ ਹੈ।

• **ਪਰਿਵਾਰਕ ਸਿਹਤ ਅਤੇ ਸਿੱਖਿਆ**: ਜਿਸ ਪ੍ਰਕਾਰ ਇੱਕ ਸਿੱਖਿਅਤ ਮਾਂ ਪਰਿਵਾਰ ਦੇ ਮੈਂਬਰਾਂ ਦੀ ਸਿਹਤ ਦੀ ਦੇਖਭਾਲ ਬਿਹਤਰ ਤਰੀਕੇ ਨਾਲ ਕਰਦੀ ਹੈ, ਉਸੀ ਪ੍ਰਕਾਰ ਉਹ ਪਰਿਵਾਰ ਵਿੱਚ ਬੱਚਿਆਂ ਦੀ ਸਿੱਖਿਆ ’ਤੇ ਵੀ ਜ਼ਿਆਦਾ ਧਿਆਨ ਦਿੰਦੀ ਹੈ। ਇੱਥੋਂ ਤੱਕ ਕਿ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਨ ਵਾਲੀਆਂ ਵਿਦਿਆਰਥਣਾਂ ਵੀ ਘਰ ਦੀ ਸਵੱਛਤਾ ਨੂੰ ਬਣਾਏ ਰੱਖਣ ਵਿੱਚ ਤਬਦੀਲੀ ਲਿਆ ਸਕਦੀਆਂ ਹਨ ਅਤੇ ਪਰਿਵਾਰ ਦੇ ਮੈਂਬਰਾਂ ਵਿੱਚ ਸਵੱਛਤਾ ਦੀਆਂ ਆਦਤਾਂ ਵਿਕਸਤ ਕਰਨ ਵਿੱਚ ਸਹਾਇਕ ਹੁੰਦੀਆਂ ਹਨ।

• **ਬੱਚੇ ਦੀ ਬਿਹਤਰ ਦੇਖਭਾਲ**: ਇੱਕ ਸਿੱਖਿਅਤ ਲੜਕੀ ਭਵਿੱਖ ਵਿੱਚ ਇੱਕ ਚੰਗੀ ਮਾਂ ਤਾਂ ਬਣਦੀ ਹੀ ਹੈ, ਨਾਲ ਹੀ ਪਰਿਵਾਰ ਵਿੱਚ ਬੱਚਿਆਂ ਦੀ ਬਿਹਤਰ ਦੇਖਭਾਲ ਕਰ ਸਕਦੀ ਹੈ।

• **ਪ੍ਰਜਣਨ ਦਰ ਅਤੇ ਆਰਥਿਕ ਵਾਧਾ**: ਖੋਜਾਂ ਰਾਹੀਂ ਇਹ ਸਾਹਮਣੇ ਆਇਆ ਹੈ ਕਿ ਪ੍ਰਜਣਨ ਦਰ ਵਿੱਚ ਕਮੀ ਆਉਣ ਦਾ ਸਿੱਧਾ ਸੰਬੰਧ ਲੜਕੀਆਂ ਦੀ ਸਿੱਖਿਆ ਨਾਲ ਹੈ। ਇਸ ਦਾ ਅਰਥ ਹੈ ਕਿ ਬੱਚੀਆਂ ਦੀ ਸਿੱਖਿਆ ਜਿੰਨੀ ਜ਼ਿਆਦਾ ਹੋਏਗੀ ਬੱਚਿਆਂ ਦੀ ਜਨਮ ਦਰ ਉੱਨੀ ਹੀ ਘੱਟ ਹੋਏਗੀ। ਅਤੇ ਘੱਟ ਪ੍ਰਜਣਨ ਦਰ ਨਾਲ ਸਮਾਜ ਵਿੱਚ ਆਰਥਿਕ ਵਾਧਾ ਜ਼ਿਆਦਾ ਹੁੰਦਾ ਹੈ। ਦੂਜੀ ਤਰਫ਼ ਲੜਕਿਆਂ ਦੇ ਸਿੱਖਿਆ ਪੱਧਰ ਦਾ ਆਮ ਤੌਰ ’ਤੇ ਪ੍ਰਜਣਨ ਪੱਧਰ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ।

**ਸਕੂਲਾਂ ਵਿੱਚ ਲੜਕੀਆਂ ਦੀ ਸਿੱਖਿਆ ਦੇ ਮੁੱਦੇ**: ਬਾਲੜੀ ਸਿੱਖਿਆ ਪ੍ਰਤੀ ਉਦਾਸੀਨਤਾ ਪਰਿਵਾਰ ਤੋਂ ਸ਼ੁਰੂ ਹੁੰਦੀ ਹੈ , ਪਰ ਇਹ ਸਕੂਲ ਅਤੇ ਕਲਾਸ ਵਿੱਚ ਵੀ ਵਿਭਿੰਨ ਰੂਪਾਂ ਵਿੱਚ ਜਾਰੀ ਰਹਿੰਦੀ ਹੈ।

• **ਪਹੁੰਚ ਅਤੇ ਦਾਖਲਾ**: ਬੱਚੇ ਦੇ ਘਰ ਦੇ ਕੋਲ ਸਕੂਲ ਹੋਣ ਦਾ ਅਵਸਰ ਅੱਜ ਵੀ ਦੂਰ ਦਰਾਜ ਦੇ ਗ੍ਰਾਮੀਣ ਖੇਤਰਾਂ ਅਤੇ ਪਹਾੜੀ ਖੇਤਰਾਂ ਵਿੱਚ ਉਪਲੱਬਧ ਨਹੀਂ ਹੈ। ਪਰਿਵਾਰ ਦੇ ਲੋਕ ਲੜਕੀਆਂ ਨੂੰ ਦੂਰ ਦੇ ਸਕੂਲ ਵਿੱਚ ਨਹੀਂ ਭੇਜਣਾ ਚਾਹੁੰਦੇ। ਜੇਕਰ ਸਕੂਲ ਵਿੱਚ ਪਹੁੰਚਣਾ ਸੁਰੱਖਿਅਤ ਨਹੀਂ ਹੈ ਤਾਂ ਭੂਗੋਲਿਕ ਸਥਿਤੀਆਂ ਦੇ ਕਾਰਨ (ਪਹਾੜੀ ਰਸਤਾ, ਜਲ ਸਰੋਤ, ਜੰਗਲ, ਇੱਥੋਂ ਤੱਕ ਕੇ ਭੂਮੀ ਦੇ ਰੂਪ) ਜਾਂ ਸਕੂਲ ਦੇ ਮਾਰਗ ਵਿੱਚ ਅਸਮਾਜਿਕ ਤੱਤਾਂ ਦੇ ਕਾਰਨ। ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਦੇ ਪ੍ਰਾਵਧਾਨ ਅਨੁਸਾਰ ਬੱਚੇ ਦੇ ਘਰ ਤੋਂ ਇੱਕ ਕਿਲੋਮੀਟਰ ਦੀ ਦੂਰੀ ’ਤੇ ਗੁਆਂਢ ਦਾ ਸਕੂਲ ਸਥਾਪਿਤ ਕਰਨਾ, ਇਸ ਸਮੱਸਿਆ ਦਾ ਹੱਲ ਕਰ ਸਕਦਾ ਹੈ, ਪਰ ਇੰਨਾ ਹੁੰਦੇ ਹੋਏ ਵੀ ਬਹੁਤ ਵੱਡੀ ਸੰਖਿਆ ਵਿੱਚ ਛੋਟੇ ਛੋਟੇ ਅਤੇ ਦੂਰ ਦੂਰ ਬਿਖਰੇ ਹੋਏ ਘਰ ਹੁੰਦੇ ਹਨ। ਵਿਸ਼ੇਸ਼ ਕਰਕੇ ਜਨ ਜਾਤੀ ਅਤੇ ਪਹਾੜੀ ਖੇਤਰਾਂ ਵਿੱਚ ਜਿੱਥੇ ਪਹੁੰਚ ਇੱਕ ਸਮੱਸਿਆ ਬਣੀ ਹੋਈ ਹੈ। ਇਸ ਚੁਣੌਤੀ ਨੂੰ ਸੁਲਝਾਉਣ ਲਈ ਅਜਿਹੇ ਬੱਚਿਆਂ ਲਈ ਰਿਹਾਇਸ਼ੀ ਸਕੂਲਾਂ ਦਾ ਵਿਚਾਰ ਪ੍ਰਸਤਾਵਿਤ ਕੀਤਾ ਜਾ ਰਿਹਾ ਹੈ। ਪਿਛਲੇ ਦਹਾਕੇ ਦੇ ਦੌਰਾਨ ਬੱਚੀਆਂ ਦੇ ਦਾਖਲੇ ਵਿੱਚ ਢੁਕਵਾਂ ਸੁਧਾਰ ਹੋਇਆ ਹੈ। ਇਸ ਦਾ ਕਾਰਨ ਦੇਸ਼ ਦੇ ਸਾਰੇ ਰਾਜਾਂ ਵਿੱਚ ਸਰਵ ਸਿੱਖਿਆ ਅਭਿਆਨ ਰਾਹੀਂ ਲਗਾਤਾਰ ਉਪਰਾਲੇ ਕੀਤੇ ਗਏ। ਪਰ ਬੱਚੀਆਂ ਦਾ ਦਾਖਲਾ ਸਾਰੇ ਰਾਜਾਂ ਵਿੱਚ ਲੜਕਿਆਂ ਦੀ ਤੁਲਨਾ ਵਿੱਚ ਪਿੱਛੇ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ ਲੜਕੀਆਂ ਨੂੰ ਘਰ ਦੇ ਕਾਰਜਾਂ ਵਿੱਚ ਸ਼ਾਮਲ ਕਰਨਾ, ਛੋਟੇ ਭਾਈ ਭੈਣਾਂ ਦੀ ਦੇਖਭਾਲ ਕਰਨੀ ਜਾਂ ਲੜਕੀਆਂ ਦੀ ਸਿੱਖਿਆ ਦੀ ਉਪਯੋਗਿਤਾ ਦੇ ਬਾਰੇ ਵਿੱਚ ਜਾਗਰੂਕਤਾ ਨਾ ਹੋਣਾ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਲੜਕੀਆਂ ਦੀ ਸਿੱਖਿਆ ਪ੍ਰਤੀ ਅਣਦੇਖੀ ਕਿਹਾ ਜਾ ਸਕਦਾ ਹੈ।

• **ਪ੍ਰਤੀਕੂਲ ਸਕੂਲ ਵਾਤਾਵਰਣ**: ਸਕੂਲਾਂ ਵਿੱਚ ਕਈ ਸੁਵਿਧਾਵਾਂ ਦੀ ਕਮੀ ਜਿਵੇਂ ਲੋੜੀਂਦੇ ਕਲਾਸ ਕਮਰਿਆਂ ਦੀ ਸੰਖਿਆ ਵਿੱਚ ਕਮੀ, ਛੋਟੀਆਂ ਅਤੇ ਭੀੜ ਵਾਲੀਆਂ ਕਲਾਸਾਂ, ਅਢੁਕਵੀਂ ਰੌਸ਼ਨੀ ਵਾਲੇ ਕਲਾਸ ਰੂਮ ਅਤੇ ਗੁਸਲਖਾਨਿਆਂ ਅਤੇ ਪੀਣ ਦੇ ਪਾਣੀ ਦੀ ਵਿਵਸਥਾ ਨਾ ਹੋਣਾ ਆਦਿ ਲੜਕੇ ਅਤੇ ਲੜਕੀਆਂ ਦੋਨਾਂ ਲਈ ਅਸੁਵਿਧਾਪੂਰਨ ਸਥਿਤੀਆਂ ਪੈਦਾ ਕਰ ਦਿੰਦੇ ਹਨ। ਸਕੂਲ ਵਿੱਚ ਲੜਕੇ ਅਤੇ ਲੜਕੀਆਂ ਦੇ ਲਈ ਅਲੱਗ ਅਲੱਗ ਗੁਸਲਖਾਨਿਆਂ ਦਾ ਨਾ ਹੋਣਾ ਅਤੇ ਪੀਣ ਦੇ ਪਾਣੀ ਦੀ ਵਿਵਸਥਾ ਦਾ ਨਾ ਹੋਣਾ, ਵਿਦਿਆਰਥਣਾਂ ਲਈ ਬਹੁਤ ਹੀ ਪ੍ਰਤੀਕੂਲ ਸਥਿਤੀਆਂ ਮੰਨੀਆਂ ਜਾਂਦੀਆਂ ਹਨ। ਇਹ ਦੇਖਿਆ ਗਿਆ ਹੈ ਕਿ ਜਿਨ੍ਹਾਂ ਸਕੂਲਾਂ ਵਿੱਚ ਇਨ੍ਹਾਂ ਸੁਵਿਧਾਵਾਂ ਦੀ ਅਣਹੋਂਦ ਹੈ, ਉਨ੍ਹਾਂ ਸਕੂਲਾਂ ਵਿੱਚ ਲੜਕੀਆਂ ਦੇ ਬਣੇ ਰਹਿਣ ਦੀ ਦਰ ਬਹੁਤ ਘੱਟ ਹੁੰਦੀ ਹੈ। ਆਮ ਤੌਰ 'ਤੇ ਲੜਕੀਆਂ ਅਧਿਆਪਕਾਂ ਦੇ ਬਜਾਏ ਅਧਿਆਪਕਾਵਾਂ ਨਾਲ ਅੰਤਰਕਿਰਿਆ ਕਰਨ ਵਿੱਚ ਜ਼ਿਆਦਾ ਆਜ਼ਾਦੀ ਮਹਿਸੂਸ ਕਰਦੀਆਂ ਹਨ। ਸਕੂਲਾਂ ਵਿੱਚ ਅਧਿਆਕਾਵਾਂ ਦੀ ਕਮੀ ਲੜਕੀਆਂ ਵਿੱਚ ਖੁੱਲ੍ਹੀ ਅੰਤਰਕਿਰਿਆ ਵਿੱਚ ਰੁਕਾਵਟ ਪਾਉਂਦੀ ਹੈ। ਸਿੱਟੇ ਵਜੋ ਲੜਕੀਆਂ ਸਕੂਲ ਵਿੱਚ ਆਪਣੀਆਂ ਸਮੱਸਿਆਵਾਂ ਦੇ ਸਮਾਧਾਨ ਅਤੇ ਸ਼ੱਕ ਦੇ ਸਪੱਸ਼ਟੀਕਰਨ ਵਿੱਚ ਘਾਟ ਮਹਿਸੂਸ ਕਰਦੀਆਂ ਹਨ।

• **ਭੇਦਭਾਵਪੂਰਨ ਵਿਵਹਾਰ**: ਸਕੂਲ ਅਤੇ ਕਲਾਸ ਵਿੱਚ ਅਸੀਂ ਲੜਕੀਆਂ ਦੇ ਨਾਲ ਜੋ ਵਿਵਹਾਰ ਕਰਦੇ ਹਾਂ, ਉਸ ਨੂੰ ਸੋਚੋ, ਨਿਮਨਲਿਖਤ ਸਥਿਤੀ ਇਸੀ ਪ੍ਰਕਾਰ ਦੀ ਹੈ।

– ਜਾਣੇ ਅਣਜਾਣ ਵਿੱਚ ਅਸੀਂ ਸਕੂਲ ਅਤੇ ਕਲਾਸ ਵਿੱਚ ਲੜਕੀਆਂ ਦੀ ਸਿੱਖਿਆ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ 'ਤੇ ਘੱਟ ਧਿਆਨ ਦਿੰਦੇ ਹਾਂ। ਕਲਾਸ ਵਿੱਚ ਲੜਕੀਆਂ, ਲੜਕਿਆਂ ਤੋਂ ਦੂਰ ਬੈਠਦੀਆਂ ਹਨ। ਸਮੂਹ ਵਿੱਚ ਕਾਰਜ ਕਰਦੇ ਸਮੇਂ ਵੀ ਲੜਕੀਆਂ ਅਲੱਗ ਸਮੂਹ ਵਿੱਚ ਬੈਠਦੀਆਂ ਹਨ। ਕਲਾਸ ਵਿੱਚ ਲੜਕੀਆਂ ਦੀ ਭਾਂਤੀ ਲੜਕੀਆਂ ਨੂੰ ਸਿਖਲਾਈ ਕਿਰਿਆਵਾਂ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਕਲਾਸ ਵਿੱਚ ਅੰਤਰਕਿਰਿਆ ਦੌਰਾਨ ਲੜਕਿਆਂ ਦੀ ਤੁਲਨਾ ਵਿੱਚ ਲੜਕੀਆਂ ਤੋਂ ਘੱਟ ਪ੍ਰਸ਼ਨ ਪੁੱਛੇ ਜਾਂਦੇ ਹਨ। ਆਮ ਤੌਰ 'ਤੇ ਸਕੂਲਾਂ ਵਿੱਚ ਇੱਕ ਆਮ ਗੱਲ ਹੈ ਕਿ ਲੜਕਿਆਂ ਅਤੇ ਲੜਕੀਆਂ ਨੂੰ ਪਰੰਪਰਾਗਤ ਰੂਪ ਤੋਂ ਚੱਲੇ ਆ ਰਹੀ ਭੂਮਿਕਾ ਦਿੱਤੀ ਜਾਂਦੀ ਹੈ ਜੋ ਕਿ ਲਿੰਗਕ ਭੇਦਭਾਵ ਹੈ। ਉਦਾਹਰਨ ਲਈ ਲੜਕਿਆਂ ਨੂੰ ਫੁੱਟਬਾਲ ਅਤੇ ਕ੍ਰਿਕਟ ਖੇਡ ਖੇਡਣ ਲਈ ਦਿੱਤੇ ਜਾਂਦੇ ਹਨ,ਜਦੋਂ ਕਿ ਲੜਕੀਆਂ ਨੂੰ ਲੁੱਡੋ, ਰੱਸੀ ਕੁੱਦਣੀ ਆਦਿ ਖੇਡ ਦਿੱਤੇ ਜਾਂਦੇ ਹਨ। ਲੜਕੀਆਂ ਨੂੰ ਸਰੀਰਿਕ ਰੂਪ ਨਾਲ ਘੱਟ ਕਠਿਨ ਅਤੇ ਜ਼ਿਆਦਾ ਅੰਦਰੂਨੀ ਕਿਰਿਆਵਾਂ ਅਤੇ ਖੇਡਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਜਿਵੇਂ ਫਰਸ਼ ਦੀ ਸਫਾਈ, ਕਲਾਸ ਰੂਮ ਦੀ ਸਜਾਵਟ, ਬੁਣਾਈ, ਕਢਾਈ, ਸਿਲਾਈ, ਖਿਡੌਣੇ ਬਣਾਉਣਾ ਆਦਿ। ਜਦੋਂ ਕਿ ਲੜਕਿਆਂ ਨੂੰ ਸਰੀਰਿਕ ਰੂਪ ਨਾਲ ਜ਼ਿਆਦਾ ਚੁਣੌਤੀਪੂਰਨ ਅਤੇ ਬਾਹਰੀ ਕਿਰਿਆਵਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜਿਵੇਂ ਸਮਾਚਾਰ/ਸੰਦੇਸ਼ ਦੇਣਾ, ਭਾਰੀ ਵਸਤੂਆਂ ਨੂੰ ਉਠਾਉਣਾ ਅਤੇ ਬਗੀਚੇ ਵਿੱਚ ਕਾਰਜ ਕਰਨਾ ਆਦਿ।

– ਜੇਕਰ ਕੋਈ ਲੜਕਾ ਉੱਚੀ ਆਵਾਜ਼ ਵਿੱਚ ਬੋਲਦਾ ਹੈ ਤਾਂ ਅਸੀਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਪਰ ਜੇਕਰ ਕੋਈ ਲੜਕੀ ਉੱਚੀ ਆਵਾਜ਼ ਵਿੱਚ ਬੋਲੇ ਤਾਂ ਅਸੀਂ ਉਸ ਨੂੰ ਅਜਿਹਾ ਨਾ ਕਰਨ ਲਈ ਸਾਵਧਾਨ ਕਰਦੇ ਹਾਂ। ਲੜਕਿਆਂ ਦੀ ਚਲਾਕੀ ਨੂੰ ਸਰਾਹਿਆ ਜਾਂਦਾ ਹੈ ਜਦੋਂ ਕਿ ਲੜਕੀਆਂ ਨੂੰ ਉਸ ਪ੍ਰਕਾਰ ਦੀ ਚਲਾਕੀ ਦਿਖਾਉਣ 'ਤੇ ਪ੍ਰਸ਼ੰਸਾ ਨਹੀਂ ਕੀਤੀ ਜਾਂਦੀ।

• **ਪਾਠ ਪੁਸਤਕਾਂ ਵਿੱਚ ਭੇਦਭਾਵ ਪੂਰਨ ਪ੍ਰਾਵਧਾਨ**: ਪਾਠ ਪੁਸਤਕਾਂ ਵਿੱਚ ਔਰਤਾਂ ਦਾ ਨਿਮਨ ਪੱਧਰ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਜੋ ਲੜਕੀਆਂ ਵਿੱਚ ਸਕੂਲ ਸਿੱਖਿਆ ਦੀ ਸ਼ੁਰੂਆਤ ਤੋਂ ਹੀ ਹੀਣ ਭਾਵਨਾ ਨੂੰ ਜਨਮ ਦੇ ਸਕਦਾ ਹੈ। ਅਜਿਹੀ ਕੁਝ ਭੇਦਭਾਵ ਪੂਰਨ ਸਮੱਗਰੀ 'ਤੇ ਦ੍ਰਿਸ਼ਟੀ ਪਾਉਂਦੇ ਹਾਂ:

– ਤੁਸੀਂ ਖੁਦ ਇਹ ਦੇਖਦੇ ਹੋ ਕਿ ਪਾਠ ਪੁਸਤਕਾਂ ਵਿੱਚ ਲੜਕੀਆਂ/ਔਰਤਾਂ ਦੇ ਮੁੱਦਿਆਂ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਅਤੇ ਸਮਾਜਿਕ ਅਤੇ ਵਿਵਸਾਇਕ ਖੇਤਰਾਂ ਵਿੱਚ ਪ੍ਰਸਿੱਧ ਔਰਤਾਂ ਦੀਆਂ ਉਪਲੱਬਧੀਆਂ 'ਤੇ ਵੀ ਚਰਚਾ ਨਹੀਂ ਮਿਲਦੀ ਹੈ।

– ਵਾਤਾਵਰਣ ਅਧਿਐਨ ਦੀ ਪਾਠ ਪੁਸਤਕ ਵਿੱਚ 'ਪਰਿਵਾਰ' ਪਾਠ ਵਿੱਚ ਪਿਤਾ ਅਤੇ ਮਾਤਾ ਦੀਆਂ ਵਿਰੋਧੀ ਭੂਮਿਕਾਵਾਂ ਦਰਸਾਈਆਂ ਗਈਆਂ ਹਨ। ਪਿਤਾ ਪਰਿਵਾਰ ਲਈ ਰੋਟੀ ਕਮਾਉਣ ਵਾਲਾ ਮੈਂਬਰ ਹੈ ਅਤੇ ਮਾਤਾ ਦੀ ਭੂਮਿਕਾ ਕੀ ਹੈ।

– ਉਸੀ ਪਾਠ ਵਿੱਚ ਇੱਕ ਚਿੱਤਰ ਪਿਤਾ ਨੂੰ ਅਖ਼ਬਾਰ ਪੜ੍ਹਦੇ ਹੋਏ ਅਤੇ ਮਾਤਾ ਨੂੰ ਖਾਣਾ ਪਕਾਉਂਦੇ ਹੋਏ ਦਰਸਾਇਆ ਗਿਆ ਹੈ।

– ਪੰਜਵੀਂ ਕਲਾਸ ਦੀ ਗਣਿਤ ਦੀ ਪਾਠ ਪੁਸਤਕ ਵਿੱਚ ਸਾਨੂੰ ਕੁਝ ਕਥਨ ਮਿਲਦੇ ਹਨ ਜਿਵੇਂ 'ਦੋ ਔਰਤਾਂ ਉਸੀ ਕਾਰਜ ਨੂੰ ਇੱਕ ਦਿਨ ਵਿੱਚ ਕਰ ਸਕਦੀਆਂ ਹਨ ਜਿਸਨੂੰ ਇੱਕ ਮਰਦ ਉਸੀ ਇੱਕ ਦਿਨ ਵਿੱਚ ਕਰ ਸਕਦਾ ਹੈ।' 'ਇੱਕ ਮਰਦ ਪ੍ਰਤੀਦਿਨ 100 ਰੁਪਏ ਕਮਾਉਂਦਾ ਹੈ ਜਦੋਂ ਕਿ ਉਸੀ ਕਾਰਜ ਲਈ ਇੱਕ ਮਹਿਲਾ ਪ੍ਰਤੀਦਿਨ 60 ਰੁਪਏ ਕਮਾਉਂਦੀ ਹੈ।' ਇਸ ਪ੍ਰਕਾਰ ਦੇ ਕਈ ਕਥਨ ਜੋ ਔਰਤਾਂ ਦੀ ਅਵਸਥਾ ਨੂੰ ਸਮਝਾਉਂਦੇ ਹਨ, ਗਣਿਤ ਦੀ ਪਾਠ ਪੁਸਤਕ ਵਿੱਚ ਕਈ ਸਵਾਲਾਂ ਵਿੱਚ ਮਿਲ ਸਕਦੇ ਹਨ। ਬੇਸ਼ੱਕ ਇਹ ਕਥਨ ਨਾ ਤਾਂ ਗਣਿਤ ਦੀਆਂ ਧਾਰਨਾਵਾਂ ਨਾਲ ਸਬੰਧਿਤ ਹਨ ਅਤੇ ਨਾ ਹੀ ਜਾਣ ਬੁੱਝਕੇ ਦਿੱਤੇ ਗਏ ਹਨ। ਉਹ ਸਾਡੀ ਲਿੰਗਮ ਭੇਦਭਾਵ ਦੀ ਭਾਵਨਾ ਨੂੰ ਪ੍ਰਦਰਸ਼ਿਤ ਕਰਦੇ ਹਨ ਜੋ ਨੌਜਵਾਨ ਵਿਦਿਆਰਥੀਆਂ ਵਿੱਚ ਅਣਜਾਣੇ ਵਿੱਚ ਪ੍ਰਵੇਸ਼ ਹੋ ਜਾਂਦੇ ਹਨ।

– ਭਾਸ਼ਾ ਅਤੇ ਸਮਾਜਿਕ ਵਿਗਿਆਨ ਵਿੱਚ ਵੀ ਤੁਸੀਂ ਇਸ ਪ੍ਰਕਾਰ ਦੀ ਭੇਦਭਾਵ ਪੂਰਨ ਸਮੱਗਰੀ ਨੂੰ ਦੇਖਦੇ ਹੋ।

ਪਾਠ ਪੁਸਤਕਾਂ ਵਿੱਚ ਔਰਤਾਂ ਦੀ ਭੂਮਿਕਾ 'ਤੇ ਅਜਿਹੇ ਪ੍ਰਤੀਕੂਲ ਕਥਨਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਦੂਰ ਕਰਨ ਲਈ ਅੱਜਕੱਲ੍ਹ ਕੁਝ ਸੁਧਾਰਾਤਮਕ ਉਪਾਅ ਕੀਤੇ ਜਾ ਰਹੇ ਹਨ।

• ਸਿਖਲਾਈ ਕੁਸ਼ਲਤਾਂ ਪ੍ਰਤੀ ਮਿੱਥਾਂ

ਲੜਕੀਆਂ ਦੀ ਸਿਖਲਾਈ ਉਪਲੱਬਧੀਆਂ ਪ੍ਰਤੀ ਕਈ ਆਮ ਵਿਸ਼ਵਾਸ ਹਨ। ਇਨ੍ਹਾਂ ਵਿੱਚੋਂ ਕੁਝ ਨਿਮਨਲਿਖਤ ਹਨ:

– ਕਿਸੇ ਵੀ ਉਮਰ ਅਤੇ ਕਲਾਸ ਪੱਧਰ 'ਤੇ ਲੜਕੀਆਂ ਦੀਆਂ ਉਪਲੱਬਧੀਆਂ ਲੜਕਿਆਂ ਦੀ ਤੁਲਨਾ ਵਿੱਚ ਘੱਟ ਹਨ।

– ਕਿਸੇ ਵੀ ਪੱਧਰ 'ਤੇ ਲੜਕੀਆਂ ਗਣਿਤ ਵਿਸ਼ੇ ਵਿੱਚ ਲੜਕਿਆਂ ਤੋਂ ਘੱਟ ਪ੍ਰਾਪਤੀ ਕਰਦੀਆਂ ਹਨ।

– ਲੜਕੀਆਂ ਦੀ ਉਪਲੱਬਧੀ ਭਾਸ਼ਾ, ਸਾਹਿਤ ਅਤੇ ਕਵਿਤਾ ਵਿੱਚ ਲੜਕਿਆਂ ਦੀ ਤੁਲਨਾ ਵਿੱਚ ਬਿਹਤਰ ਹੈ।

– ਲੜਕੀਆਂ ਬੋਲਣ ਅਤੇ ਕਲਾਤਮਕ/ਸੁਹਜਾਤਮਕ ਸੰਵੇਦਨਸ਼ੀਲਤਾ ਵਿੱਚ ਬਿਹਤਰ ਹੁੰਦੀਆਂ ਹਨ ਜਦੋਂ ਕਿ ਲੜਕੇ ਗਣਿਤਕ ਸਮਝ ਅਤੇ ਸਰੀਰਿਕ ਮਾਸਪੇਸ਼ੀਆਂ ਸਬੰਧੀ ਯੋਗਤਾਵਾਂ ਵਿੱਚ ਬਿਹਤਰ ਹੁੰਦੇ ਹਨ।

ਗਤੀਵਿਧੀ-1

ਆਪਣੇ ਪ੍ਰੇਖਣ ਦੇ ਆਧਾਰ 'ਤੇ ਇੱਕ ਅਧਿਆਪਕ ਵੱਲੋਂ ਪਾਠ ਸਮੱਗਰੀ ਅਤੇ ਕਲਾਸ ਅਧਿਆਪਨ ਵਿੱਚ ਕੀਤੇ ਗਏ ਲਿੰਗਕ ਭੇਦਭਾਵ ਦੇ ਬਿੰਦੂ ਲਿਖੋ।

ਜੇਕਰ ਅਸੀਂ ਇਸ ਧਾਰਨਾ ਨਾਲ ਅਧਿਆਪਨ ਸ਼ੁਰੂ ਕਰਦੇ ਹਾਂ ਤਾਂ ਅਸੀਂ ਲੜਕੀਆਂ ਦੇ ਨਾਲ ਕਲਾਸ ਅਤੇ ਸਕੂਲ ਕਿਰਿਆਵਾਂ ਵਿੱਚ ਭੇਦਭਾਵ ਕਰ ਰਹੇ ਹੁੰਦੇ ਹਾਂ। ਵਿਸ਼ਵ ਭਰ ਵਿੱਚ ਇਨ੍ਹਾਂ ਮੁੱਦਿਆਂ 'ਤੇ ਕੀਤੀਆਂ ਗਈਆਂ ਖੋਜਾਂ ਨੇ ਇਸ ਪ੍ਰਕਾਰ ਦੇ ਵਿਸ਼ਵਾਸਾਂ ਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਦੇ ਉਲਟ ਇਹ ਦੇਖਿਆ ਗਿਆ ਹੈ ਕਿ ਲੜਕੀਆਂ ਜੋ ਨਿਯਮਤ ਰੂਪ ਨਾਲ ਸਕੂਲ ਵਿੱਚ ਮੌਜੂਦ (95 ਫੀਸਦੀ ਤੋਂ ਜ਼ਿਆਦਾ) ਰਹਿੰਦੀਆਂ ਹਨ, ਉਹ ਹਰੇਕ ਵਿਸ਼ੇ ਵਿੱਚ ਲੜਕਿਆਂ ਦੀ ਤੁਲਨਾ ਵਿੱਚ ਬਿਹਤਰ ਉਪਲੱਬਧੀਆਂ ਹਾਸਲ ਕਰਦੀਆਂ ਹਨ। ਇਸ ਨੂੰ ਇਸ ਗੱਲ ਨਾਲ ਸਮਝਿਆ ਜਾ ਸਕਦਾ ਹੈ ਕਿ ਵਰਤਮਾਨ ਵਿੱਚ ਲਗਪਗ ਸਾਰੀਆਂ ਆਮ ਪ੍ਰੀਖਿਆਵਾਂ ਵਿੱਚ ਉੱਚ ਸ਼੍ਰੇਣੀ ਦੇ ਸਥਾਨ ਲੜਕੀਆਂ ਵੱਲੋਂ ਪ੍ਰਾਪਤ ਕੀਤੇ ਗਏ ਹਨ।

ਸਕੂਲ ਵਿੱਚ ਲੜਕੀਆਂ ਦੀ ਸਿੱਖਿਆ ਨੂੰ ਪ੍ਰੋਤਸਾਹਨ ਦੇਣ ਲਈ ਤੁਸੀਂ ਕੀ ਕਰ ਸਕਦੇ ਹੋ ? ਇਸ ਸੰਦਰਭ ਵਿੱਚ ਤੁਹਾਡੇ ਦੋ ਕਰਤੱਬ ਹਨ:

- ਪਹਿਲਾ- ਸਕੂਲ ਜਾਣ ਦੀ ਉਮਰ (6-14 ਸਾਲ ਉਮਰ ਵਰਗ) ਦੀਆਂ ਸਾਰੀਆਂ ਲੜਕੀਆਂ ਨੂੰ ਸਕੂਲ ਤੱਕ ਲਿਆਉਣਾ ਅਤੇ ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਲਗਾਤਾਰ ਕਲਾਸਾਂ ਵਿੱਚ ਉਨ੍ਹਾਂ ਦੀ ਹਾਜ਼ਰੀ ਸੁਨਿਸ਼ਚਤ ਕਰਨਾ।

- ਕਲਾਸ ਅਤੇ ਸਕੂਲ ਵਿੱਚ ਲੜਕੀਆਂ ਦੀ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਈ ਪ੍ਰਾਵਧਾਨ ਕਰਨਾ। ਅਜਿਹੇ ਉਪਰਾਲਿਆਂ ਦਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ: ਸਕੂਲ ਵਿੱਚ ਲੜਕੀਆਂ ਦੇ ਅਨੁਕੂਲ ਵਾਤਾਵਰਣ ਪ੍ਰਦਾਨ ਕਰਨਾ, ਉਨ੍ਹਾਂ ਦੇ ਆਤਮ ਸਨਮਾਨ, ਆਤਮ ਵਿਸ਼ਵਾਸ ਅਤੇ ਆਤਮ ਨਿਰਭਰਤਾ ਨੂੰ ਪ੍ਰੋਤਸਾਹਨ ਦੇਣਾ, ਕਿਸੇ ਪ੍ਰਕਾਰ ਦਾ ਲੱਛਣ ਲਾਉਣ ਅਤੇ ਪਰੰਪਰਾਗਤ ਭੂਮਿਕਾਵਾਂ ਨੂੰ ਦੂਰ ਕਰਨਾ, ਪਾਠ ਪੁਸਤਕਾਂ ਅਤੇ ਸਿਖਲਾਈ ਸਮੱਗਰੀ ਦੇ ਕਿਸੇ ਵੀ ਪ੍ਰਕਾਰ ਦੇ ਲਿੰਗਕ ਭੇਦਭਾਵ ਨੂੰ ਦੂਰ ਕਰਨਾ, ਕਲਾਸ ਦੀਆਂ ਅੰਤਕਿਰਿਆਵਾਂ ਅਤੇ ਗਤੀਵਿਧੀਆਂ ਨੂੰ ਕਿਸੇ ਵੀ ਪ੍ਰਕਾਰ ਦੇ ਲਿੰਗਕ ਭੇਦਭਾਵ ਤੋਂ ਮੁਕਤ ਕਰਨਾ।

ਇਸ ਸਬੰਧ ਵਿੱਚ ਤੁਸੀਂ ਆਪਣੇ ਸਕੂਲ ਵਿੱਚ ਬਹੁਤ ਸਾਰੇ ਕਦਮ ਉਠਾ ਸਕਦੇ ਹੋ। ਉਪਰੋਕਤ ਉਦੇਸ਼ਾਂ ਦੀ ਪ੍ਰਾਪਤੀ ਲਈ ਬਿੰਦੂ ਨਿਮਨ ਰੂਪ ਨਾਲ ਸੁਝਾਏ ਗਏ ਹਨ:

• **ਸਮੁਦਾਇਕ ਸਹਿਯੋਗ:** ਲੜਕੀਆਂ ਦਾ ਦਾਖਲਾ, ਨਿਯਮਤ ਮੌਜੂਦਗੀ ਅਤੇ ਕਾਰਜਕੁਸ਼ਲਤਾ ਲਈ ਮਾਪਿਆਂ ਵਿਸ਼ੇਸ਼ ਕਰਕੇ ਮਾਵਾਂ ਨਾਲ ਨਿਰੰਤਰ ਗੱਲਬਾਤ ਦੀ ਲੋੜ ਹੈ। ਸਕੂਲ ਪ੍ਰਬੰਧ ਕਮੇਟੀ ਦੇ ਮੈਂਬਰ, ਮਾਤਾ ਅਧਿਆਪਕ ਸੰਗਠਨ, ਸਵੈ ਸਹਾਇਤਾ ਸਮੂਹ ਅਤੇ ਹੋਰ ਰਾਇ ਪ੍ਰਦਾਨ ਕਰਤਾਵਾਂ ਨੂੰ ਉਨ੍ਹਾਂ ਦੇ ਸਕੂਲਾਂ ਵਿੱਚ ਲੜਕੀਆਂ ਦੀ ਸਿੱਖਿਆ ਪ੍ਰਤੀ ਸਮੁਦਾਏ ਨੂੰ ਸਹਿਯੋਗੀ ਬਣਾਉਣ ਲਈ ਸੰਵੇਦਨਸ਼ੀਲ ਕੀਤਾ ਜਾਣਾ ਚਾਹੀਦਾ ਹੈ। ਇਸ ਦਿਸ਼ਾ ਵਿੱਚ ਸਭ ਤੋਂ ਪਹਿਲਾਂ ਤੁਹਾਨੂੰ ਸ਼ੁਰੂਆਤ ਕਰਨੀ ਹੋਏਗੀ।

• **ਲੜਕੀਆਂ ਲਈ ਅਲੱਗ ਪਖਾਨਿਆਂ ਦੀ ਵਿਵਸਥਾ ਸੁਨਿਸ਼ਚਤ ਕਰਨੀ:** ਸਰਵ ਸਿੱਖਿਆ ਅਭਿਆਨ ਨਾਲ ਉਪਲੱਬਧ ਫੰਡ ਦੇ ਪ੍ਰਯੋਗ ਰਾਹੀਂ ਲੜਕੀਆਂ ਲਈ ਅਲੱਗ ਤੋਂ ਪਖਾਨਿਆਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਤੁਹਾਨੂੰ ਦੇਖਣਾ ਹੋਏਗਾ ਕਿ ਲੜਕੀਆਂ ਸਫ਼ਾਈ ਨੂੰ ਧਿਆਨ ਵਿੱਚ ਰੱਖਦੇ ਇਨ੍ਹਾਂ ਦਾ ਠੀਕ ਪ੍ਰਕਾਰ ਨਾਲ ਪ੍ਰਯੋਗ ਕਰਨ। ਇਸ ਨਾਲ ਲੜਕੀਆਂ ਦੀ

ਨਿਯਮਤ ਮੌਜੂਦਗੀ ਵਿੱਚ ਹੀ ਸਹਾਇਤਾ ਨਹੀਂ ਮਿਲਦੀ ਬਲਕਿ ਉਨ੍ਹਾਂ ਵਿੱਚ ਸਵੱਛਤਾ ਦੀਆਂ ਆਦਤਾਂ ਦਾ ਵਿਕਾਸ ਵੀ ਹੁੰਦਾ ਹੈ ਜੋ ਉਹ ਆਪਣੇ ਪਰਿਵਾਰਾਂ ਵਿੱਚ ਵੀ ਲੈ ਕੇ ਜਾਂਦੀਆਂ ਹਨ।

• **ਢੁਕਵੇਂ ਸਮੇਂ ’ਤੇ ਪ੍ਰੋਤਸਾਹਨ ਉਪਲੱਬਧ ਹੋਣਾ**: ਸਕੂਲ ਵਿੱਚ ਲੜਕੀਆਂ ਲਈ ਸਰਵ ਸਿੱਖਿਆ ਅਭਿਆਨ ਤਹਿਤ ਕਈ ਪ੍ਰੋਤਸਾਹਨ ਜਿਵੇਂ ਮੁਫ਼ਤ ਸਕੂਲ ਵਰਦੀ, ਪਾਠ ਪੁਸਤਕਾਂ ਅਤੇ ਪੜ੍ਹਨ ਲਿਖਣ ਦੀ ਸਮੱਗਰੀ। ਤੁਹਾਨੂੰ ਸੁਨਿਸ਼ਚਤ ਕਰਨ ਦੀ ਲੋੜ ਹੈ ਕਿ ਇਹ ਪ੍ਰੋਸਤਾਹਨ ਉਨ੍ਹਾਂ ਤੱਕ ਸਮੇਂ ’ਤੇ ਪਹੁੰਚੇ।

• **ਲੜਕੀਆਂ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਸ਼ਾਮਲ ਕਰਨਾ**: ਤੁਹਾਨੂੰ ਇਹ ਸੁਨਿਸ਼ਚਤ ਕਰਨ ਦੀ ਲੋੜ ਹੈ ਕਿ ਸਕੂਲ ਦੀਆਂ ਸਾਰੀਆਂ ਪ੍ਰਕਾਰ ਦੀਆਂ ਗਤੀਵਿਧੀਆਂ ਵਿੱਚ ਲੜਕੀਆਂ ਦੀ ਸਹਿਭਾਗਤਾ ਹੋਵੇ। ਕੋਈ ਵੀ ਗਤੀਵਿਧੀ ਕੇਵਲ ਲੜਕਿਆਂ ਜਾਂ ਲੜਕੀਆਂ ਦੇ ਨਾਂ ’ਤੇ ਵਿਸ਼ੇਸ਼ ਰੂਪ ਨਾਲ ਨਿਰਧਾਰਤ ਨਾ ਕੀਤੀ ਜਾਏ।

• **ਸਮੂਹਿਕ ਸਿਖਲਾਈ ’ਤੇ ਜ਼ੋਰ**: ਤੁਹਾਨੂੰ ਸਮੂਹ ਅਤੇ ਸਾਥੀ ਸਿਖਲਾਈ ਲਈ ਜ਼ਿਆਦਾ ਅਵਸਰ ਦੇਣੇ ਚਾਹੀਦੇ ਹਨ, ਜਿਨ੍ਹਾਂ ਵਿੱਚ ਲੜਕੀਆਂ ਬਿਨਾਂ ਕਿਸੇ ਰੋਕ ਟੋਕ ਨਾਲ ਭਾਗ ਲੈ ਸਕਣ। ਇਸ ਪ੍ਰਕਾਰ ਦੀ ਖੁੱਲ੍ਹੀ ਅਤੇ ਉਦੇਸ਼ਪੂਰਨ ਸਮੂਹਿਕ ਅੰਤਰਕਿਰਿਆ ਕਲਾਸ ਵਿੱਚ ਲਿੰਗਕ ਭੇਦਭਾਵ ਨੂੰ ਘੱਟ ਕਰਨ ਵਿੱਚ ਸਹਾਇਕ ਹੁੰਦੀ ਹੈ।

• **ਭੇਦਭਾਵ ਮੁਕਤ ਕਲਾਸ ਦੀਆਂ ਅੰਤਰਕਿਰਿਆਵਾਂ**: ਕਲਾਸ ਵਿੱਚ ਅੰਤਰਕਿਰਿਆਵਾਂ ਦੇ ਦੌਰਾਨ ਤੁਹਾਨੂੰ ਲੜਕੇ ਅਤੇ ਲੜਕੀਆਂ ਵਿੱਚ ਸਮਾਨ ਰੂਪ ਨਾਲ ਵੰਡ ਕਰਨੀ ਚਾਹੀਦੀ ਹੈ। ਕਿਸੇ ਵੀ ਪ੍ਰਕਾਰ ਦੀ ਭੇਦਭਾਵ ਪੂਰਨ ਟਿੱਪਣੀ ਲੜਕੀਆਂ ’ਤੇ ਨਾ ਕਰੇ ਅਤੇ ਉਨ੍ਹਾਂ ਨੂੰ ਬਿਹਤਰ ਕਾਰਜਕੁਸ਼ਲਤਾ ਲਈ ਪ੍ਰੋਤਸਾਹਿਤ ਕਰੇ।

• **ਭੇਦਭਾਵ ਮੁਕਤ ਸਿਖਲਾਈ ਮੁਲਾਂਕਣ**: ਲੜਕੀਆਂ ਦੀ ਸਿਖਲਾਈ ਪ੍ਰਗਤੀ ਦੇ ਮੁਲਾਂਕਣ ਵਿੱਚ ਤੁਸੀਂ ਕਿਸੇ ਪ੍ਰਕਾਰ ਦਾ ਭੇਦਭਾਵ ਨਾ ਕਰੋ। ਲੜਕੀਆਂ ਦੇ ਅੰਦਰ ਉਨ੍ਹਾਂ ਦੀ ਕੁਸ਼ਲਤਾ ਦੇ ਮੁਲਾਂਕਣ ਵਿੱਚ ਕਿਸੇ ਪ੍ਰਕਾਰ ਦੇ ਭੇਦਭਾਵ ਦੀ ਭਾਵਨਾ ਨਹੀਂ ਆਉਣੀ ਚਾਹੀਦੀ। ਤੁਸੀਂ ਰਚਨਾਤਾਮਕ ਮੁਲਾਂਕਣ ਦੇ ਅੰਗ ਦੇ ਰੂਪ ਵਿੱਚ ਸਾਥੀ ਮੁਲਾਂਕਣ ਦਾ ਉਪਯੋਗ ਵੀ ਕਰ ਸਕਦੇ ਹੋ ਜਿਸ ਵਿੱਚ ਹਰੇਕ ਵਿਦਿਆਰਥੀ ਲੜਕੀਆਂ ਸਹਿਤ ਹੋਰ ਵਿਦਿਆਰਥੀਆਂ ਅਤੇ ਖੁਦ ਦਾ ਨਾਲ ਨਾਲ ਮੁਲਾਂਕਣ ਕਰਨ ਵਿੱਚ ਆਜ਼ਾਦ ਮਹਿਸੂਸ ਕਰਦਾ ਹੈ। ਇਸ ਪ੍ਰਕਾਰ ਉਹ ਆਪਣੀ ਕੁਸ਼ਲਤਾ ਨੂੰ ਸੁਧਾਰਨ ਲਈ ਪ੍ਰੇਰਿਤ ਹੋ ਜਾਂਦੀਆਂ ਹਨ।

**ਈ: 2 ਆਪਣੇ ਖੇਤਰ ਵਿੱਚ ਲੜਕੀਆਂ ਦੀ ਸਿੱਖਿਆ ਵਿੱਚ ਦੋ ਮੁੱਖ ਰੁਕਾਵਟਾਂ ਨੂੰ ਦੱਸੋ। ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਦੀਆਂ ਵਿਧੀਆਂ ਸੁਝਾਓ।**

**ਸਰਵ ਸਿੱਖਿਆ ਅਭਿਆਨ (ਐਸਐਸਏ) ਵਿੱਚ ਲੜਕੀਆਂ ਦੀ ਸਿੱਖਿਆ**

ਲੜਕੀਆਂ ਦੀ ਸਿੱਖਿਆ ਸਰਵ ਸਿੱਖਿਆ ਅਭਿਆਨ ਦੀ ਮੁੱਖ ਵਿਵਸਥਾ ਹੈ। ਇਸ ਅਨੁਸਾਰ ਪ੍ਰਾਇਮਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਉਪਰਾਲਿਆਂ ਵਿੱਚ ਲੜਕੀਆਂ ਤੱਕ ਪਹੁੰਚਣਾ ਉਸ ਦਾ ਕੇਂਦਰ ਬਿੰਦੂ ਹੈ। ਸਰਵ ਸਿੱਖਿਆ ਅਭਿਆਨ ਦਾ ਲਿੰਗਕ ਸਮਾਨਤਾ ’ਤੇ ਜ਼ੋਰ ਦੇਣ ਦਾ ਮੂਲ ਆਧਾਰ ਰਾਸ਼ਟਰੀ ਸਿੱਖਿਆ ਨੀਤੀ (1986/92 ਅਤੇ ਪ੍ਰੋਗਰਾਮ ਆਫ ਐਕਸ਼ਨ) ਹੈ। ਇਸ ਵਿੱਚ ਲਿੰਗ ਅਤੇ ਲੜਕੀਆਂ ਦੀ ਸਿੱਖਿਆ ਦੇ ਮੁੱਦੇ ਨੂੰ ਕੇਂਦਰੀ ਪੱਧਰ ’ਤੇ ਲਿਆਂਦਾ ਗਿਆ। ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿੱਚ ਮਹਿਲਾ ਅਤੇ ਲੜਕੀਆਂ ਦੀ ਸਿੱਖਿਆ ਨੂੰ ਉਨ੍ਹਾਂ ਦੇ ਸਸ਼ਕਤੀਕਰਨ ਨਾਲ ਜੋੜਿਆ ਗਿਆ ਹੈ। ਰਾਸ਼ਟਰੀ ਸਿੱਖਿਆ ਨੀਤੀ ਅਨੁਸਾਰ ਸਿੱਖਿਆ ਪਰਿਵਰਤਨ ਦਾ ਬਲ ਹੋਣਾ ਚਾਹੀਦਾ ਹੈ ਜੋ ਔਰਤਾਂ ਵਿੱਚ ਆਤਮ ਵਿਸ਼ਵਾਸ ਪੈਦਾ ਕਰੇ ਅਤੇ ਸਮਾਜ ਵਿੱਚ ਉਨ੍ਹਾਂ ਦੀ ਸਥਿਤੀ ਸੁਧਾਰੇ ਅਤੇ ਅਸਮਾਨਤਾਵਾਂ ਨੂੰ ਚੁਣੌਤੀ ਦੇਵੇ।

ਸਰਵ ਸਿੱਖਿਆ ਅਭਿਆਨ ਦੀ ਕਲਪਨਾ ਵਿੱਚ 6–14 ਸਾਲ ਦੇ ਸਾਰੇ ਬੱਚਿਆਂ ਲੜਕੀਆਂ ਸਮੇਤ ਨੂੰ ਸਕੂਲ ਤੱਕ ਲਿਆਉਣਾ ਅਤੇ ਉਨ੍ਹਾਂ ਦਾ ਐਲੀਮੈਂਟਰੀ ਸਿੱਖਿਆ ਨੂੰ ਪੂਰਾ ਕਰਨਾ ਸੁਨਿਸ਼ਚਤ ਕਰਨਾ ਹੈ। ਇਸ ਦਾ ਉਦੇਸ਼ ਉਨ੍ਹਾਂ ਸਭ ਨੂੰ ਭਰਨਾ ਹੈ ਜੋ ਲਿੰਗ ਮਾਨਤਾਵਾਂ ਕਾਰਨ, ਦਾਖਲਾ, ਸਕੂਲਾਂ ਵਿੱਚ ਬਰਕਰਾਰ ਰਹਿਣਾ ਅਤੇ ਉਪਲੱਬਧੀ ਵਿੱਚ ਉਤਪੰਨ ਹੋ ਗਈ ਹੈ। ਇਸ ਨਾਲ ਸਬੰਧਿਤ ਕੋਸ਼ਿਸ਼ਾਂ ਵਿੱਚ ਕਈ ਵਿਧੀਆਂ ਸ਼ਾਮਲ ਹਨ। ਜਿਵੇਂ ਸਮੁਦਾਏ ਸਕੂਲ ਦੀਆਂ ਗਤੀਵਿਧੀਆਂ ਵਿੱਚ ਮਾਵਾਂ ਦੀ ਸਹਿਭਾਗਤਾ ਨੂੰ ਮਜ਼ਬੂਤ ਬਣਾਉਣਾ, ਲੜਕੀਆਂ ਦੇ ਪ੍ਰੋਤਸਾਹਨ ਲਈ ਸਕੂਲ ਵਰਦੀ, ਪਾਠ ਪੁਸਤਕਾਂ, ਪੜ੍ਹਨ ਲਿਖਣ ਦੀ ਸਮੱਗਰੀ ਅਤੇ ਚੋਣਵੇਂ ਖੇਤਰਾਂ ਵਿੱਚ ਰਿਹਾਇਸ਼ੀ ਸਕੂਲਾਂ ਦੀ ਸੁਵਿਧਾ ਦਾ ਪ੍ਰਾਵਧਾਨ ਸਿੱਖਿਆ ਲਈ ਪਹੁੰਚ ਨੂੰ ਵਧਾਉਣ ਲਈ, ਸਰਵ ਸਿੱਖਿਆ ਅਭਿਆਨ ਵਿੱਚ ਲੜਕੀਆਂ ਲਈ ਕੁਝ ਵਿਸ਼ੇਸ਼ ਪ੍ਰੋਗਰਾਮ ਹਨ ਜੋ ਨਿਮਨਲਿਖਤ ਹਨ:

**ਸਰਵ ਸਿੱਖਿਆ ਅਭਿਆਨ ਤਹਿਤ ਲੜਕੀਆਂ ਲਈ ਵਿਸ਼ੇਸ਼ ਪ੍ਰੋਗਰਾਮ**

**(ੳ) ਐਲੀਮੈਂਟਰੀ ਪੱਧਰ 'ਤੇ ਲੜਕੀਆਂ ਦੀ ਸਿੱਖਿਆ ਲਈ ਰਾਸ਼ਟਰੀ ਪ੍ਰੋਗਰਾਮ (ਐੱਨ.ਪੀ.ਈ.ਜੀ.ਈ.ਐੱਲ.)**

ਇਹ ਪ੍ਰੋਗਰਾਮ ਅਲੱਗ ਅਤੇ ਲਿੰਗ ਵਿਸ਼ੇਸ਼ ਹੈ, ਪਰ ਐੱਸ.ਐੱਸ.ਏ. ਦਾ ਅੰਦਰੂਨੀ ਭਾਗ ਹੈ। ਜੋ 'ਲੜਕੀਆਂ ਦੀ ਪਹੁੰਚ ਲਈ ਬਹੁਤ ਕਠਿਨ' ਨਾਲ ਮਤਲਬ ਰੱਖਦਾ ਹੈ। ਇਹ ਲੜਕੀਆਂ ਦੀ ਸਿੱਖਿਆ ਨੂੰ ਪ੍ਰੋਤਸਾਹਨ ਦੇਣ ਲਈ ਵਾਧੂ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਸਹਾਇਤਾ ਆਮਤੌਰ 'ਤੇ ਐੱਸ.ਐੱਸ.ਏ. ਵਿਵਸਥਾ ਵਿੱਚ ਲੜਕੀਆਂ ਦੀ ਸਿੱਖਿਆ ਲਈ ਰੱਖੇ ਗਏ ਨਿਵੇਸ਼ ਤੋਂ ਕਿਧਰੇ ਜ਼ਿਆਦਾ ਹੈ। ਐੱਨ.ਪੀ.ਈ.ਜੀ.ਈ.ਐੱਲ. ਨੂੰ ਲਾਗੂ ਕੀਤਾ ਗਿਆ ਹੈ:

–ਸਿੱਖਿਆ ਦੇ ਰੂਪ ਵਿੱਚ ਪੱਛੜੇ ਬਲਾਕ ਜਿੱਥੇ ਗ੍ਰਾਮੀਣ ਮਹਿਲਾ ਸਾਖਰਤਾ ਦਰ ਰਾਸ਼ਟਰੀ ਔਸਤ ਤੋਂ ਘੱਟ ਹੈ ਅਤੇ ਸਾਖਰਤਾ ਵਿੱਚ ਲਿੰਗ ਅੰਤਰ ਰਾਸ਼ਟਰੀ ਔਸਤ ਤੋਂ ਜ਼ਿਆਦਾ ਹੈ।

–ਜ਼ਿਲ੍ਹੇ ਦੇ ਉਹ ਬਲਾਕ ਜੋ ਈਬੀਬੀਐੱਸ ਤਹਿਤ ਨਹੀਂ ਆਉਂਦੇ ਪਰ ਉੱਥੇ ਘੱਟ ਤੋਂ ਘੱਟ 5 ਫੀਸਦੀ ਜਨਸੰਖਿਆ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੀ ਹੈ ਅਤੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਔਰਤਾਂ ਦਾ ਟੀਚਾ ਚੁਣੇ ਗਏ ਖੇਤਰ ਵਿੱਚ ਸਾਰੀਆਂ ਲੜਕੀਆਂ ਦਾ ਦਾਖਲਾ, ਲੜਕੀਆਂ ਦੀ ਸਕੂਲ ਛੱਡਣ ਦੀ ਦਰ ਨੂੰ ਘੱਟ ਕਰਨਾ, ਵਿਦਿਆਰਥਣਾਂ ਨੂੰ ਜੀਵਨ ਕੁਸ਼ਲ ਪ੍ਰਦਾਨ ਕਰਨਾ ਅਤੇ ਲੜਕੀਆਂ ਦੇ ਦਾਖਲੇ ਅਤੇ ਉਨ੍ਹਾਂ ਦੇ ਸਕੂਲ ਵਿੱਚ ਠਹਿਰਨ ਲਈ ਗੰਭੀਰ ਰੂਪ ਨਾਲ ਸਮਾਜ ਨੂੰ ਸੰਗਠਿਤ ਕਰਨਾ ਹੈ।

**(ਅ) ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ (ਕੇਜੀਬੀਵੀ)**

ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ ਅਤੇ ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਸਮੂਹਾਂ ਦੀਆਂ ਲੜਕੀਆਂ ਲਈ ਰਿਹਾਇਸ਼ੀ ਅਪਰ ਪ੍ਰਾਇਮਰੀ ਸਕੂਲਾਂ ਦੀ ਸਥਾਪਨਾ ਕਰਨਾ ਇਸ ਪ੍ਰੋਗਰਾਮ ਦਾ ਉਦੇਸ਼ ਹੈ। ਕੇ.ਜੀ.ਬੀ.ਵੀ. ਦੀ ਸਥਾਪਨਾ ਨਿਮਨ ਖੇਤਰਾਂ ਵਿੱਚ ਕੀਤੀ ਜਾਂਦੀ ਹੈ:

–ਸਿੱਖਿਆ ਦੇ ਰੂਪ ਵਿੱਚ ਪੱਛੜੇ ਬਲਾਕ, ਜਿੱਥੇ ਗ੍ਰਾਮੀਣ ਮਹਿਲਾ ਸਾਖਰਤਾ 30 ਫੀਸਦੀ ਤੋਂ ਘੱਟ ਹੈ।

–ਸ਼ਹਿਰੀ ਖੇਤਰ ਜਿੱਥੇ ਮਹਿਲਾ ਸਾਖਰਤਾ ਰਾਸ਼ਟਰੀ ਮਹਿਲਾ ਸਾਖਰਤਾ (ਸ਼ਹਿਰੀ) ਤੋਂ ਘੱਟ ਹੈ।

– ਘੱਟ ਗਿਣਤੀ ਬਹੁਤਾਤ ਵਾਲੇ ਖੇਤਰਾਂ ਵਿੱਚ।

ਅਜਿਹੇ ਰਿਹਾਇਸ਼ੀ ਸਕੂਲ ਕੇਵਲ ਉਨ੍ਹਾਂ ਸਿੱਖਿਆ ਰੂਪ ਵਿੱਚ ਪੱਛੜੇ ਬਲਾਕਾਂ ਵਿੱਚ ਜਿੱਥੇ ਉੱਚ ਪ੍ਰਾਇਮਰੀ ਪੱਧਰ 'ਤੇ ਲੜਕੀਆਂ ਲਈ ਕਿਸੇ ਵੀ ਸਕੀਮ ਤਹਿਤ ਰਿਹਾਇਸ਼ੀ ਸਕੂਲ ਨਹੀਂ ਹੈ।

ਕੇ.ਜੀ.ਬੀ.ਵੀ. ਸਕੀਮ ਸਭ ਤੋਂ ਵੱਧ ਰੂਪ ਨਾਲ ਸੁਵਿਧਾ ਵੰਚਿਤ ਸਮਾਜ ਦੀਆਂ ਲੜਕੀਆਂ ਦੇ ਸਰਵਪੱਖੀ ਵਿਕਾਸ ਲਈ ਕਾਰਜ ਕਰਦੀ ਹੈ। ਇਹ ਮੌਜੂਦ ਪਾਠਕ੍ਰਮ ਦੇ ਪ੍ਰਾਵਧਾਨਾਂ ਨਾਲ ਵਿਵਸਾਇਕ ਤੱਤਾਂ ਦਾ ਵੀ ਏਕੀਕਰਨ ਕਰਦੀ ਹੈ। ਇਨ੍ਹਾਂ ਰਿਹਾਇਸ਼ੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਸਾਰੇ ਖਰਚ ਸਰਵ ਸਿੱਖਿਆ ਅਭਿਆਨ ਵੱਲੋਂ ਉਠਾਏ ਜਾਂਦੇ ਹਨ। ਇਸ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਵਿਭਿੰਨ ਸੰਸਥਾਵਾਂ ਅਤੇ ਰਾਜ ਸਰਕਾਰੀ ਵਿਭਾਗਾਂ ਵਿੱਚ ਗਹਿਰਾ ਸੁਮੇਲ ਹੈ।

**ਗਤੀਵਿਧੀ**–2:

ਐੱਨਪੀਜੀਈਐੱਲ ਪ੍ਰੋਗਰਾਮ ਦੇ ਉਦੇਸ਼ਾਂ ਦੇ ਆਧਾਰ 'ਤੇ ਆਪਣੇ ਜ਼ਿਲ੍ਹੇ ਵਿੱਚ ਇਸ ਪ੍ਰੋਗਰਾਮ ਦੀ ਪ੍ਰਗਤੀ ਦੀ ਇੱਕ ਰਿਪੋਰਟ ਤਿਆਰ ਕਰੋ।

### 10.3.2 **ਘੱਟ ਗਿਣਤੀ ਸਮੂਹ ਦੇ ਬੱਚਿਆਂ ਦੀ ਸਿੱਖਿਆ**

ਸਕੂਲ ਵਿੱਚ ਕਈ ਬੱਚੇ ਘੱਟ ਗਿਣਤੀ ਸਮੁਦਾਏ ਤੋਂ ਆਉਂਦੇ ਹਨ। ਇਹ ਘੱਟ ਗਿਣਤੀ ਸਮੁਦਾਏ ਮੁੱਖ ਰੂਪ ਨਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ: (1) ਭਾਸ਼ਾਈ ਘੱਟ ਗਿਣਤੀ (2) ਧਾਰਮਿਕ ਘੱਟ ਗਿਣਤੀ (3) ਪ੍ਰਜਾਤੀ ਘੱਟ ਗਿਣਤੀ

ਕੁਝ ਉਦਾਹਰਨ ਨਿਮਨਲਿਖਤ ਹਨ :

–ਨੀਲਾਂਜਨਾ ਤਮਿਲਨਾਡੂ ਰਾਜ ਦੇ ਮਦੁਰਾਈ ਸ਼ਹਿਰ ਦੇ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੀ ਹੈ। ਹਾਲਾਂਕਿ ਉਸ ਦੀ ਮਾਂ ਬੋਲੀ ਬੰਗਾਲੀ ਹੈ ਪਰ ਆਪਣੇ ਸਕੂਲ ਵਿੱਚ ਉਸ ਨੂੰ ਅਧਿਆਪਨ ਦਾ ਮਾਧਿਅਮ ਤਮਿਲ ਹੋਣ ਕਾਰਨ ਉਸੀ ਭਾਸ਼ਾ ਵਿੱਚ ਬੋਲਣਾ ਪੈਂਦਾ ਹੈ। ਉਹ ਇੱਕ ਬੰਗਾਲੀ ਭਾਸ਼ਾ ਬੋਲਣ ਵਾਲੇ ਸਮੁਦਾਏ ਤੋਂ ਹੈ ਅਤੇ ਮੁਦਰਾਈ ਵਿੱਚ ਪੜ੍ਹ ਰਹੀ ਹੈ। ਇੱਥੇ ਇਸ ਸਮੁਦਾਏ ਨੂੰ ਭਾਸ਼ਾਈ ਘੱਟ ਗਿਣਤੀ ਸਮੁਦਾਏ ਕਹਿ ਸਕਦੇ ਹਾਂ।

–ਸਲਮਾਨ ਪੁਰੀ ਦੇ ਇੱਕ ਸਕੂਲ ਵਿੱਚ ਤੀਜੀ ਜਮਾਤ ਦਾ ਵਿਦਿਆਰਥੀ ਹੈ। ਉਹ ਮੁਸਲਮਾਨ ਸਮੁਦਾਏ ਨਾਲ ਸਬੰਧਿਤ ਹੈ ਜਿਸ ਨੂੰ ਪੁਰੀ ਵਿੱਚ ਧਾਰਮਿਕ ਘੱਟ ਗਿਣਤੀ ਸਮੁਦਾਏ ਮੰਨਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਪੁਰੀ ਵਿੱਚ ਜ਼ਿਆਦਾਤਰ ਜਨਸੰਖਿਆ ਹਿੰਦੂਆਂ ਦੀ ਹੈ।

–ਸੋਰੇਨ ਉੜੀਸਾ ਦੇ ਮਿਊਰਭੰਜ ਵਿੱਚ ਸੰਥਾਲੀ ਜਨ ਜਾਤੀ ਦਾ ਹੈ ਜੋ ਬਾਰੀਪਾੜਾ ਸ਼ਹਿਰ ਦੇ ਇੱਕ ਸਰਕਾਰੀ ਸਕੂਲ ਵਿੱਚ ਪੜ੍ਹਦਾ ਹੈ। ਹਾਲਾਂਕਿ ਸੋਰੇਨ ਉੜੀਸਾ ਦਾ ਰਹਿਣ ਵਾਲਾ ਹੈ, ਉਹ ਇੱਕ ਜਨ ਜਾਤੀ ਨਾਲ ਸਬੰਧਿਤ ਹੈ। ਉਸੀ ਪ੍ਰਕਾਰ ਜਿਵੇਂ ਹੋਰ ਸਮਾਜਿਕ ਸੰਸਕ੍ਰਿਤਕ ਪਛਾਣ ਵਾਲੇ ਹੋਰ ਜਨ ਜਾਤੀ ਸਮੂਹ ਹਨ।

ਇਨ੍ਹਾਂ ਤਿੰਨੋਂ ਬੱਚਿਆਂ ਦੀਆਂ ਉਨ੍ਹਾਂ ਦੀਆਂ ਕਲਾਸਾਂ ਵਿੱਚ ਕੀ ਸਮੱਸਿਆਵਾਂ ਹਨ ?

–ਨੀਲਾਜਨਾ ਕਲਾਸ ਵਿੱਚ ਅੰਤਰਕਿਰਿਆ ਅਤੇ ਪਾਠ ਪੁਸਤਕ ਦੀ ਭਾਸ਼ਾ ਨੂੰ ਆਪਣੇ ਘਰ ਅਤੇ ਸਕੂਲ ਦੀ ਭਾਸ਼ਾ ਵਿੱਚ ਅੰਤਰ ਦੇ ਕਾਰਨ ਸਮਝਣ ਵਿੱਚ ਔਖੀ ਹੋ ਰਹੀ ਹੈ। ਉਸ ਨੂੰ ਆਪਣੀਆਂ ਭਾਵਨਾਵਾਂ ਨੂੰ ਤਮਿਲ ਭਾਸ਼ਾ ਵਿੱਚ ਪ੍ਰਗਟ ਕਰਨ ਦੀ ਵੀ ਸਮੱਸਿਆ ਹੈ ਕਿਉਂਕਿ ਤਮਿਲ ਉਸ ਦੀ ਮਾਂ ਬੋਲੀ ਨਹੀਂ ਹੈ। ਸਿਰਫ਼ ਸਕੂਲ ਕਲਾਸ ਵਿੱਚ ਹੀ ਨਹੀਂ ਬਲਕਿ ਸਮੁਦਾਏ ਵਿੱਚ ਹਰ ਸਥਾਨ 'ਤੇ ਉਹ ਸਥਾਨਕ ਭਾਸ਼ਾ ਵਿੱਚ ਅਮਲ ਕਿਰਿਆ ਵਿੱਚ ਉਸ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਖੁਦ ਨੂੰ ਸਮੁਦਾਏ ਤੋਂ ਅਲੱਗ ਸਮਝਦੀ ਹੈ ਅਤੇ ਕਲਾਸ ਵਿੱਚ ਭੇਦਭਾਵ ਤੋਂ ਪੀੜਤ ਮਹਿਸੂਸ ਕਰਦੀ ਹੈ।

-ਸਲਮਾਨ ਨਾਲ ਅੰਤਰਕਿਰਿਆ ਲਈ ਭਾਸ਼ਾ ਦੀ ਸਮੱਸਿਆ ਨਹੀਂ ਹੈ। ਹਾਲਾਂਕਿ ਉਹ ਘਰ ਵਿੱਚ ਅਤੇ ਮੁਸਲਮਾਨ ਸਮੁਦਾਏ ਵਿੱਚ ਉਰਦੂ ਬੋਲਦਾ ਹੈ, ਉਹ ਉੜੀਆ ਭਾਸ਼ਾ ਵਿੱਚ ਵੀ ਸਮਾਨ ਗਤੀ ਨਾਲ ਗੱਲ ਕਰ ਲੈਂਦਾ ਹੈ ਜੋ ਪੁਰੀ ਦੇ ਜ਼ਿਆਦਾਤਰ ਲੋਕਾਂ ਦੀ ਭਾਸ਼ਾ ਹੈ। ਉਹ ਦੋਭਾਸ਼ੀ ਹੈ। ਪਰ ਉਸ ਦੀ ਸਮੱਸਿਆ ਧਾਰਮਿਕ ਹੈ ਅਤੇ ਉਸ ਦੀ ਪਛਾਣ ਧਰਮ ਨਾਲ ਜੋੜੀ ਜਾਂਦੀ ਹੈ। ਵਿਭਿੰਨ ਤਿਓਹਾਰ ਮਨਾਉਣਾ, ਉਤਸਵ ਮਨਾਉਣਾ ਅਤੇ ਹੋਰ ਪਾਠ ਸਹਿਗਾਮੀ ਕਿਰਿਆਵਾਂ ਦੇ ਦੌਰਾਨ ਉਹ ਖੁਦ ਨੂੰ ਆਪਣੀ ਕਲਾਸ ਦੇ ਸਾਥੀਆਂ ਨਾਲ ਅਲੱਗ ਅਲੱਗ ਮਹਿਸੂਸ ਕਰਦਾ ਹੈ। ਅਤੇ ਇਸ ਪ੍ਰਕਾਰ ਭੇਦ ਭਾਵ ਤੋਂ ਪੀੜਤ ਮਹਿਸੂਸ ਕਰਦਾ ਹੈ। ਭੇਦ ਭਾਵ ਦੀ ਇਸ ਭਾਵਨਾ ਨੂੰ ਉਹ ਰੋਜ਼ਾਨਾ ਜੀਵਨ ਦੀਆਂ ਹੋਰ ਸਥਿਤੀਆਂ ਵਿੱਚ ਵੀ ਲੈ ਕੇ ਜਾਂਦਾ ਹੈ। ਇੱਥੋਂ ਤੱਕ ਕਿ ਕਲਾਸ ਵਿੱਚ ਅੰਤਰਕਿਰਿਆ ਵਿੱਚ ਵੀ।

-ਸੋਰੇਨ ਇੱਕ ਜਨ ਜਾਤੀ ਸਮੁਦਾਏ ਦਾ ਹੋਣ ਦੇ ਕਾਰਨ ਉਸ ਦੀ ਇੱਕ ਸਪੱਸ਼ਟ ਜਾਤੀ ਪਛਾਣ ਹੈ। ਜੋ ਉਸ ਨੂੰ ਕਲਾਸ ਵਿੱਚ ਹੋਰ ਵਿਦਿਆਰਥੀਆਂ ਤੋਂ ਅਲੱਗ ਰੱਖਦੀ ਹੈ। ਜਨ ਜਾਤੀ ਬੱਚਿਆਂ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ 'ਤੇ ਇਸ ਇਕਾਈ ਦੇ ਅਲੱਗ ਭਾਗ ਵਿੱਚ ਚਰਚਾ ਕਰਾਂਗੇ।

ਘੱਟ ਗਿਣਤੀ ਸਮੂਹ ਦੀ ਸਿੱਖਿਆ ਕਿਉਂ ਮਹੱਤਵਪੂਰਨ ਹੈ ? ਇਹ ਨਿਮਨ ਬਿੰਦੂਆਂ ਦੇ ਆਧਾਰ 'ਤੇ ਮਹੱਤਵਪੂਰਨ ਹੈ:

**ਅਵਸਰਾਂ ਦੀ ਸਮਾਨਤਾ:** ਹਰੇਕ ਬੱਚੇ ਲਈ ਸਿੱਖਿਆ ਲਈ ਸਮਾਨ ਅਵਸਰਾਂ ਦੀ ਲੋੜ ਹੈ, ਵਿਸ਼ੇਸ਼ ਕਰਕੇ ਐਲੀਮੈਂਟਰੀ ਸਿੱਖਿਆ ਜੋ ਸਾਡੇ ਸੰਵਿਧਾਨ ਦੇ ਅਨੁਸਾਰ ਇੱਕ ਬੁਨਿਆਦੀ ਅਧਿਕਾਰ ਹੈ। (ਹੇਠ ਦਿੱਤੇ ਗਏ ਬਾਕਸ ਵਿੱਚ ਦੇਖੋ) ਅਤੇ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਵਿੱਚ ਇਸ 'ਤੇ ਜ਼ੋਰ ਦਿੱਤਾ ਗਿਆ ਹੈ। ਅਵਸਰ ਦੀ ਸਮਾਨਤਾ ਆਮ ਤੌਰ 'ਤੇ ਸਕੂਲ ਪ੍ਰਾਵਧਾਨ ਦੀ ਪਹੁੰਚ 'ਤੇ ਜ਼ੋਰ ਪਾਉਂਦੀ ਹੈ। ਹਰੇਕ ਬੱਚਾ ਚਾਹੇ ਉਹ ਕਿਸੇ ਜਾਤੀ ਪ੍ਰਜਾਤੀ ਧਰਮ ਜਾਂ ਕੋਈ ਅਯੋਗਤਾ ਦੇ ਕਾਰਨ ਹੋਵੇ, ਉਸ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਕੂਲ ਪਹੁੰਚ ਦਾ ਅਵਸਰ ਮਿਲਣਾ ਚਾਹੀਦਾ ਹੈ। ਅਜਿਹਾ ਨਾ ਹੋਣ 'ਤੇ ਅਸੀਂ ਇਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਸਿੱਖਿਆ ਦੇ ਬੁਨਿਆਦੀ ਅਧਿਕਾਰ ਤੋਂ ਵੰਚਿਤ ਕਰ ਰਹੇ ਹਾਂ।

**ਭੇਦਭਵ ਰਹਿਤ ਵਿਵਹਾਰ:** ਕੁਝ ਵਿਸ਼ੇਸ਼ ਖੇਤਰਾਂ ਨੂੰ ਛੱਡ ਕੇ ਆਮ ਸਕੂਲਾਂ/ਕਲਾਸਾਂ ਵਿੱਚ ਘੱਟ ਗਿਣਤੀ ਸਮੂਹ ਦੇ ਬੱਚੇ ਬਹੁਤ ਘੱਟ ਸੰਖਿਆ ਵਿੱਚ ਹੁੰਦੇ ਹਨ। ਉਹ ਖੁਦ ਨੂੰ ਅਲੱਗ ਮਹਿਸੂਸ ਕਰਦੇ ਹਨ ਕਿਉਂਕਿ ਅਧਿਆਪਕ ਅਤੇ ਸਾਥੀ ਸਮੂਹ ਰਾਹੀਂ ਭੇਦਭਾਵ ਪੂਰਨ ਵਿਵਹਾਰ ਅਤੇ ਉਨ੍ਹਾਂ ਦੇ ਘੱਟ ਗਿਣਤੀ ਹੋਣ ਦਾ ਟੈਗ ਜਿਵੇਂ ਭਾਸ਼ਾ, ਧਰਮ ਅਤੇ ਸਰੀਰਿਕ ਅਪਾਹਜਤਾ ਆਦਿ ਭੇਦਭਾਵ ਪੂਰਨ ਵਿਵਹਾਰ ਹਨ ਜਿਵੇਂ ਅਲੱਗ ਤੋਂ ਬੈਠਣ ਦੀ ਵਿਵਸਥਾ, ਕਈ ਗਤੀਵਿਧੀਆਂ ਵਿੱਚ ਭਾਗ ਲੈਣ 'ਤੇ ਰੋਕ, ਅਪਮਾਨਜਨਕ ਟਿੱਪਣੀ, ਉਨ੍ਹਾਂ ਦੇ ਘਰ ਦੀ ਭਾਸ਼ਾ ਦਾ ਉਪਯੋਗ ਨਾ ਕਰਨਾ ਆਦਿ। ਇਸ ਲਈ ਅਧਿਆਪਕਾਂ ਲਈ ਜ਼ਰੂਰੀ ਹੈ ਕਿ ਉਹ ਸੁਨਿਸ਼ਚਤ ਕਰਨ ਕਿ ਇਹ ਬੱਚੇ ਸਕੂਲ ਅਤੇ ਕਲਾਸ ਦੀਆਂ ਗਤੀਵਿਧੀਆਂ ਵਿੱਚ ਕਿਸੇ ਵੀ ਪ੍ਰਕਾਰ ਦੇ ਭੇਦਭਾਵ ਪੂਰਨ ਵਿਵਹਾਰ ਤੋਂ ਪੀੜਤ ਨਾ ਹੋਣ।

**ਸੰਯੁਕਤ ਸੰਸਕ੍ਰਿਤੀ ਦਾ ਸਨਮਾਨ:** ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਵਿਭਿੰਨ ਸੰਸਕ੍ਰਿਤੀਆਂ ਨਾਲ ਨਾਲ ਮੌਜੂਦ ਹਨ ਜੋ ਆਪਸੀ ਅੰਤਰਕਿਰਿਆ ਅਤੇ ਇੱਕ ਦੂਜੇ ਪ੍ਰਤੀ ਸਨਮਾਨ ਦੀ ਭਾਵਨਾ ਰਾਹੀਂ ਵਿਕਸਤ ਹੋਈਆਂ ਹਨ। ਸਕੂਲ ਵਿੱਚ ਬੱਚਿਆਂ ਦੀ ਮੁੱਢਲੀ ਸਿਖਲਾਈ ਵਿੱਚ ਹੀ ਭਿੰਨ ਭਿੰਨ ਸੰਸਕ੍ਰਿਤੀਆਂ ਪ੍ਰਤੀ ਸਨਮਾਨ ਅਤੇ ਦੂਜਿਆਂ ਦੇ ਵਿਚਾਰਾਂ ਨੂੰ ਸੁਣਨ ਅਤੇ ਸਹਿਣ ਦੀ ਪ੍ਰਵਿਰਤੀ ਨੂੰ ਵਿਕਸਤ ਕੀਤਾ ਜਾਣਾ ਚਾਹੀਦਾ ਹੈ।

**ਸਮਾਜਿਕ ਵਿਵਸਥਾ ਵਿੱਚ ਅਨੇਕਤਾ:** ਸਾਡੇ ਦੇਸ਼ ਵਿੱਚ ਹਰੇਕ ਸਮਾਜ ਵਿੱਚ ਅਨੇਕਤਾ ਇੱਕ ਵਿਸ਼ੇਸ਼ਤਾ ਹੈ। ਇੱਥੋਂ ਤੱਕ ਕਿ ਸਕੂਲ ਦੇ ਆਸ ਪਾਸ ਦੇ ਸਮੁਦਾਇਆਂ ਵਿੱਚ ਵੀ ਅਨੇਕਤਾ ਦਰਜ ਕੀਤੀ ਜਾਂਦੀ ਹੈ ਜੋ ਆਮਦਨ, ਵਿਵਸਾਏ, ਰੀਤੀ ਰਿਵਾਜਾਂ ਦੇ ਆਧਾਰ 'ਤੇ ਹੁੰਦੀ ਹੈ। ਇਹ

ਅਨੇਕਤਾ ਕਲਾਸਾਂ ਵਿੱਚ ਵੀ ਪ੍ਰਦਰਸ਼ਿਤ ਹੁੰਦੀ ਹੈ। ਜਿੱਥੇ ਵਿਭਿੰਨ ਸਮੁਦਾਏ ਦੇ ਬੱਚੇ ਵਿਭਿੰਨ ਗਤੀਵਿਧੀਆਂ ਦੇ ਦੌਰਾਨ ਸਮਾਨ ਰੂਪ ਨਾਲ ਭਾਗ ਲੈਂਦੇ ਹਨ ਅਤੇ ਅੰਤਰਕਿਰਿਆ ਕਰਦੇ ਹਨ। ਹਰੇਕ ਸਮੁਦਾਏ ਦੇ ਅਦਭੁੱਤ/ਵਿਸ਼ੇਸ਼ ਤੱਤਾਂ ਨੂੰ ਕਲਾਸ ਅਤੇ ਸਕੂਲ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਦੀ ਲੋੜ ਹੈ ਤਾਂ ਕਿ ਸ਼ੁਰੂ ਤੋਂ ਹੀ ਅਨੇਕਤਾ ਨੂੰ ਇੱਕ ਪੂੰਜੀ ਦੀ ਤਰ੍ਹਾਂ ਸਨਮਾਨ ਦੇਣ।

**ਸਮਾਵੇਸ਼ੀ ਸਿਖਲਾਈ ਵਾਤਾਵਰਣ**: ਇੱਕ ਅਧਿਆਪਕ ਦੇ ਨਾਤੇ ਤੁਹਾਨੂੰ ਸਾਰੇ ਬੱਚਿਆਂ ਨੂੰ ਸਮਾਨ ਰੂਪ ਵਿੱਚ ਧਿਆਨ ਵਿੱਚ ਰੱਖਕੇ ਸਮਾਵੇਸ਼ੀ ਸਿਖਲਾਈ ਵਾਤਾਵਰਣ ਬਣਾਉਣ ਦੀ ਲੋੜ ਹੈ। ਇਹ ਨੋਟ ਕਰੋ ਕਿ ਸੰਵਿਧਾਨ ਕੀ ਕਹਿੰਦਾ ਹੈ।

**ਘੱਟ ਗਿਣਤੀ ਸਮੂਹਾਂ ਦੇ ਅਧਿਕਾਰਾਂ ਦੇ ਬਾਰੇ ਵਿੱਚ ਸੰਵਿਧਾਨ ਕੀ ਕਹਿੰਦਾ ਹੈ ?**

• ਅਨੁਛੇਦ 15 ਅਤੇ 19 ਜੋ ਬੁਨਿਆਦੀ ਅਧਿਕਾਰਾਂ ਨਾਲ ਸਬੰਧਿਤ ਹੈ, ਦੇ ਅਨੁਸਾਰ ਧਰਮ, ਜਾਤ, ਪ੍ਰਜਾਤੀ, ਲਿੰਗ ਅਤੇ ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਆਧਾਰ 'ਤੇ ਭੇਦਭਾਵ ਕਰਨਾ ਮਨ੍ਹਾਂ ਹੈ ਅਤੇ ਸਾਰੇ ਨਾਗਰਿਕਾਂ ਲਈ ਰੁਜ਼ਗਾਰ ਸਬੰਧੀ ਸਮਾਨਤਾ ਦੇ ਅਵਸਰ ਪ੍ਰਦਾਨ ਕਰਦਾ ਹੈ।

• ਅਨੁਛੇਦ 29 ਅਤੇ 30 ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਭਾਸ਼ਾ, ਲਿੱਪੀ, ਸੰਸਕ੍ਰਿਤੀ ਅਤੇ ਸਿੱਖਿਆ ਸੰਸਥਾਵਾਂ ਦੀ ਸਥਾਪਨਾ ਅਤੇ ਪ੍ਰਸ਼ਾਸਨ ਦੇ ਸਬੰਧ ਵਿੱਚ ਰਾਖੀ ਕਰਦਾ ਹੈ।

ਅਨੁਛੇਦ 350 (ਏ) ਅਨੁਸਾਰ ਪ੍ਰਾਇਮਰੀ ਪੱਧਰ 'ਤੇ ਮਾਂ ਬੋਲੀ ਵਿੱਚ ਅਧਿਆਪਨ ਲਈ ਸੁਵਿਧਾਵਾਂ ਪ੍ਰਦਾਨ ਕਰਨਾ ਹੈ।

ਆਓ ਹੁਣ ਘੱਟ ਗਿਣਤੀ ਸਿੱਖਿਆ ਲਈ ਕੀਤੇ ਜਾਣ ਵਾਲੇ ਉਪਾਇਆਂ ਦੀ ਚਰਚਾ ਕਰਦੇ ਹਾਂ।

ਭਾਸ਼ਾਈ ਘੱਟ ਗਿਣਤੀ ਸਮੂਹਾਂ ਦੇ ਬੱਚਿਆਂ ਦੀ ਸਿੱਖਿਆ

ਭਾਸ਼ਾਈ ਘੱਟ ਗਿਣਤੀ ਸਮੂਹਾਂ ਦੇ ਬੱਚਿਆਂ ਦੀ ਸਿੱਖਿਆ ਦੀ ਸੁਵਿਧਾ ਲਈ ਸਕੂਲ ਪੱਧਰ 'ਤੇ ਨਿਮਨ ਕਦਮ ਉਠਾਏ ਜਾ ਸਕਦੇ ਹਨ:

• **ਭਾਸ਼ਾਈ ਘੱਟ ਨਿਤੀ ਸਮੂਹਾਂ ਦੇ ਬੱਚਿਆਂ ਲਈ ਸਕੂਲ**: ਜਿੱਥੇ ਘੱਟ ਗਿਣਤੀ ਸਮੂਹਾਂ ਦੀ ਬਹੁਤਾਤ ਹੋਵੇ, ਉੱਥੇ ਉਨ੍ਹਾਂ ਦੇ ਬੱਚਿਆਂ ਲਈ ਅਲੱਗ ਸਕੂਲ ਹੋਵੇ ਜਾਂ ਜਿੱਥੇ ਇਨ੍ਹਾਂ ਬੱਚਿਆਂ ਦੀ ਸੰਖਿਆ ਜ਼ਿਆਦਾ ਹੋਵੇ, ਉਨ੍ਹਾਂ ਲਈ ਰਿਹਾਇਸ਼ੀ ਸਕੂਲ ਦੀ ਵਿਵਸਥਾ।

• **ਪਾਠ ਪੁਸਤਕਾਂ ਅਤੇ ਪੜ੍ਹਨ ਦੀ ਸਮੱਗਰੀ ਦਾ ਪ੍ਰਾਵਧਾਨ**: ਭਾਸ਼ਾਈ ਘੱਟ ਗਿਣਤੀ ਸਮੂਹਾਂ ਦੇ ਬੱਚਿਆਂ ਦੀ ਮੁੱਢਲੀ ਲੋੜ ਪਾਠ ਪੁਸਤਕ ਅਤੇ ਹੋਰ ਪੜ੍ਹਨ ਦੀ ਸਮੱਗਰੀ ਹੈ। ਇਸ ਸਮੱਗਰੀ ਦੀ ਸਮੇਂ 'ਤੇ ਸਪਲਾਈ ਖੁਦ ਇੱਕ ਸਮੱਸਿਆ ਬਣੀ ਰਹਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਕੁਝ ਰਾਜਾਂ ਵਿੱਚ ਰਾਜ ਦੀ ਮੁੱਖ ਭਾਸ਼ਾ ਤੋਂ ਇਲਾਵਾ ਹੋਰ ਭਾਸ਼ਾਵਾਂ ਦੀਆਂ ਪਾਠ ਪੁਸਤਕਾਂ ਵਿਭਿੰਨ ਕਮੀਆਂ ਦੇ ਕਾਰਨ ਵਿਕਸਤ ਨਹੀਂ ਕੀਤੀਆਂ ਜਾਂਦੀਆਂ।

ਪਾਠ ਪੁਸਤਕਾਂ ਨਾਲ ਸਬੰਧਿਤ ਦੂਜੀ ਸਮੱਸਿਆ ਹੈ ਕੁਝ ਸਕੂਲਾਂ ਵਿੱਚ ਭਾਸ਼ਾ ਦੀ ਪਾਠ ਪੁਸਤਕ ਦੇ ਇਲਾਵਾ ਹੋਰ ਵਿਸ਼ਿਆਂ ਦੀਆਂ ਪਾਠ ਪੁਸਤਕਾਂ ਅਜਿਹੇ ਬੱਚਿਆਂ ਦੇ ਘਰ ਦੀ ਭਾਸ਼ਾ ਵਿੱਚ ਉਪਲੱਬਧ ਨਹੀਂ ਹੁੰਦੀਆਂ। ਇਸ ਦਾ ਅਰਥ ਇਹ ਹੈ ਕਿ ਅਜਿਹੇ ਬੱਚਿਆਂ ਨੂੰ ਗਣਿਤ, ਵਿਗਿਆਨ ਅਤੇ ਸਮਾਜਿਕ ਵਿਗਿਆਨ ਦੀਆਂ ਪਾਠ ਪੁਸਤਕਾਂ ਰਾਜ ਦੀ ਮੁੱਖ ਭਾਸ਼ਾ ਵਿੱਚ ਲਿਖੀਆਂ ਹੋਈਆਂ ਪੜ੍ਹਨੀਆਂ ਪੈਂਦੀਆਂ ਹਨ। ਇਸ ਸਬੰਧੀ ਦੂਜੇ ਰਾਜਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਿੱਥੇ ਪਾਠ ਪੁਸਤਕਾਂ ਅਤੇ ਪੜ੍ਹਨ ਦੀ ਸਮੱਗਰੀ ਉਨ੍ਹਾਂ ਨਾਲ ਸਬੰਧਿਤ ਭਾਸ਼ਾ ਵਿੱਚ ਉਪਲੱਬਧ ਹੈ।

• **ਭਾਸ਼ਾ ਅਧਿਆਪਕਾਂ ਨੂੰ ਸ਼ਾਮਲ ਕਰਨਾ:** ਬੱਚਿਆਂ ਦੇ ਨਾਲ ਉਸ ਦੇ ਘਰ ਦੀ ਭਾਸ਼ਾ ਵਿੱਚ ਗੱਲ ਕਰਨੀ ਅੰਤਰਕਿਰਿਆ ਕਰਨ ਵਾਲੇ ਅਧਿਆਪਕ ਦੀ ਮੌਜੂਦਗੀ ਅਜਿਹੇ ਬੱਚਿਆਂ ਵਿੱਚ ਅਲੱਗ ਥਲੱਗ ਦੀ ਭਾਵਨਾ ਨੂੰ ਦੂਰ ਕਰਨ ਵਿੱਚ ਕਾਫ਼ੀ ਹੱਦ ਤੱਕ ਸਹਾਇਕ ਹੁੰਦੀ ਹੈ। ਭਾਸ਼ਾ ਅਧਿਆਪਕ ਵਿਸ਼ੇਸ਼ ਕਰਕੇ ਘੱਟ ਗਿਣਤੀ ਭਾਸ਼ਾ ਵਿੱਚ ਸ਼ਾਮਲ ਕਰਨਾ ਇਨ੍ਹਾਂ ਬੱਚਿਆਂ ਦੀ ਸਿਖਲਾਈ ਦੀ ਸੁਵਿਧਾ ਲਈ ਸਾਕਾਰਾਤਮਕ ਕਦਮ ਹੋ ਸਕਦਾ ਹੈ। ਜੇਕਰ ਕੋਈ ਮਾਹਿਰ ਵਿਅਕਤੀ ਉਪਲੱਬਧ ਨਹੀਂ ਹੋਵੇ ਤਾਂ ਘੱਟ ਤੋਂ ਘੱਟ ਸਕੂਲ ਦਾ ਇੱਕ ਅਧਿਆਪਕ ਘੱਟ ਗਿਣਤੀ ਭਾਸ਼ਾ ਅਤੇ ਸੰਸਕ੍ਰਿਤੀ ਤੋਂ ਸਿੱਖਿਅਤ ਕੀਤਾ ਜਾਵੇ ਤਾਂ ਕਿ ਉਹ ਇਨ੍ਹਾਂ ਬੱਚਿਆਂ ਨੂੰ ਸਕੂਲ ਵਿੱਚ ਸੰਭਾਲ ਸਕੇ।

• **ਬਹੁਭਾਸ਼ਾਈ ਗਤੀਵਿਧੀਆਂ ਵਿੱਚ ਸਹਿਭਾਗਤਾ:** ਸਕੂਲ ਵਿੱਚ ਵਿਭਿੰਨ ਅਵਸਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਵਿੱਚ ਬੱਚਿਆਂ ਨੂੰ ਵਿਭਿੰਨ ਭਾਸ਼ਾਵਾਂ ਵਿੱਚ ਗਤੀਵਿਧੀ ਪ੍ਰਦਰਸ਼ਿਤ ਕਰਨ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਉਦਾਹਰਨ ਲਈ ਦੇਸ਼ ਭਗਤੀ ਗੀਤਾਂ ਨੂੰ ਵਿਭਿੰਨ ਭਾਸ਼ਾਵਾਂ ਵਿੱਚ ਮਹੱਤਵਪੂਰਨ ਦਿਨਾਂ ’ਤੇ  ਜਿਵੇਂ ਕਿ ਆਜ਼ਾਦੀ ਦਿਵਸ, ਗਣਤੰਤਰ ਦਿਵਸ, ਰਾਸ਼ਟਰੀ ਏਕਤਾ ਦਿਵਸ ਆਦਿ। ਸਕੂਲ ਦੇ ਸਾਰੇ ਬੱਚਿਆਂ ਨੂੰ ਦੋਨੋਂ ਭਾਸ਼ਾਵਾਂ ਵਿੱਚ ਨਾਟਕ, ਗੀਤ, ਪਹੇਲੀਆਂ ਆਦਿ ਪ੍ਰਦਰਸ਼ਿਤ ਕਰਨ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੀਆਂ ਬਹੁਭਾਸ਼ੀ ਗਤੀਵਿਧੀਆਂ ਵਿੱਚ ਸਕੂਲ/ਕਲਾਸ ਦੇ ਸਾਰੇ ਬੱਚਿਆਂ ਵੱਲੋਂ ਭਾਗ ਲੈਣ ਨਾਲ ਮਿੱਤਰਤਾ ਦਾ ਵਿਕਾਸ ਹੋਏਗਾ ਅਤੇ ਭਾਸ਼ਾਈ ਘੱਟ ਗਿਣਤੀ ਦੇ ਬੱਚਿਆਂ ਵਿੱਚ ਇਕੱਲਤਾ ਦੀ ਭਾਵਨਾ ਘੱਟ ਹੋਏਗੀ।

• **ਘੱਟ ਗਿਣਤੀ ਭਾਸ਼ਾ ਵਿੱਚ ਮੁਲਾਂਕਣ ਲਈ ਅਵਸਰ:** ਗੈਰ ਰਸਮੀ ਰੂਪ ਨਾਲ ਕਲਾਸ ਅਧਿਆਪਨ ਦੇ ਦੌਰਾਨ ਅਧਿਆਪਕ ਪ੍ਰਸ਼ਨ ਪੁੱਛਣ/ ਕਾਰਜ ਕਰਨ ਲਈ ਦੋਨੋਂ ਭਾਸ਼ਾਵਾਂ, ਮੁੱਖ ਅਤੇ ਘੱਟ ਗਿਣਤੀ ਦਾ ਪ੍ਰਯੋਗ ਕਰ ਸਕਦੇ ਹਨ। ਰਸਮੀ ਮੁਲਾਂਕਣ ਦੀ ਸਥਿਤੀ ਵਿੱਚ ਪ੍ਰਸ਼ਨ ਅਤੇ ਕਾਰਜ ਲਈ ਘੱਟ ਗਿਣਤੀ ਭਾਸ਼ਾ ਦਾ ਪ੍ਰਯੋਗ ਹੋਣਾ ਚਾਹੀਦਾ ਹੈ ਤਾਂ ਕਿ ਘੱਟ ਗਿਣਤੀ ਬੱਚੇ ਭਾਸ਼ਾ ਦੀ ਮੁਸ਼ਕਿਲ ਦੇ ਕਾਰਨ ਕਾਰਜਕੁਸ਼ਲਤਾ ਵਿੱਚ ਔਖ ਮਹਿਸੂਸ ਨਾ ਕਰਨ।

**ਧਾਰਮਿਕ ਘੱਟ ਗਿਣਤੀ ਸਮੂਹਾਂ ਦੇ ਬੱਚਿਆਂ ਦੀ ਸਿੱਖਿਆ**

ਸਾਡਾ ਦੇਸ਼ ਇੱਕ ਧਰਮ ਨਿਰਪੱਖ ਦੇਸ਼ ਹੈ ਜਿੱਥੇ ਹਰ ਧਰਮ ਨੂੰ ਪੂਰਾ ਸਨਮਾਨ ਦਿੱਤਾ ਜਾਂਦਾ ਹੈ। ਸਾਡੇ ਸੰਵਿਧਾਨ ਅਨੁਸਾਰ ਸਾਰੇ ਵਿਅਕਤੀਆਂ ਨੂੰ ਸਮਾਨ ਰੂਪ ਨਾਲ ਜ਼ਮੀਰ ਦੀ ਆਜ਼ਾਦੀ ਦਾ ਅਧਿਕਾਰ ਹੈ ਅਤੇ ਧਰਮ ਦੀ ਚੋਣ, ਅਪਣਾਉਣ ਅਤੇ ਪ੍ਰਚਾਰ ਪ੍ਰਸਾਰ ਕਰਨ ਦਾ ਅਧਿਕਾਰ ਹੈ। (ਅਨੁਛੇਦ 25) ਫਿਰ ਵੀ ਕਈ ਕਾਰਨਾਂ ਜਿਵੇਂ ਅੰਧਵਿਸ਼ਵਾਸ, ਜਾਤੀ ਦੁਸ਼ਮਣੀ, ਘੋਰ ਗਰੀਬੀ ਆਦਿ ਦੀ ਵਜ੍ਹਾ ਨਾਲ ਧਾਰਮਿਕ ਘੱਟ ਗਿਣਤੀ ਸਮੂਹ ਦੇ ਬੱਚੇ ਸਕੂਲ ਸਿੱਖਿਆ ਦੇ ਖੇਤਰ ਵਿੱਚ ਪੱਛੜੇ ਹੋਏ ਸਮੂਹ ਰਹਿ ਜਾਂਦੇ ਹਨ। ਇਸ ਲਈ ਉਨ੍ਹਾਂ ਦਾ ਸਕੂਲਾਂ ਵਿੱਚ ਸਿੱਖਿਆ ਪੱਧਰ ਸੁਧਾਰਨ ਲਈ ਉਨ੍ਹਾਂ ’ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਰਾਜ, ਸਕੂਲ ਅਤੇ ਅਧਿਆਪਕਾਂ ਰਾਹੀਂ ਨਿਮਨਲਿਖਤ ਖੇਤਰਾਂ ਵਿੱਚ ਧਿਆਨ ਦੇਣ ਦੀ ਲੋੜ ਹੈ:

• **ਪਹੁੰਚ ਦਾ ਪ੍ਰਾਵਧਾਨ:** ਸਾਡੇ ਸੰਵਿਧਾਨ ਦੇ ਪ੍ਰਾਵਧਾਨ (ਅਨੁਛੇਣ 29 (2)) ਦੇ ਆਧਾਰ ’ਤੇ ਰਾਜ ਰਾਹੀਂ ਸਥਾਪਿਤ ਜਾਂ ਰਾਜ ਦੇ ਫੰਡ ਨਾਲ ਸਹਾਇਤਾ ਪ੍ਰਾਪਤ ਕੋਈ ਵੀ ਸਿੱਖਿਆ ਸੰਸਥਾ ਧਰਮ, ਜਾਤ, ਪ੍ਰਜਾਤੀ, ਭਾਸ਼ਾ ਜਾਂ ਹੋਰ ਕਿਸੇ ਆਧਾਰ ’ਤੇ ਕਿਸੇ ਨੂੰ ਵੀ ਪ੍ਰਵੇਸ਼ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ। ਸਿੱਖਿਆ ਦਾ ਅਧਿਕਾਰ ਕਾਨੂੰਨ ਵੀ ਇਸ ਨੂੰ ਦਰਸਾਉਂਦਾ ਹੈ।

• **ਧਾਰਮਿਕ ਸੰਸਥਾਵਾਂ ਦਾ ਆਧੁਨਿਕੀਕਰਨ:** ਧਾਰਮਿਕ ਸਮੂਹ ਦੇ ਬੱਚਿਆਂ ਲਈ ਧਾਰਮਿਕ ਸੰਸਥਾ ਵਿੱਚ ਧਾਰਮਿਕ ਪਾਠ ਕ੍ਰਮ ਅਤੇ ਅਧਿਆਪਨ ’ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਬਿਨਾਂ ਵਿਗਿਆਨਕ ਅਤੇ ਤਕਨੀਕੀ ਵਿਕਾਸ ਦੇ ਗਿਆਨ ਦੇ ਇਨ੍ਹਾਂ ਸਕੂਲਾਂ ਦੇ ਵਿਦਿਆਰਥੀ ਅਤੇ ਉਨ੍ਹਾਂ ਵਿੱਚ ਜੀਵਨ ਦੇ ਸਮੁੱਚੇ ਵਿਚਾਰ ਦੀ ਕਮੀ ਰਹਿ ਜਾਂਦੀ ਹੈ। ਇਸ ਤੋਂ ਇਲਾਵਾ ਉਹ ਕਈ ਅਨੁਭਵਾਂ ਤੋਂ ਵੰਚਿਤ ਰਹਿ ਜਾਂਦੇ ਹਨ ਜੋ ਉਨ੍ਹਾਂ ਨੂੰ ਉੱਚ ਸਿਖਲਾਈ ਦੀ ਪ੍ਰਾਪਤੀ ਵਿੱਚ ਸਹਾਇਕ ਹੁੰਦੇ ਅਤੇ ਉਨ੍ਹਾਂ ਨੂੰ ਵਿਵਸਾਏ ਦੇ ਵਿਸਤ੍ਰਿਤ ਚੋਣ ਯੋਗ ਬਣਾਉਂਦੇ ਹਨ। ਵਰਤਮਾਨ ਵਿੱਚ ਇਹ

ਸੋਚਿਆ ਜਾ ਰਿਹਾ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਆਧੁਨਿਕੀਕਰਨ ਦੀ ਲੋੜ ਹੈ ਤਾਂ ਕਿ ਇਨ੍ਹਾਂ ਬੱਚਿਆਂ ਨੂੰ ਧਾਰਮਿਕ ਸਿੱਖਿਆ ਤੋਂ ਇਲਾਵਾ ਹੋਰ ਸਾਰੇ ਸੰਭਵ ਮੌਕੇ ਪ੍ਰਦਾਨ ਕੀਤੇ ਜਾ ਸਕਣ।

• **ਸਕੂਲ ਕਿਰਿਆਵਾਂ ਵਿੱਚ ਸਮਾਵੇਸ਼:** ਆਮ ਸਕੂਲਾਂ ਦੀਆਂ ਵਿਭਿੰਨ ਗਤੀਵਿਧੀਆਂ ਵਿੱਚ ਘੱਟ ਗਿਣਤੀ ਸੰਸਕ੍ਰਿਤੀ ਦੇ ਭਿੰਨ ਭਿੰਨ ਰੂਪਾਂ ਨੂੰ ਸਮਾਵੇਸ਼ਿਤ ਕੀਤਾ ਜਾ ਸਕਾ ਹੈ ਤਾਂ ਕਿ ਇਨ੍ਹਾਂ ਬੱਚਿਆਂ ਨੂੰ ਸਕੂਲ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ, ਇਸ ਪ੍ਰਕਾਰ ਦੇ ਮੱਖ ਕਿਰਿਆ ਬਿੰਦੂ ਨਿਮਨ ਹਨ:

–**ਧਾਰਮਿਕ ਪ੍ਰਥਾਵਾਂ ਦਾ ਸਨਮਾਨ:** ਵਰਤਮਾਨ ਵਿੱਚ ਇਹ ਇੱਕ ਆਮ ਪ੍ਰਥਾ ਹੈ ਕਿ ਸਾਡੇ ਦੇਸ਼ ਵਿੱਚ ਮੌਜੂਦ ਧਾਰਮਿਕ ਅਵਸਰਾਂ ਦੇ ਮਹੱਤਵਪੂਰਨ ਦਿਨਾਂ ਵਿੱਚ ਸਾਰੇ ਸਕੂਲਾਂ ਵਿੱਚ ਛੁੱਟੀ ਹੁੰਦੀ ਹੈ। ਅਜਿਹੇ ਦਿਨਾਂ ਅਤੇ ਉਤਸਵਾਂ ਦੇ ਮਹੱਤਵ 'ਤੇ ਚਰਚਾ ਕਰਕੇ ਇਸ ਨੂੰ ਹੋਰ ਜ਼ਿਆਦਾ ਮਜ਼ਬੂਤ ਬਣਾਇਆ ਜਾ ਸਕਦਾ ਹੈ ਜੋ ਕਿ ਹਰੇਕ ਬੱਚੇ ਵਿੱਚ ਆਪਣੇ ਧਰਮ ਤੋਂ ਇਲਾਵਾ ਦੂਜੇ ਸਾਰੇ ਧਰਮਾਂ ਦੇ ਪ੍ਰਤੀ ਸਨਮਾਨ ਦੀ ਭਾਵਨਾ ਵਿਕਸਤ ਕਰਨ ਵਿੱਚ ਸਹਾਇਕ ਹੋਏਗਾ।

–**ਸਕੂਲ ਦੀਆਂ ਗਤੀਵਿਧੀਆਂ ਵਿੱਚ ਸਮਾਨ ਰੂਪ ਨਾਲ ਸਹਿਭਾਗਤਾ ਸੁਨਿਸ਼ਚਤ ਕਰਨਾ:** ਧਾਰਮਿਕ ਘੱਟ ਗਿਣਤੀ ਸਮੂਹ ਦੇ ਬੱਚਿਆਂ ਵਿੱਚੋਂ ਇਕੱਲਤਾ ਦੀ ਭਾਵਨਾ ਨੂੰ ਘੱਟ ਕਰਨ ਲਈ ਸਕੂਲ ਦੀਆਂ ਸਾਰੇ ਪ੍ਰਕਾਰ ਦੀਆਂ ਗਤੀਵਿਧੀਆਂ ਵਿੱਚ ਉਨ੍ਹਾਂ ਦੀ ਸਹਿਭਾਗਤਾ ਸੁਨਿਸ਼ਚਤ ਕਰਨਾ ਜ਼ਰੂਰੀ ਹੈ।

–**ਪੱਛੜੇ ਬੱਚਿਆਂ ਲਈ ਵਿਸ਼ੇਸ਼ ਸਿਖਲਾਈ:** ਇਸ ਪ੍ਰਕਾਰ ਦੇ ਜ਼ਿਆਦਾਤਰ ਬੱਚੇ ਬਹੁਤ ਹੀ ਗਰੀਬ ਪਿਛੋਕੜ ਤੋਂ ਆਉਂਦੇ ਹਨ। ਘੱਟ ਗਿਣਤੀ ਸਮੁਦਾਏ ਦੇ ਅਜਿਹੇ ਬੱਚਿਆਂ ਲਈ ਵਿਸ਼ੇਸ਼ ਸਿਖਲਾਈ ਦਾ ਪ੍ਰਾਵਧਾਨ ਹੋਣਾ ਚਾਹੀਦਾ ਹੈ।

• **ਕਲਾਸਰੂਮ ਗਤੀਵਿਧੀਆਂ ਦਾ ਸਹਿਜੀਕਰਨ:** ਭੇਦਭਾਵ ਦੇ ਸਾਰੇ ਸੰਭਵ ਸਰੋਤ ਜੋ ਇਨ੍ਹਾਂ ਬੱਚਿਆਂ ਨੂੰ ਕਲਾਸ ਅਧਿਆਪਨ ਦੇ ਦੌਰਾਨ ਹੋਰ ਬੱਚਿਆਂ ਤੋਂ ਅਲੱਗ ਕਰਦੇ ਹਨ, ਇਨ੍ਹਾਂ ਸਾਰਿਆਂ ਨੂੰ ਦੂਰ ਕਰਨ ਦੀ ਲੋੜ ਹੈ। ਇਸ ਲਈ ਨਿਮਨ ਕਾਰਜ ਬਿੰਦੂਆਂ ਨੂੰ ਧਿਆਨ ਵਿੱਚ ਰੱਖਿਆ ਜਾ ਸਕਦਾ ਹੈ:

– **ਸਮੂਹਿਕ ਗਤੀਵਿਧੀਆਂ ਵਿੱਚ ਸਹਿਭਾਗਤਾ ਸੁਨਿਸ਼ਚਤ ਕਰਨਾ:** ਕਲਾਸ ਵਿੱਚ ਸਮੂਹਿਕ ਗਤੀਵਿਧੀਆਂ ਵਿੱਚ ਸਾਰੇ ਬੱਚਿਆਂ ਨੂੰ ਸ਼ਾਮਲ ਕਰਨ ਨਾਲ ਸਾਥੀ ਅੰਤਰਕਿਰਿਆ ਅਤੇ ਸਮੂਹ ਪਰਸਪਰਤਾ ਨੂੰ ਉਤਸ਼ਾਹ ਮਿਲਦਾ ਹੈ। ਇਸ ਨਾਲ ਭੇਦਭਾਵ ਘੱਟ ਹੁੰਦਾ ਹੈ ਅਤੇ ਦੂਜਿਆਂ ਨੂੰ ਅਪਮਾਨਜਨਕ ਟਿੱਪਣੀ ਕਰਨ ਦਾ ਮੌਕਾ ਨਹੀਂ ਮਿਲਦਾ।

–**ਸਿਖਲਾਈ ਸਮੱਗਰੀ ਨਾਲ ਭੇਦਭਾਵ ਦੂਰ ਕਰਨਾ:** ਅਜਿਹੇ ਚਿੱਤਰ, ਮਾਡਲ ਅਤੇ ਕੁਝ ਪਾਠ ਸਮੱਗਰੀ ਜੋ ਧਾਰਮਿਕ ਘੱਟ ਗਿਣਤੀ ਸਮੁਦਾਏ ਦੇ ਬੱਚਿਆਂ ਵਿੱਚ ਦੁਰਭਾਵਨਾਵਾਂ ਉਤਪੰਨ ਕਰਦੀ ਹੈ, ਉਸ ਨੂੰ ਉਪਯੋਗ ਵਿੱਚ ਨਾ ਲਿਆ ! ਅਤੇ ਨਾ ਹੀ ਉਸਦਾ ਪ੍ਰਦਰਸ਼ਨ ਕਰੋ। ਕਲਾਸ ਅਧਿਆਪਨ ਵਿੱਚ ਅਜਿਹੀ ਕੋਈ ਵੀ ਵਸਤੂ ਜਿਸ ਨਾਲ ਦੁਰਭਾਵਨਾ ਵਿਕਸਤ ਹੋਵੇ ਉਸ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਣੀ ਚਾਹੀਦੀ।

–**ਭਾਸ਼ਾ ਦੇ ਮੁੱਦੇ ਨੂੰ ਧਿਆਨ ਵਿੱਚ ਰੱਖਣਾ:** ਮੁਸਲਮਾਨ ਪਰਿਵਾਰਾਂ ਦੇ ਬੱਚੇ ਉਰਦੂ ਨੂੰ ਆਪਣੀ ਮਾਂ ਬੋਲੀ ਦੇ ਰੂਪ ਵਿੱਚ ਪ੍ਰਯੋਗ ਕਰਦੇ ਹਨ। ਜੇਕਰ ਸਕੂਲ ਵਿੱਚ ਕੋਈ ਅਧਿਆਪਕ ਉਰਦੂ ਭਾਸ਼ਾ ਨੂੰ ਜਾਣਨ ਵਾਲਾ ਹੋਵੇ ਤਾਂ ਮੁਸਲਮਾਨ ਬੱਚਿਆਂ ਨੂੰ ਲਾਭ ਹੋ ਸਕਦਾ ਹੈ। ਜੇਕਰ ਅਜਿਹੇ ਅਧਿਆਪਕ ਉਪਲੱਬਧ ਨਹੀਂ ਹੋਣ ਤਾਂ ਸਕੂਲ ਦੇ ਕੁਝ ਅਧਿਆਪਕਾਂ ਨੂੰ ਘੱਟ ਤੋਂ ਘੱਟ ਇੰਨੀ ਸਿਖਲਾਈ ਦਿੱਤੀ ਜਾਵੇ ਕਿ ਉਹ ਕਲਾਸ ਵਿੱਚ ਉਰਦੂ ਭਾਸ਼ਾ ਵਿੱਚ ਗੱਲ ਕਰ ਸਕਣ ਤਾਂ ਕਿ ਇਨ੍ਹਾਂ ਬੱਚਿਆਂ ਵਿੱਚ ਆਤਮਵਿਸ਼ਵਾਸ ਬਣਿਆ ਰਹੇ। ਇਸ ਪ੍ਰਕਾਰ ਦੇ ਬੱਚਿਆਂ ਨੂੰ ਪਾਠ ਸਹਿਕਾਰੀ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਜਿਵੇਂ ਗੀਤ ਗਾਉਣਾ ਅਤੇ ਉਰਦੂ ਵਿੱਚ ਗੱਲਬਾਤ ਰਾਹੀਂ ਅਭਿਨੈ ਕਰਨਾ।

- **ਅਧਿਆਪਕਾਂ, ਮੁੱਖ ਅਧਿਆਪਕਾਂ ਅਤੇ ਸਿੱਖਿਆ ਪ੍ਰਸ਼ਾਸਕਾਂ ਦੀ ਸਿਖਲਾਈ:** ਅਧਿਆਪਕਾਂ ਅਤੇ ਪ੍ਰਸ਼ਾਸਕਾਂ ਨੂੰ ਘੱਟ ਸਮੇਂ ਦੀ ਸਿਖਲਾਈ ਦਿੱਤੀ ਜਾ ਸਕਦੀ ਹੈ ਜਿਸ ਵਿੱਚ ਉਨ੍ਹਾਂ ਨੂੰ ਦੱਸਿਆ ਜਾਏ ਕਿ ਧਾਰਮਿਕ ਘੱਟ ਗਿਣਤੀ ਸਮੂਹਾਂ ਦੇ ਬੱਚਿਆਂ ਦੀ ਸਿਖਲਾਈ ਨੂੰ ਕਿਸ ਪ੍ਰਕਾਰ ਸਹਿਜ ਬਣਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਕਿਸ ਪ੍ਰਕਾਰ ਭੇਦਭਾਵ ਪੂਰਨ ਵਿਵਹਾਰ ਤੋਂ ਬਚਾਇਆ ਜਾ ਸਕਦਾ ਹੈ।

ਇੱਕ ਅਧਿਆਪਕ ਦੇ ਰੂਪ ਵਿੱਚ ਤੁਸੀਂ ਘੱਟ ਗਿਣਤੀ ਸਮੁਦਾਏ ਦੇ ਬੱਚਿਆਂ ਦੀ ਸਿੱਖਿਆ ਲਈ ਮੁੱਖ ਭੂਮਿਕਾ ਨਿਭਾ ਸਕਦੇ ਹੋ। ਜੇਕਰ ਤੁਸੀਂ ਇਸ ਪ੍ਰਕਾਰ ਦੇ ਸਮੁਦਾਏ ਨਾਲ ਸਬੰਧਿਤ ਨਹੀਂ ਹੋ ਤਾਂ ਤੁਹਾਨੂੰ ਇਨ੍ਹਾਂ ਬੱਚਿਆਂ ਨੂੰ ਸਮਝਣ ਅਤੇ ਪ੍ਰੇਰਿਤ ਕਰਨ ਵਿੱਚ ਮੁਸ਼ਕਿਲ ਆਏਗੀ। ਇੱਕ ਬਾਰ ਜੇਕਰ ਤੁਸੀਂ ਉਨ੍ਹਾਂ ਦੀ ਬੋਲੀ, ਭਾਸ਼ਾ, ਸੰਸਕ੍ਰਿਤੀ ਅਤੇ ਧਾਰਮਿਕ ਪਿਛੋਕੜ ਨੂੰ ਸਮਝਣ ਦੀ ਕੋਸ਼ਿਸ਼ ਕਰ ਲਓ ਤਾਂ ਤੁਸੀਂ ਇਨ੍ਹਾਂ ਵਿਦਿਆਰਥੀਆਂ ਨਾਲ ਪ੍ਰਭਾਵੀ ਢੰਗ ਨਾਲ ਗੱਲ ਕਰ ਸਕਦੇ ਹੋ ਅਤੇ ਉਨ੍ਹਾਂ ਦੀਆਂ ਲੋੜਾਂ ਦੇ ਅਨੁਸਾਰ ਪਾਠਕ੍ਰਮ ਅਤੇ ਅਧਿਆਪਨ ਨੂੰ ਅਪਣਾ ਸਕਦੇ ਹੋ।

**ਈ–3 : ਕਲਾਸ ਰੂਮ ਵਿੱਚ ਘੱਟ ਗਿਣਤੀ ਸਮੂਹਾਂ ਦੇ ਬੱਚਿਆਂ ਵਿੱਚੋਂ ਇਕੱਲਤਾ ਦੀ ਭਾਵਨਾ ਨੂੰ ਦੂਰ ਕਰਨ ਦੀ ਵਿਧੀ ਕੀ ਹੋ ਸਕਦੀ ਹੈ ?**

### 10.3.3 ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ

ਐਲੀਮੈਂਟਰੀ ਪੱਧਰ ’ਤੇ ਸਮਾਨਤਾ ਦੇ ਮੁੱਦੇ ਦਾ ਮਹੱਤਵਪੂਰਨ ਅੰਗ ਇੱਕ ਅਜਿਹਾ ਸਮੂਹ ਹੈ ਜੋ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ ਬਣਦਾ ਹੈ। ਤੁਸੀਂ ਆਪਣੀ ਕਲਾਸ ਵਿੱਚ ਬਹੁਤ ਘੱਟ ਅਸਮਰੱਥਾ ਵਾਲੇ ਬੱਚੇ ਦੇਖੇ ਹੋਣਗੇ ਜਿਵੇਂ ਅਸਮਰੱਥਾ, ਸੁਣਨ, ਦੇਖਣ ਦੀ ਅਸਮਰੱਥਾ, ਬੌਧਿਕ ਕਿਰਿਆ ਦਾ ਹੇਠਲਾ ਪੱਧਰ ਅਤੇ ਅਪਣਾਉਣ ਦੇ ਵਿਵਹਾਰ ਵਿੱਚ ਕਮੀ ਆਦਿ। ਇੱਕ ਅਧਿਆਪਕ ਦੇ ਨਾਤੇ ਤੁਹਾਨੂੰ ਕਲਾਸ ਵਿੱਚ ਹੋਰ ਬੱਚਿਆਂ ਦੇ ਨਾਲ ਨਾਲ ਇਨ੍ਹਾਂ ਬੱਚਿਆਂ ਨੂੰ ਵੀ ਸਮਝਣਾ ਪੈਂਦਾ ਹੈ ਤਾਂ ਕਿ ਉਨ੍ਹਾਂ ਦੀ ਸਿਖਲਾਈ ਅਤੇ ਕਾਰਜਕੁਸ਼ਲਤਾ ਵਿੱਚ ਸੁਧਾਰ ਹੋ ਸਕੇ।

ਨਿਮਨਲਿਖਤ ਸਾਰਣੀ–1 ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸ਼੍ਰੇਣੀ ਅਤੇ ਉਨ੍ਹਾਂ ਦੀਆਂ ਪਛਾਣ ਵਿਸ਼ੇਸ਼ਤਾਵਾਂ ਦਰਸਾਈਆਂ ਗਈਆਂ ਹਨ:

ਸਾਰਣੀ–1: ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸ਼੍ਰੇਣੀ ਅਤੇ ਪਛਾਣ

| ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸ਼੍ਰੇਣੀ | ਪਛਾਣ |
|---|---|
| ਸਰੀਰਿਕ ਕਮਜ਼ੋਰੀ | ਦਿਖਾਈ ਦੇਣ ਵਾਲੀ ਕਮਜ਼ੋਰੀ: ਜਿਵੇਂ ਹੱਥ, ਪੈਰ, ਗਰਦਨ, ਕਮਰ ਅਤੇ ਉਂਗਲੀਆਂ, ਉਨ੍ਹਾਂ ਦੇ ਬੈਠਣ, ਆਸ ਪਾਸ ਮੁੜਨ ਵਿੱਚ, ਵਸਤੂਆਂ ਨੂੰ ਉਠਾਉਣ ਜਾਂ ਘੁੰਮਾਉਣ ਵਿੱਚ ਮੁਸ਼ਕਿਲ ਮਹਿਸੂਸ ਹੈ/ਕਰਦਾ ਹੈ। |
| ਕਮਜ਼ੋਰ ਨਜ਼ਰ | ਅੱਖਾਂ ਤੋਂ ਦੇਖਣ ਦੀ ਕਮਜ਼ੋਰੀ, ਅੱਖਾਂ ਨੂੰ ਜਲਦੀ ਜਲਦੀ ਮਸਲਨਾ, ਅੱਖਾਂ ਦਾ ਜਲਦੀ ਲਾਲ ਹੋਣਾ, ਇੱਕ ਅੱਖ ਬੰਦ ਕਰਕੇ ਸਿਰ ਨੂੰ ਅੱਗੇ ਮੋੜਨਾ, ਵਸਤੂਆਂ (ਕਿਤਾਬਾਂ ਸਮੇਤ) ਉਠਾਉਣ ਵਿੱਚ ਅੱਖ ਬੰਦ ਕਰਨਾ, ਬਲੈਕ ਬੋਰਡ ਤੋਂ ਲਿਖੇ ਨੋਟਸ ਉਤਾਰਨ ਵਿੱਚ ਦੂਜੇ ਬੱਚਿਆਂ ਤੋਂ ਮਦਦ ਮੰਗਦਾ ਹੈ, ਜਲਦੀ ਜਲਦੀ ਪਲਕ ਝਪਕਦਾ ਹੈ, ਅੱਖਾਂ ਵਿੱਚ ਪਾਣੀ, ਸਿਰ ਦਰਦ ਦੀ ਸ਼ਿਕਾਇਤ ਕਰਦਾ ਹੈ ਅਤੇ ਅੱਖਾਂ ਬੰਦ ਕਰਦਾ ਹੈ, ਲੋਕਾਂ ਜਾਂ ਵਸਤੂਆਂ ਦੇ ਉੱਪਰ ਡਿੱਗ ਪੈਂਦਾ ਹੈ। |
| ਸੁਣਨ ਅਤੇ ਬੋਲਣ ਦੀ ਸਮੱਸਿਆ | ਸੁਣਨ ਅਤੇ ਬੋਲਣਾ, ਕੰਨਾਂ ਦੀ ਸਮੱਸਿਆ: ਕੰਨ/ਕੰਨਾਂ ਦਾ ਲਗਾਤਾਰ ਵਹਿਣਾ, ਜਲਦੀ ਜਲਦੀ ਕੰਨ ਦਰਦ ਦੀ ਸ਼ਿਕਾਇਤ, ਕੰਨ ਕੁਰੇਦਣਾ, ਠੀਕ ਨਾਲ ਸੁਣਨ ਲਈ ਸਿਰ ਨੂੰ ਇੱਕ ਤਰਫ਼ ਮੋੜਨਾ, ਜ਼ਿਆਦਾ ਸਮੇਂ ਅਧਿਆਪਕ ਨੂੰ ਕਥਨ/ਨਿਰਦੇਸ਼/ਪ੍ਰਸ਼ਨਾਂ ਨੂੰ ਦੁਹਰਾਉਣ ਦੀ ਬੇਨਤੀ ਕਰਨੀ, ਲਿਖਣ ਵਿੱਚ ਕਈ ਗਲਤੀਆਂ ਕਰਨਾ, ਅਧਿਆਪਕ ਨੂੰ ਸੁਣਦੇ ਸਮੇਂ ਉਸ ਦੇ ਮੂੰਹ ਨੂੰ ਸਾਵਧਾਨੀ ਨਾਲ ਦੇਖਣਾ, ਬੋਲਣ ਵਿੱਚ ਮੁਸ਼ਕਿਲ ਪ੍ਰਦਰਸ਼ਿਤ ਕਰਨੀ। |
| ਸਿੱਖਣ ਦੀ ਅਸਮਰੱਥਾ | ਸਿੱਖਣ ਦੀ ਅਸਮਰੱਥਾ ਨਿਮਨ ਸਿੱਖਿਆ ਕੁਸ਼ਲਤਾ ਦਾ ਪ੍ਰਦਰਸ਼ਨ, ਥੋੜੇ ਸਮੇਂ ਤੋਂ ਬਾਅਦ ਸਿਖਲਾਈ ਨੂੰ ਭੁੱਲ ਜਾਣਾ, ਕਲਾਸ ਵਿੱਚ ਅਸਾਵਧਾਨ ਅਤੇ ਅਜੀਬ ਵਿਵਹਾਰ, ਅਮੂਰਤ ਵਸਤੂਆਂ ਦੇ ਪ੍ਰਦਰਸ਼ਨ ’ਤੇ ਜ਼ਿਆਦਾ ਨਿਰਭਰ ਰਹਿਣਾ, ਘੱਟ ਸਵੈ ਕਲਪਨਾ, ਆਤਮਵਿਸ਼ਵਾਸ ਵਿੱਚ ਕਮੀ, ਦੁਹਰਾਓ ਅਤੇ ਅਭਿਆਸ ਦੀ ਚਾਹਤ, ਜਦੋਂ ਬੱਚੇ ਨੂੰ ਕੁਝ ਕਰਨ ਨੂੰ ਕਿਹਾ ਜਾਏ ਤਾਂ ਉਸ ਨੂੰ ਇਹ ਸਮਝਣ ਵਿੱਚ ਮੁਸ਼ਕਿਲ ਹੁੰਦੀ ਹੈ ਕਿ ਉਸ ਤੋਂ ਕੀ ਪੁੱਛਿਆ ਗਿਆ ਹੈ। ਉਹ ਨੀਰਸ ਅਤੇ ਹੌਲੀ ਤਰੀਕੇ ਨਾਲ ਕਾਰਜ ਕਰਦਾ ਪ੍ਰਤੀਤ ਹੁੰਦਾ ਹੈ। ਕਾਰਜ ਸਿੱਖਣ ਵਿੱਚ ਮੁਸ਼ਕਿਲ, ਅਮੂਰਤ ਵਸਤੂਆਂ ਨੂੰ ਸਮਝਣ ਵਿੱਚ ਕਠਿਨਾਈ, ਅਮੂਰਤ ਵਸਤੂਆਂ/ਉਦਾਹਰਨਾਂ ਵਿੱਚ ਆਤਮ ਨਿਰਭਰਤਾ। |

**ਗਤੀਵਿਧੀ**–3ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਛਾਣ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਉਨ੍ਹਾਂ ਦੀ ਸਿਖਲਾਈ ਅਤੇ ਕੁਸ਼ਲਤਾ ਵਿੱਚ ਸੁਧਾਰ ਲਈ ਕਿਰਿਆਵਾਂ ਦੀ ਸੂਚੀ ਬਣਾਓ।

ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਹਿਲਾਉਣ ਵਿੱਚ ਸਭ ਤੋਂ ਪਹਿਲਾ ਕਦਮ ਉਨ੍ਹਾਂ ਦੀ ਅਸਮਰੱਥਾ ਨੂੰ ਅੰਸ਼ ਦੇ ਨਾਲ ਠੀਕ ਪ੍ਰਕਾਰ ਪਛਾਨਣਾ ਹੈ। ਅਧਿਆਪਕ ਨੂੰ ਅਜਿਹੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਢੁਕਵੀਂ ਡਾਕਟਰੀ ਜਾਂਚ, ਪ੍ਰੀਖਿਆ ਅਤੇ ਉਨ੍ਹਾਂ ਦੇ ਵਿਵਹਾਰ ਦੀਆਂ ਵਿਸ਼ੇਸ਼ਤਾਵਾਂ ਦੇ ਪ੍ਰੇਖਣ ਰਾਹੀਂ ਖੋਜਣਾ ਹੈ। ਇੱਕ ਵਾਰ ਇਨ੍ਹਾਂ ਬੱਚਿਆਂ ਦੀ ਪਛਾਣ ਹੋ ਜਾਏ ਤਾਂ ਉਨ੍ਹਾਂ ਨੂੰ ਢੁਕਵੇਂ ਵਿਅਕਤੀਆਂ/ਸੰਸਥਾਵਾਂ ਕੋਨ ਉਨ੍ਹਾਂ ਦੀ ਅਸਮਰੱਥਾ ਦੀ ਦੇਖਭਾਲ ਲਈ ਭੇਜਿਆ ਜਾਂਦਾ ਹੈ। ਉਦਾਹਰਨ ਲਈ ਸੁਣਨ ਸਬੰਧੀ ਮੁਸ਼ਕਿਲ ਵਾਲੇ ਬੱਚਿਆਂ ਨੂੰ ਡਾਕਟਰ ਦੀ ਲੋੜ ਹੋਵੇ ਜਾਂ ਕੁਝ ਸੁਣਨ ਸਬੰਧੀ ਸਹਾਇਕ ਤੰਤਰ ਦੀ ਜ਼ਰੂਰਤ ਹੋਵੇ ਤਾਂ ਕਿ ਉਨ੍ਹਾਂ ਦੀ ਅਸਮਰੱਥਾ ਦੂਰ ਹੋ ਸਕੇ। ਇੱਕ ਨਜ਼ਰ ਸਬੰਧੀ ਸਮੱਸਿਆ ਵਾਲੇ ਬੱਚੇ ਨੂੰ ਇੱਕ ਲੈਂਜ ਜਾਂ ਵੱਡਾ ਦਿਖਾਈ ਦੇਣ ਵਾਲੇ ਸ਼ੀਸ਼ੇ ਦੀ ਲੋੜ ਹੋਵੇ। ਸਰੀਰਿਕ ਰੂਪ ਨਾਲ ਅਪਾਹਜ ਬੱਚੇ ਨੂੰ ਕ੍ਰਚੇਜ ਜਾਂ ਵ੍ਹੀਲ ਚੇਅਰ ਦੀ ਲੋੜ ਹੋ ਸਕਦੀ ਹੈ ਤਾਂ ਕਿ ਉਹ ਆਸ ਪਾਸ ਮੁੜ ਸਕੇ ਜਾਂ ਲਿਖਣ ਲਈ ਹੱਥਾਂ ਦੀ ਲੋੜ ਅਨੁਸਾਰ ਸਮਾਯੋਜਿਤ ਹੋ ਸਕੇ।

ਹੋਰ ਬੱਚਿਆਂ ਦੀ ਤਰ੍ਹਾਂ ਇਨ੍ਹਾਂ ਬੱਚਿਆਂ ਲਈ ਵੀ ਪਾਠਕ੍ਰਮ ਪਹੁੰਚ ਦੇ ਅੰਤਰ ਹੋਵੇ, ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਕੇ ਪਾਠਕ੍ਰਮ ਅਤੇ ਕਲਾਸ ਅਧਿਆਪਨ ਵਿੱਚ ਯੋਜਨਾ ਰਾਹੀਂ ਸੁਧਾਰਾਤਮਕ ਉਪਾਅ ਕੀਤੇ ਜਾਂਦੇ ਹਨ। ਅਜਿਹੇ ਬੱਚਿਆਂ ਦੀ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਲਈ ਸਕੂਲ ਅਤੇ ਕਲਾਸ ਵਿੱਚ ਕੁਝ ਪ੍ਰਾਵਧਾਨ ਕੀਤੇ ਜਾ ਸਕਦੇ ਹਨ ਜੋ ਨਿਮਨਲਿਖਤ ਹਨ:

• **ਲੋਕੋਮੋਟਰ ਅਪਾਹਜ ਬੱਚੇ**: ਇਨ੍ਹਾਂ ਕੋਲ ਉਸੀ ਤਰ੍ਹਾਂ ਦੀ ਸਿਖਲਾਈ ਸਮਰੱਥਾ ਹੁੰਦੀ ਹੈ ਜਿਵੇਂ ਕਿ ਹੋਰ ਬੱਚਿਆਂ ਵਿੱਚ। ਪਰ ਇਨ੍ਹਾਂ ਵਿੱਚ ਸਿਖਲਾਈ ਕਿਰਿਆਵਾਂ ਨੂੰ ਸਿੱਖਣ ਵਿੱਚ ਕੁਝ ਮੁਸ਼ਕਿਲ ਹੋ ਸਕਦੀ ਹੈ। ਇਨ੍ਹਾਂ ਬੱਚਿਆਂ ਵਿੱਚ ਕੁਝ ਸਹਿਜਤਾ ਸਬੰਧੀ ਸਮੱਸਿਆਵਾਂ ਵੀ ਵਿਕਸਤ ਹੋ ਜਾਂਦੀਆਂ ਹਨ। ਇਸ ਦਾ ਕਾਰਨ ਸੰਗੀ ਸਾਥੀਆਂ ਰਾਹੀਂ ਉਨ੍ਹਾਂ ਨੂੰ ਨਾ ਅਪਣਾਉਣਾ ਜਾਂ ਉਨ੍ਹਾਂ ਦਾ ਮਜ਼ਾਕ ਉਡਾਉਣਾ ਹੈ। ਬੱਚਿਆਂ ਦੇ ਮਾਪਿਆਂ ਦੇ ਸਹਿਯੋਗ ਨਾਲ ਤੁਸੀਂ ਉਨ੍ਹਾਂ ਲਈ ਢੁਕਵੇਂ ਸਹਾਇਕ ਤੰਤਰਾਂ ਦੀ ਵਿਵਸਥਾ ਕਰ ਸਕਦੇ ਹਾਂ ਤਾਂ ਕਿ ਉਹ ਅੰਗਾਂ ਨੂੰ ਚਲਾ ਸਕਣ। ਇਹ ਸੁਵਿਧਾਵਾਂ ਜ਼ਿਲ੍ਹਾ ਪੁਨਰਵਾਸ ਕੇਂਦਰ ਵਿੱਚ ਉਪਲੱਬਧ ਹੁੰਦੀਆਂ ਹਨ। ਇਨ੍ਹਾਂ ਨੂੰ ਹਸਪਤਾਲਾਂ ਅਤੇ ਮੁੱਢਲੇ ਸਿਹਤ ਕੇਂਦਰਾਂ ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਕਲਾਸ ਅਧਿਆਪਨ ਦੇ ਦੌਰਾਨ ਤੁਹਾਨੂੰ ਇਨ੍ਹਾਂ ਬੱਚਿਆਂ ਦੀ ਦੇਖਭਾਲ ਲਈ ਨਿਮਨ ਬਿੰਦੂਆਂ 'ਤੇ ਧਿਆਨ ਦੇਣ ਦੀ ਲੋੜ ਹੈ:

–ਇਹ ਜ਼ਰੂਰੀ ਹੈ ਕਿ ਤੁਸੀਂ ਅਜਿਹੇ ਬੱਚਿਆਂ ਨੂੰ ਆਪਣੀ ਕਲਾਸ ਵਿੱਚ ਸਵੀਕਾਰ ਕਰੋ ਅਤੇ ਇਹ ਸੁਨਿਸ਼ਚਤ ਕਰੋ ਕਿ ਕਲਾਸ ਵਿੱਚ ਕੋਈ ਵੀ ਬੱਚਾ ਇਨ੍ਹਾਂ ਦੀ ਅਸਮਰੱਥਾ 'ਤੇ ਆਲੋਚਨਾਤਮਕ ਟਿੱਪਣੀ ਨਾ ਕਰੇ।

–ਕਲਾਸ ਦੀਆਂ ਸਾਰੀਆਂ ਸਿਖਲਾਈ ਕਿਰਿਆਵਾਂ ਵਿੱਚ ਇਨ੍ਹਾਂ ਬੱਚਿਆਂ ਨੂੰ ਦੂਜਿਆਂ ਦੇ ਬਰਾਬਰ ਭਾਗ ਲੈਣ ਲਈ ਸ਼ਾਮਿਲ ਕੀਤਾ ਜਾਏ। ਇਹ ਸੁਨਿਸ਼ਚਿਤ ਕੀਤਾ ਜਾਏ ਕਿ ਖੇਡ, ਸਰੀਰਿਕ ਕਿਰਿਆਵਾਂ ਅਤੇ ਮਨੋਰੰਜਨਾਤਮਕ ਕਿਰਿਆਵਾਂ ਵਿੱਚ ਇਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਕਾਰਜ ਕਰਨ ਦੀ ਸਮਰੱਥਾ ਦੇ ਪੱਧਰ ਦੇ ਆਧਾਰ 'ਤੇ ਉਨ੍ਹਾਂ ਨੂੰ ਭਾਗ ਲੈਣ ਲਈ ਢੁਕਵੇਂ ਅਵਸਰ ਮਿਲਣੇ ਚਾਹੀਦੇ ਹਨ।

–ਕਲਾਸ ਵਿੱਚ ਇਨ੍ਹਾਂ ਬੱਚਿਆਂ ਦੀ ਅਸਮਰੱਥਾ ਦੇ ਆਧਾਰ ’ਤੇ ਬੈਠਣ ਦੀ ਵਿਵਸਥਾ ਵਿੱਚ ਢੁਕਵੀਂ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਵਿਵਸਥਾ ਇਸ ਪ੍ਰਕਾਰ ਦੀ ਹੋਵੇ ਕਿ ਬੱਚੇ ਨੂੰ ਕਿਸੇ ਪ੍ਰਕਾਰ ਦੀ ਸਰੀਰਿਕ ਰੁਕਾਵਟ ਨਾ ਹੋਵੇ।

–ਇਨ੍ਹਾਂ ਬੱਚਿਆਂ ਦੀ ਕੁਸ਼ਲਤਾ ਦੇ ਮੁਲਾਂਕਣ ਵਿੱਚ ਵਿਸ਼ੇਸ਼ ਕਰਕੇ ਗਰੇਡ ਜਾਂ ਅੰਕ ਪ੍ਰਦਾਨ ਕਰਨ ਵਿੱਚ ਉਨ੍ਹਾਂ ਦੀ ਅਸਮਰੱਥਾ ’ਤੇ ਧਿਆਨ ਦੇਣ ਦੀ ਲੋੜ ਹੈ। ਉਦਾਹਰਨ ਲਈ ਜੇਕਰ ਉਨ੍ਹਾਂ ਨੂੰ ਲਿਖਣ ਵਿੱਚ ਮੁਸ਼ਕਿਲ ਹੈ ਤਾਂ ਉਨ੍ਹਾਂ ਨੂੰ ਜ਼ਿਆਦਾ ਸਮਾਂ ਦਿੱਤਾ ਜਾਏ ਅਤੇ ਜੇਕਰ ਜ਼ਰੂਰੀ ਹੈ ਤਾਂ ਮੌਖਿਕ ਪ੍ਰੀਖਿਆ ਵੀ ਲੈ ਸਕਦੇ ਹਾਂ। ਕੁਝ ਖੇਤਰਾਂ ਵਿੱਚ ਉਹ ਆਪਣੇ ਉੱਤਰਾਂ ਨੂੰ ਆਡਿਓ ਕੈਸੇਟ ਵਿੱਚ ਰਿਕਾਰਡ ਕਰ ਸਕਦੇ ਹਨ।

• **ਕਮਜ਼ੋਰ ਨਜ਼ਰ ਵਾਲੇ ਬੱਚੇ**: ਇਨ੍ਹਾਂ ਬੱਚਿਆਂ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਕੁਝ ਬੱਚੇ ਅੰਸ਼ਿਕ ਰੂਪ ਨਾਲ ਕਮਜ਼ੋਰ ਨਜ਼ਰ ਵਾਲੇ ਹੁੰਦੇ ਹਨ। ਇਨ੍ਹਾਂ ਬੱਚਿਆਂ ਦੀ ਦ੍ਰਿਸ਼ਟੀ ਨੂੰ ਲੈਂਜ ਰਾਹੀਂ ਦੂਰ ਕੀਤਾ ਜਾ ਸਕਦਾ ਹੈ, ਪਰ ਕੁਝ ਸਿਰਫ਼ ਵੱਡੇ ਅੱਖਰਾਂ ਨੂੰ ਹੀ ਪੜ੍ਹ ਸਕਦੇ ਹਨ। ਕੁਝ ਬੱਚਿਆਂ ਦੇ ਕੋਲ ਕੁਝ ਸੀਮਤ ਖੇਤਰ ਦੀ ਨਜ਼ਰ ਹੋ ਸਕਦੀ ਹੈ। ਅਜਿਹੇ ਬੱਚਿਆਂ ਦੀ ਪਛਾਣ ਜ਼ਰੂਰੀ ਹੈ। ਉਨ੍ਹਾਂ ਨੂੰ ਅੱਖਾਂ ਦੀ ਜਾਂਚ ਲਈ ਹਸਪਤਾਲ ਭੇਜਣਾ, ਮਾਪਿਆਂ ਨੂੰ ਸੂਚਿਤ ਕਰਨਾ ਅਤੇ ਉਨ੍ਹਾਂ ਦੀ ਸਿੱਖਿਆ ਲਈ ਉਨ੍ਹਾਂ ਨੂੰ ਵਿਸ਼ੇਸ਼ ਸਹਾਇਤਾ ਪ੍ਰਦਾਨ ਕਰਨੀ। ਕੁਝ ਕਾਰਜ ਨਿਮਨਲਿਖਤ ਹਨ:

–ਅਜਿਹੇ ਬੱਚਿਆਂ ਨੂੰ ਕਲਾਸ ਵਿੱਚ ਅੱਗੇ ਦੀ ਕਤਾਰ ਵਿੱਚ ਬੈਠਾਓ ਤਾਂ ਕਿ ਉਹ ਬਲੈਕਬੋਰਡ ਨੂੰ ਆਸਾਨੀ ਨਾਲ ਦੇਖ ਸਕਣ।

–ਤੁਹਾਨੂੰ ਬਲੈਕਬੋਰਡ ’ਤੇ ਵੱਡੇ ਅੱਖਰ ਲਿਖਣ ਅਤੇ ਜੋ ਤੁਸੀਂ ਬਲੈਕਬੋਰਡ ’ਤੇ ਲਿਖ ਰਹੇ ਹੋ, ਉਸ ਨੂੰ ਜ਼ੋਰ ਨਾਲ ਪੜ੍ਹਨ ਦੀ ਲੋੜ ਹੈ।

–ਕਮਜ਼ੋਰ ਨਜ਼ਰ ਦੀ ਸਮੱਸਿਆ ਵਾਲੇ ਬੱਚਿਆਂ ’ਤੇ ਪੜ੍ਹਨ ਦਾ ਬੋਝ ਘੱਟ ਕਰਨ ਲਈ ਇਨ੍ਹਾਂ ਨੂੰ ਸਮਝਣ ਅਤੇ ਸੁਣਨ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

–ਸਰੀਰਿਕ ਸਿੱਖਿਆ ਦੇ ਪ੍ਰੋਗਰਾਮਾਂ ਵਿੱਚ ਭਾਗ ਲੈਣ ਦੇ ਅਵਸਰ ਇਨ੍ਹਾਂ ਨੂੰ ਦੇਣ ਦੀ ਲੋੜ ਹੈ। ਅੰਸ਼ਿਕ ਕਮਜ਼ੋਰ ਨਜ਼ਰ ਵਾਲੇ ਬੱਚਿਆਂ ਲਈ ਇੱਕ ਪੁਸਤਕ ਸਟੈਂਡ ਦੀ ਵਿਵਸਥਾ ਕੀਤੀ ਜਾ ਸਕਦੀ ਹੈ।

• **ਸੁਣਨ ਅਤੇ ਬੋਲਣ ਦੀ ਕਮਜ਼ੋਰੀ ਵਾਲੇ ਬੱਚੇ**: ਕੁਝ ਬੱਚਿਆਂ ਨੂੰ ਸੁਣਨ ਅਤੇ ਕੁਝ ਨੂੰ ਬੋਲਣ ਵਿੱਚ ਮੁਸ਼ਕਿਲ ਹੁੰਦੀ ਹੈ। ਜੋ ਬੱਚੇ ਬੋਲਣ ਦੀ ਸਮੱਸਿਆ ਤੋਂ ਪੀੜਤ ਹਨ ਉਹ ਉਨ੍ਹਾਂ ਵਿੱਚ ਬੋਲਣ ਦੀ ਸਮੱਸਿਆ ਵੀ ਵਿਕਸਤ ਹੋ ਜਾਂਦੀ ਹੈ। ਇਸ ਲਈ ਅਜਿਹੇ ਬੱਚਿਆਂ ਦੀ ਪਛਾਣ ਅਤੇ ਉਨ੍ਹਾਂ ਦੀਆਂ ਸਿੱਖਿਆ ਲੋੜਾਂ ਦੀ ਪੂਰਤੀ ਲਈ ਉਚਿਤ ਕਦਮ ਚੁੱਕਣੇ ਜ਼ਰੂਰੀ ਹਨ।

–ਸੁਣਨ ਸਬੰਧੀ ਸਮੱਸਿਆ ਵਾਲੇ ਬੱਚਿਆਂ ਨੂੰ ਅੱਗੇ ਦੀ ਕਤਾਰ ਵਿੱਚ ਬੈਠਾਉਣਾ ਚਾਹੀਦਾ ਹੈ ਤਾਂ ਕਿ ਜੋ ਤੁਸੀਂ ਬੋਲੋ ਉਹ ਉਸ ਨੂੰ ਆਸਾਨੀ ਨਾਲ ਸੁਣ ਸਕਣ।

–ਜਦੋਂ ਤੁਸੀਂ ਕਲਾਸ ਵਿੱਚ ਬੋਲੋ ਤਾਂ ਤੁਸੀਂ ਇੱਕ ਢੁਕਵੇਂ ਪੱਧਰ ’ਤੇ ਆਵਾਜ਼ ਰੱਖੋ। ਗੁਣਗਣਾਉਣਾ ਅਤੇ ਬਹੁਤ ਤੇਜ਼ ਗਤੀ ਨਾਲ ਨਾ ਬੋਲੋ।

–ਜਦੋਂ ਤੁਸੀਂ ਮਾਡਲ ਪ੍ਰਦਰਸ਼ਿਤ ਕਰੋ ਜਾਂ ਪਾਠ ਪੁਸਤਕ ਨੂੰ ਪੜ੍ਹੋ ਤਾਂ ਇਹ ਸੁਨਿਸ਼ਚਤ ਕਰੋ ਕਿ ਤੁਹਾਡੇ ਬੁੱਲ੍ਹਾਂ ਦੀ ਗਤੀ ਅਜਿਹੇ ਬੱਚਿਆਂ ਨੂੰ ਦਿਖਾਈ ਦੇਵੇ ਤਾਂ ਕਿ ਉਹ ਸੁਣਨ ਦੀ ਕਿਰਿਆ ਨੂੰ ਬੁੱਲ੍ਹਾ ਨੂੰ ਪੜ੍ਹਨ ਰਾਹੀਂ ਸੰਪੂਰਕ ਬਣਾ ਸਕਣ।

–ਇਸ ਪ੍ਰਕਾਰ ਬੋਲਦੇ ਹੋਏ ਜਦੋਂ ਤੁਸੀਂ ਬਲੈਕਬੋਰਡ ’ਤੇ ਲਿਖ ਰਹੇ ਹੋ ਤਾਂ ਤੁਹਾਨੂੰ ਬੱਚਿਆਂ ਦੀ ਤਰਫ਼ ਮੂੰਹ ਰੱਖਣਾ ਚਾਹੀਦਾ ਹੈ ਨਾ ਕਿ ਬਲੈਕਬੋਰਡ ਦੀ ਤਰਫ਼। ਇਸੀ ਵਜ੍ਹਾ ਨਾਲ ਤੁਸੀਂ ਬੋਲਦੇ ਹੋਏ ਕਲਾਸ ਵਿੱਚ ਨਾ ਘੁੰਮੋ।

–ਸੰਗੀ ਸਾਥੀਆਂ ਨੂੰ ਇਨ੍ਹਾਂ ਬੱਚਿਆਂ ਨਾਲ ਅੰਤਰਕਿਰਿਆ ਲਈ ਪ੍ਰੋਤਸਾਹਿਤ ਕਰੋ ਅਤੇ ਸੁਣਨ ਵਿੱਚ ਇੱਕ ਦੂਜੇ ਦੀ ਸਹਾਇਤਾ ਕਰੋ।

–ਆਮ ਅਧਿਆਪਨ ਦੀ ਪੂਰਤੀ ਲਈ ਵਿਅਕਤੀਗਤ ਜਾਂ ਸਮੂਹ ਵਿੱਚ ਵਾਧੂ ਦ੍ਰਿਸ਼ ਸਮੱਗਰੀ ਦਾ ਉਪਯੋਗ ਕਰੋ।

–ਜੇਕਰ ਬੋਲਣ ਦੀ ਕਮਜ਼ੋਰੀ ਕਿਸੇ ਅੰਗ ਦੀ ਕਮੀ ਦੇ ਕਾਰਨ ਹੋਵੇ ਤਾਂ ਡਾਕਟਰੀ ਸਹਾਇਤਾ ਦੀ ਲੋੜ ਹੈ। ਸੁਣਣ ਦੀ ਕਮਜ਼ੋਰੀ ਕਾਰਨ ਪੈਦਾ ਬੋਲਣ ਦੀ ਕਮਜ਼ੋਰੀ ਨੂੰ ਪੁਨਰਬਲ ਡਰਿੱਲ ਅਤੇ ਅਭਿਆਸ ਦੇ ਪ੍ਰਯੋਗ ਰਾਹੀਂ ਬੋਲਣ ਦੀ ਸਿਖਲਾਈ ਦੇਣ ਨਾਲ ਠੀਕ ਕੀਤਾ ਜਾ ਸਕਦਾ ਹੈ।

• **ਸਿੱਖਣ ਦੀ ਅਸਮਰੱਥਾ ਵਾਲੇ ਬੱਚੇ:** ਵਿਸ਼ੇਸ਼ ਸਿਖਲਾਈ ਅਸਮਰੱਥਾਵਾਂ ਦੀ ਪਛਾਣ ਲਈ ਗੰਭੀਰ ਸਿਖਲਾਈ ਦੀ ਲੋੜ ਹੁੰਦੀ ਹੈ। ਸਿੱਖਣ ਦੀ ਅਮਸਰੱਥਾ ਦੇ ਪ੍ਰਕਾਰ ਅਤੇ ਪੱਧਰ ਦੇ ਅਨੁਸਾਰ ਢੁਕਵਾਂ ਅਧਿਆਪਨ ਪ੍ਰਾਵਧਾਨ ਪ੍ਰਦਾਨ ਕੀਤਾ ਜਾਂਦਾ ਹੈ। ਫਿਰ ਵੀ ਅਜਿਹੇ ਬੱਚਿਆਂ ਦੀ ਸਹਾਇਤਾ ਲਈ ਤੁਸੀਂ ਆਪਣੀ ਕਲਾਸ ਵਿੱਚ ਕੁਝ ਆਮ ਅਤੇ ਵਿਵਹਾਰਕ ਕਦਮ ਉਠਾ ਸਕਦੇ ਹੋ ਜੋ ਨਿਮਨਲਿਖਤ ਹਨ:

–ਤੁਹਾਨੂੰ ਇਨ੍ਹਾਂ ਬੱਚਿਆਂ ਲਈ ਜ਼ਿਆਦਾ ਅਮੂਰਤ ਅਨੁਭਵ ਪ੍ਰਦਾਨ ਕਰਨ ਦੀ ਲੋੜ ਹੈ। ਇਹ ਅਨੁਭਵ ਉਪਲੱਬਧ ਮਾਪਦੰਡ ਜਾਂ ਬਣਾਈ ਗਈ ਸਮੱਗਰੀ ਰਾਹੀਂ ਪ੍ਰਦਾਨ ਕੀਤੇ ਜਾ ਸਕਦੇ ਹਨ। ਸਥਾਨਕ ਵਾਤਾਵਰਣ ਦੇ ਸਿੱਧੇ ਅਨੁਭਵ ਪ੍ਰਾਪਤ ਕਰਨ ਲਈ ਖੇਤਰੀ ਦੌਰੇ ਦਾ ਆਯੋਜਨ ਕੀਤਾ ਜਾ ਸਕਦਾ ਹੈ।

–ਇਨ੍ਹਾਂ ਬੱਚਿਆਂ ਨੂੰ ਹੋਰ ਆਮ ਬੱਚਿਆਂ ਦੀ ਤੁਲਨਾ ਵਿੱਚ ਜ਼ਿਆਦਾ ਦੁਹਰਾਓ ਅਤੇ ਅਭਿਆਸ ਦੀ ਲੋੜ ਹੁੰਦੀ ਹੈ।

–ਸਿਖਲਾਈ ਕਾਰਜ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਪੇਸ਼ ਕਰਨ ਦੀ ਲੋੜ ਹੈ ਅਤੇ ਸਿਖਲਾਈ ਦੇ ਮਹੱਤਵਪੂਰਨ ਬਿੰਦੂਆਂ ’ਤੇ ਉਨ੍ਹਾਂ ਦੇ ਧਿਆਨ ਨੂੰ ਵਿਸ਼ੇਸ਼ ਰੂਪ ਨਾਲ ਆਕਰਸ਼ਿਤ ਕਰਨ ਦੀ ਲੋੜ ਹੈ ਕਿਉਂਕਿ ਇਨ੍ਹਾਂ ਦਾ ਧਿਆਨ ਸਮੇਂ ਬਹੁਤ ਘੱਟ ਹੁੰਦਾ ਹੈ।

–ਜਦੋਂ ਇਹ ਸਿਖਲਾਈ ਕਿਰਿਆ ਵਿੱਚ ਸ਼ਾਮਲ ਹੋਣ, ਉਨ੍ਹਾਂ ਤੋਂ ਸਰਲ ਪ੍ਰਸ਼ਨ ਪੁੱਛੇ ਜਾ ਸਕਦੇ ਹਨ ਜੋ ਉਨ੍ਹਾਂ ਵਿੱਚ ਸਫਲਤਾ ਦੀ ਭਾਵਨਾ ਦਾ ਵਿਕਾਸ ਕਰਨਗੇ।

–ਮੌਖਿਕ ਰੂਪ ਨਾਲ ਜਾਂ ਸਮੱਗਰੀ ਰਾਹੀਂ ਤੁਰੰਤ ਜ਼ੋਰ ਇਨ੍ਹਾਂ ਬੱਚਿਆਂ ਲਈ ਪ੍ਰੇਰਣਾਦਾਇਕ ਹੁੰਦਾ ਹੈ।

–ਸਮਾਜਿਕ ਸਥਿਤੀਆਂ ਦੇ ਅਭਿਆਸ ਰਾਹੀਂ ਇਨ੍ਹਾਂ ਬੱਚਿਆਂ ਨੂੰ ਕੁਸ਼ਲਤਾ ਕੁਸ਼ਲਾਂ ਦੀ ਸਿਖਲਾਈ ਦੇਣ ਦੀ ਲੋੜ ਹੈ।

–ਇਨ੍ਹਾਂ ਬੱਚਿਆਂ ਲਈ ਪਾਠਕ੍ਰਮ ਦਾ ਅਧਿਆਪਨ ਸਰਲ ਅਤੇ ਦਿਲਚਸਪ ਸਿਖਲਾਈ ਅਨੁਭਵਾਂ ਰਾਹੀਂ ਹੋਣਾ ਚਾਹੀਦਾ ਹੈ।

**• ਸਰਵ ਸਿੱਖਿਆ ਅਭਿਆਨ ਅਤੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਲਈ ਬੱਚਿਆਂ ਦਾ ਅਧਿਕਾਰ ਕਾਨੂੰਨ**

ਸਰਵ ਸਿੱਖਿਆ ਅਭਿਆਨ ਦਾ ਇੱਕ ਮੁੱਖ ਫੋਕਸ ਵਿਸ਼ੇਸ਼ ਲੋੜਾਂ ਵਾਲੇ ਸਾਰੇ ਬੱਚਿਆਂ ਨੂੰ ਆਮ ਸਕੂਲਾਂ ਵਿੱਚ ਸਮਾਵੇਸ਼ੀ ਸਿੱਖਿਆ ਪ੍ਰਦਾਨ ਕਰਨਾ ਹੈ। ਸਰਵ ਸਿੱਖਿਆ ਅਭਿਆਨ ਇਹ ਸੁਨਿਸ਼ਚਤ ਕਰਦਾ ਹੈ ਕਿ ਹਰੇਕ ਵਿਸ਼ੇਸ਼ ਲੋੜਾਂ ਵਾਲਾ ਬੱਚਾ ਚਾਹੇ ਅਸਮਰੱਥਾ ਦੀ ਸ਼੍ਰੇਣੀ, ਪ੍ਰਕਾਰ ਅਤੇ ਮਾਤਰਾ ਕਿੰਨੀ ਵੀ ਹੋਵੇ, ਉਸ ਨੂੰ ਆਮ ਸਕੂਲਾਂ ਵਿੱਚ ਸਾਰੇ ਬੱਚਿਆਂ ਨਾਲ ਸਮਾਵੇਸ਼ੀ ਸਿੱਖਿਆ ਦਿੱਤੀ ਜਾਏ। ਇਹ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ ਲਈ ਵਿਭਿੰਨ ਪ੍ਰਕਾਰ ਦੇ ਦ੍ਰਿਸ਼ਟੀਕੋਣ, ਵਿਕਲਪ ਅਤੇ ਵਿਧੀਆਂ ਨੂੰ ਵੀ ਪ੍ਰਸਤਾਵਿਤ ਕਰਦਾ ਹੈ। ਇਨ੍ਹਾਂ ਬੱਚਿਆਂ ਲਈ ਸਕੂਲ ਲਈ ਤਿਆਰੀ ਵਿੱਚ ਵਿਸ਼ੇਸ਼ ਸਿਖਲਾਈ, ਵਿਸ਼ੇਸ਼ ਸਕੂਲਾਂ ਰਾਹੀਂ ਸਿੱਖਿਆ, ਘਰ ’ਤੇ ਸਕੂਲ ਸਿੱਖਿਆ ਅਤੇ ਸਮੁਦਾਏ ਆਧਾਰਿਤ ਪੁਨਰਵਾਸ। ਅੰਤਿਮ ਉਦੇਸ਼ ਇਨ੍ਹਾਂ ਬੱਚਿਆਂ ਨੂੰ ਗੁਆਂਢ ਦੇ ਸਕੂਲਾਂ ਵਿੱਚ ਮੁੱਖ ਧਾਰਾ ਨਾਲ ਜੋੜਨਾ ਹੈ।

**ਈ–4: ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਮਾਵੇਸ਼ੀ ਸਿੱਖਿਆ ਪ੍ਰਦਾਨ ਕਰਨ ਦੇ ਪੱਖ ਵਿੱਚ ਕੋਈ ਦੋ ਕਾਰਨ ਦੱਸੋ**

**ਈ –5: ਅੰਸ਼ਿਕ ਰੂਪ ਨਾਲ ਸੁਣਨ ਦੋਸ਼ ਅਤੇ ਨਜ਼ਰ ਕਮਜ਼ੋਰੀ ਵਾਲੇ ਬੱਚਿਆਂ ਦੀ ਸਿਖਲਾਈ ਦੀ ਸੁਵਿਧਾ ਲਈ ਤੁਸੀਂ ਕਲਾਸ ਵਿੱਚ ਕਿਹੜੇ ਦੋ ਆਮ ਕਾਰਜ ਕਰ ਸਕਦੇ ਹੋ ? ਵਰਣਨ ਕਰੋ।**

## 10.4 ਸਮਾਜਿਕ–ਸੰਸਕ੍ਰਿਤਕ ਸੰਦਰਭ ਵਿੱਚ ਜਨਜਾਤੀ ਦੇ ਬੱਚਿਆਂ ਦੀ ਸਿੱਖਿਆ

ਆਜ਼ਾਦੀ ਦੇ ਬਾਅਦ ਦੇ ਜਨ ਜਾਤੀ ਵਿਅਕਤੀਆਂ ਨੂੰ ਮੁੱਖ ਧਾਰਾ ਨਾਲ ਜੋੜਨ ਲਈ ਉਨ੍ਹਾਂ ਦੇ ਸਮੁੱਚੇ ਵਿਕਾਸ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਪਰ ਅੱਜ ਵੀ ਜਨ ਜਾਤੀ ਲੋਕਾਂ ਦੀ ਸਮੱਸਿਆ ਵਿਚਾਰਧੀਨ ਬਣੀ ਹੋਈ ਹੈ। ਭਾਰਤ ਵਿੱਚ ਜਨ ਜਾਤੀ ਬੱਚਿਆਂ ਦੀ ਸਿੱਖਿਆ ਸਬੰਧੀ ਕੁਝ ਤੱਥ ਨਿਮਨ ਹਨ।

• **ਘੱਟ ਸਾਖਰਤਾ ਦਰ** : ਭਾਰਤ ਵਿੱਚ 2001 ਦੀ ਜਨਗਣਨਾ ਅਨੁਸਾਰ ਜਨ ਜਾਤੀ ਦੀ ਸਾਖਰਤਾ ਦਰ ਘੱਟ ਹੈ ਅਤੇ ਜਨ ਜਾਤੀ ਲੜਕੀਆਂ ਦੇ ਸੰਦਰਭ ਵਿੱਚ ਇਹ ਬਹੁਤ ਚਿੰਤਾਜਨਕ ਹੈ।

• **ਘੱਟ ਦਾਖਲਾ ਅਤੇ ਉੱਚ ਸਕੂਲ ਛੱਡਣ ਦੀ ਦਰ:** ਸਕੂਲਾਂ ਵਿੱਚ ਜਨ ਜਾਤੀ ਬੱਚਿਆਂ ਦਾ ਦਾਖਲਾ ਹੋਰ ਸਮੂਹਾਂ ਦੀ ਤੁਲਨਾ ਵਿੱਚ ਘੱਟ ਹੈ। ਅੱਧੇ ਤੋਂ ਜ਼ਿਆਦਾ ਸੰਖਿਆ ਵਿੱਚ ਜਨ ਜਾਤੀ ਬੱਚੇ ਐਲੀਮੈਂਟਰੀ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਦਿੰਦੇ ਹਨ।

• **ਸਮਝਣ ਦਾ ਹੇਠਲਾ ਪੱਧਰ:** ਆਮ ਤੌਰ ’ਤੇ ਸਕੂਲ ਦੀ ਭਾਸ਼ਾ ਜਨ ਜਾਤੀ ਬੱਚਿਆਂ ਦੀ ਘਰ ਦੀ ਭਾਸ਼ਾ ਤੋਂ ਬਿਲਕੁਲ ਅਲੱਗ ਹੁੰਦੀ ਹੈ। ਇਸ ਕਾਰਨ ਉਹ ਕਲਾਸ ਅਧਿਆਪਨ ਅਤੇ ਪਾਠ ਪੁਸਤਕਾਂ ਦੀ ਭਾਸ਼ਾ ਨੂੰ ਸਮਝਣ ਵਿੱਚ ਕਠਿਨਾਈ ਦਾ ਸਾਹਮਣਾ ਕਰਦੇ ਹਨ। ਨਤੀਜੇ ਵਜੋਂ ਉਹ ਸੁਣਨ ਅਤੇ ਪੜ੍ਹਨ ਵਿੱਚ ਨਿਮਨ ਪੱਧਰ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਦੂਜਿਆਂ ਨਾਲ ਕੁਸ਼ਲਤਾ ਦੀ ਯੋਗਤਾ ਦਾ ਵਿਕਾਸ ਵੀ ਉਨ੍ਹਾਂ ਵਿੱਚ ਠੀਕ ਪ੍ਰਕਾਰ ਨਾਲ ਨਹੀਂ ਹੋ ਪਾਉਂਦਾ।

• **ਘੱਟ ਉਪਲੱਬਧੀ ਪੱਧਰ:** ਅੱਜ ਤੱਕ ਕੀਤੇ ਗਏ ਸਰਵੇਖਣਾਂ ਵਿੱਚ ਲਗਪਗ ਸਾਰਿਆਂ ਵਿੱਚ ਇਹ ਦੇਖਿਆ ਗਿਆ ਹੈ ਕਿ ਜਨ ਜਾਤੀ ਬੱਚਿਆਂ ਦਾ ਵਿਸ਼ੇਸ਼ ਕਰਕੇ ਜਨ ਜਾਤੀ ਲੜਕੀਆਂ ਦਾ ਉਪਲੱਬਧੀ ਪੱਧਰ ਬਹੁਤ ਹੀ ਘੱਟ ਹੈ। ਜਨ ਜਾਤੀ ਬੱਚੇ ਵਿਸ਼ਾ ਖੇਤਰਾਂ ਵਿੱਚ ਹੀ ਘੱਟ ਅੰਕ ਨਹੀਂ ਪ੍ਰਾਪਤ ਕਰਦੇ ਬਲਕਿ ਸਕੂਲ ਸਿੱਖਿਆ ਦੇ ਦੌਰਾਨ ਉਹ ਜੀਵਨ ਕੁਸ਼ਲ ਹਾਸਲ ਕਰਨ ਵਿੱਚ ਅਸਫਲ ਰਹਿੰਦੇ ਹਨ।

• **ਅਸਫਲਤਾ ਦਾ ਅਨੁਭਵ ਅਤੇ ਘੱਟ ਆਤਮ ਸਨਮਾਨ**: ਲਗਾਤਾਰ ਘੱਟ ਕੁਸ਼ਲਤਾ ਦੇ ਪ੍ਰਦਰਸ਼ਨ ਦੇ ਕਾਰਨ ਜਨ ਜਾਤੀ ਬੱਚੇ ਆਪਣਾ ਆਤਮ ਸਨਮਾਨ ਖੋ ਦਿੰਦੇ ਹਨ ਅਤੇ ਘੱਟ ਆਤਮ ਸਨਮਾਨ ਵਿਕਸਤ ਹੋ ਜਾਂਦਾ ਹੈ।

• **ਲੜਕੀਆਂ ਲਈ ਜ਼ਿਆਦਾ ਸੁਵਿਧਾਵੰਚਿਤ**: ਜਨ ਜਾਤੀ ਲੜਕੀਆਂ ਸੁਵਿਧਾਵੰਚਿਤ ਹਨ ਕਿਉਂਕਿ ਉਨ੍ਹਾਂ ਨੂੰ ਘਰ ਦੇ ਸਾਰੇ ਕਾਰਜ ਕਰਨੇ ਹੁੰਦੇ ਹਨ। ਨਾਲ ਹੀ ਆਪਣੇ ਛੋਟੇ ਭਾਈ ਭੈਣਾਂ ਦੀ ਦੇਖਭਾਲ ਵੀ ਕਰਨੀ ਪੈਂਦੀ ਹੈ।

**ਗਤੀਵਿਧੀ** : 4ਆਪਣੇ ਰਾਜ ਵਿੱਚ ਜਨ ਜਾਤੀ ਬੱਚਿਆਂ ਵਿੱਚ ਘੱਟ ਸਾਖਰਤਾ, ਉੱਚ ਸਕੂਲ ਛੱਡਣ ਦਰ ਅਤੇ ਘੱਟ ਆਤਮ ਸਨਮਾਨ ਦੇ ਸੰਭਵ ਕਾਰਨਾਂ ਦੀ ਸੂਚੀ ਬਣਾਓ।

ਜਨ ਜਾਤੀ ਬੱਚਿਆਂ ਦੀ ਸਿੱਖਿਆ ਦੇ ਖਰਾਬ ਪੱਧਰ ਦੇ ਕੁਝ ਮੁੱਖ ਕਾਰਨ ਨਿਮਨਲਿਖਤ ਹਨ:

• **ਪਰਿਵਾਰਕ ਜਾਗਰੂਕਤਾ ਅਤੇ ਸਹਾਇਤਾ ਦੀ ਕਮੀ** : ਸਕੂਲਾਂ ਵਿੱਚ ਆਉਣ ਵਾਲੇ ਜ਼ਿਆਦਾਤਰ ਬੱਚੇ ਪਹਿਲੀ ਪੀੜ੍ਹੀ ਦੇ ਸਿਖਿਆਰਥੀ ਹੁੰਦੇ ਹਨ। ਇਸ ਦਾ ਅਰਥ ਹੈ ਕਿ ਪਰਿਵਾਰ ਵਿੱਚ ਕੋਈ ਵੀ ਵੱਡਾ ਵਿਅਕਤੀ ਕਦੇ ਸਕੂਲ ਨਹੀਂ ਗਿਆ। ਨਤੀਜੇ ਵਜੋਂ ਉਹ ਅਨਪੜ੍ਹ ਹਨ ਅਤੇ ਦੂਰ ਦਰਾਜ ਦੇ ਖੇਤਰਾਂ ਵਿੱਚ ਨਿਵਾਸ ਕਰਦੇ ਹਨ। ਉਹ ਸਕੂਲ ਸਿੱਖਿਆ ਦੀ ਲੋੜ ਤੋਂ ਪੂਰੀ ਤਰ੍ਹਾਂ ਅਣਜਾਣ ਹਨ ਅਤੇ ਬੱਚੇ ਨੂੰ ਸਕੂਲ ਵਿੱਚ ਕਿਸੇ ਵੀ ਪ੍ਰਕਾਰ ਦੀ ਸਹਾਇਤਾ ਨਹੀਂ ਦੇ ਸਕਦੇ। ਜ਼ਿਆਦਾ ਸਮਾਂ ਉਹ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਕੋਈ ਰੁਚੀ ਨਹੀਂ ਦਿਖਾਉਂਦੇ। ਇੱਥੋਂ ਤੱਕ ਕਿ ਉਹ ਜੋ ਵੀ ਅੱਜਕੱਲ੍ਹ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਰੁਚੀ ਦਿਖਾਉਂਦੇ ਹਨ, ਉਨ੍ਹਾਂ ਕੋਲ ਆਪਣੇ ਬੱਚਿਆਂ ਦੀ ਸਹਾਇਤਾ ਅਤੇ ਨਿਰਦੇਸ਼ਨ ਲਈ ਢੁਕਵੇਂ ਸਿੱਖਿਆ ਅਨੁਭਵ ਨਹੀਂ ਹਨ।

• **ਪਰਿਵਾਰ ਦੀ ਘੋਰ ਗਰੀਬੀ** : ਜਨ ਜਾਤੀ ਬੱਚਿਆਂ ਦੇ ਸਕੂਲ ਵਿੱਚ ਨਾ ਆਉਣ ਦਾ ਇੱਕ ਮੁੱਖ ਕਾਰਨ ਉਨ੍ਹਾਂ ਦੇ ਪਰਿਵਾਰਾਂ ਦੀ ਘੋਰ ਗਰੀਬੀ ਵਾਲੀ ਸਥਿਤੀ ਹੈ। ਹਾਲਾਂਕਿ ਉਨ੍ਹਾਂ ਨੂੰ ਮੁਫ਼ਤ ਪਾਠ ਪੁਤਸਕਾਂ, ਸਕੂਲ ਵਰਦੀ, ਪੜ੍ਹਨ ਲਿਖਣ ਦੀ ਸਮੱਗਰੀ ਦਿੱਤੀ ਜਾਂਦੀ ਹੈ। ਚੋਣਵੇਂ ਖੇਤਰਾਂ ਵਿੱਚ ਹੋਸਟਲ ਦੀ ਸੁਵਿਧਾ, ਕੁਝ ਵਜ਼ੀਫਾ ਪ੍ਰਦਾਨ ਕਰਨਾ, ਆਦਿ ਦੇ ਬਾਅਦ ਵੀ ਪਰਿਵਾਰ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਵਿੱਚ ਅਸਮਰੱਥ ਰਹਿੰਦੇ ਹਨ। ਇਸ ਦਾ ਕਾਰਨ ਹੇ ਕਿ ਉਨ੍ਹਾਂ ਵਿੱਚ ਕੁਝ ਆਪਣੇ ਪਰਿਵਾਰ ਦੀ ਛੋਟੀ ਜਿਹੀ ਆਮਦਨ ਨੂੰ ਪੂਰਾ ਕਰਨ ਲਈ ਹੋਰ ਕਾਰਜਾਂ ਵਿੱਚ ਲੱਗੇ ਰਹਿੰਦੇ ਹਨ। ਇਸ ਤੋਂ ਇਲਾਵਾ ਜਿਵੇਂ ਪਹਿਲਾਂ ਕਿਹਾ ਜਾ ਚੁੱਕਾ ਹੈ, ਲੜਕੀਆਂ ਆਪਣੇ ਛੋਟੇ ਭਾਈ ਭੈਣਾਂ ਦੀ ਦੇਖਭਾਲ ਅਤੇ ਘਰ ਦੇ ਹੋਰ ਕਾਰਜਾਂ ਵਿੱਚ ਸ਼ਾਮਲ ਰਹਿੰਦੀਆਂ ਹਨ।

• **ਸਕੂਲ ਸੁਵਿਧਾਵਾਂ ਤੱਕ ਪਹੁੰਚ ਵਿੱਚ ਕਮੀ** : ਆਮ ਤੌਰ ’ਤੇ ਜਨ ਜਾਤੀ ਪਰਿਵੇਸ਼ ਛੋਟੇ ਅਤੇ ਬਿਖਰੇ ਹੁੰਦੇ ਹਨ ਅਤੇ ਵਿਪਰੀਤ ਭੂਗੋਲਿਕ ਸਥਿਤੀਆਂ ਰਾਹੀਂ ਮਜਬੂਰ ਹੁੰਦੇ ਹਨ। ਕਿਸੇ ਵੀ ਬੱਚੇ ਲਈ ਕੁਦਰਤੀ ਰੁਕਾਵਟਾਂ ਨੂੰ ਪਾਰ ਕਰਕੇ ਸਕੂਲ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਜਦੋਂ ਕਿ ਸਰਕਾਰੀ ਪ੍ਰਾਵਧਾਨ ਦੇ ਅਨੁਸਾਰ ਸਕੂਲ ਗੁਆਂਢ ਵਿੱਚ ਹੀ 1 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੁੰਦਾ ਹੈ। ਇੰਨੀ ਛੋਟੀ ਬਸਤੀ ਜਿਸ ਵਿੱਚ 4–6 ਬੱਚੇ ਹਨ, ਉਨ੍ਹਾਂ ਲਈ ਅਲੱਗ ਤੋਂ ਸਕੂਲ ਖੋਲ੍ਹਣਾ ਵੀ ਇੱਕ ਉਪਾਅ ਨਹੀਂ ਹੋ ਸਕਦਾ।

• **ਅਯੋਗ ਅਤੇ ਅਨਿਯਮਤ ਅਧਿਆਪਕ** : ਕੁਸ਼ਲਤਾ ਸੁਵਿਧਾਵਾਂ ਦੀ ਕਮੀ, ਕੁਦਰਤੀ ਰੁਕਾਵਟਾਂ ਦੀ ਮੌਜੂਦਗੀ ਅਤੇ ਘੱਟ ਰਿਹਾਇਸ਼ੀ ਸੁਵਿਧਾਵਾਂ ਦੀ ਕਮੀ ਕਾਰਨ ਕਿਸੇ ਬਾਹਰੀ ਅਧਿਆਪਕ ਲਈ ਨਿਯਮਤ ਰੂਪ ਨਾਲ ਸਕੂਲ ਪਹੁੰਚਣਾ ਜ਼ਿਆਦਾ ਮੁਸ਼ਕਿਲ ਹੋ ਜਾਂਦਾ ਹੈ। ਜ਼ਿਆਦਾਤਰ ਅਧਿਆਪਕ ਜੋ ਦੂਰ ਦਰਾਜ ਦੇ ਜਨਜਾਤੀ ਸਕੂਲਾਂ ਵਿੱਚ ਸਭ ਤੋਂ ਵੱਧ ਪ੍ਰਤੀਕੂਲ ਸਥਿਤੀਆਂ

ਵਿੱਚ ਤਾਇਨਾਤ ਹਨ, ਉਹ ਆਪਣੇ ਕਾਰਜ ਨੂੰ ਉਤਸ਼ਾਹ, ਪ੍ਰੇਰਣਾਪੂਰਵਕ ਕਰਨ ਵਿੱਚ ਦਿਲਚਸਪੀ ਨਹੀਂ ਲੈਂਦੇ।

• **ਮਾਂ ਬੋਲੀ (ਘਰ ਦੀ ਭਾਸ਼ਾ) ਦਾ ਪ੍ਰਯੋਗ ਅਧਿਆਪਨ ਮਾਧਿਅਮ ਲਈ ਨਾ ਹੋਣਾ:** ਭਾਸ਼ਾ ਸਿੱਖਣ ਦੇ ਅੰਤਰ ਦੀ ਪੂਰਤੀ ਵਿੱਚ ਅਧਿਆਪਨ ਦਾ ਮਾਧਿਅਮ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇੱਕ ਬੱਚਾ ਜੋ ਮਾਂ ਬੋਲੀ ਵਿੱਚ ਮਾਹਿਰ ਹੈ ਉਹ ਹੋਰ ਭਾਸ਼ਾਵਾਂ ਨੂੰ ਸਰਲਤਾ ਨਾਲ ਸਿੱਖ ਲੈਂਦਾ ਹੈ। ਹੇਠ ਦਿੱਤੇ ਗਏ ਚਿੱਤਰ 1 ਵਿੱਚ ਇਹ ਭਲੀਭਾਂਤ ਦਰਸਾਇਆ ਗਿਆ ਹੈ। ਜੇਕਰ ਤੁਸੀਂ ਦੋਨੋਂ ਪੁਲਾਂ ਦੀ ਤੁਲਨਾ ਕਰੋ ਤਾਂ ਤੁਸੀਂ ਦੇਖੋਗੇ ਕਿ ਉਨ੍ਹਾਂ ਵਿੱਚ ਇੱਕ ਮਜ਼ਬੂਤ ਅਤੇ ਦੂਜਾ ਕਮਜ਼ੋਰ ਹੈ। ਇਹ ਅੰਤਰ ਅਧਿਆਪਨ ਸਿਖਲਾਈ ਪ੍ਰਕਿਰਿਆ ਅਤੇ ਪਾਠ ਪੁਸਤਕਾਂ ਵਿੱਚ ਮਾਂ ਬੋਲੀ ਦਾ ਬਹੁਤ ਘੱਟ ਜਾਂ ਬਿਲਕੁਲ ਉਪਯੋਗ ਨਾ ਹੋਣ ਦੇ ਕਾਰਨ ਹੈ। ਪਰ ਸ਼ੁਰੂਆਤੀ ਸਿੱਖਿਆ ਵਿੱਚ ਸਾਨੂੰ ਮਾਂ ਬੋਲੀ ਦੀ ਮਜ਼ਬੂਤ ਨੀਂਹ ਦੀ ਲੋੜ ਕਿਉਂ ਹੈ ?

–ਬੱਚੇ ਜਾਣਕਾਰ ਬਿੰਦੂ ਨਾਲ ਸ਼ੁਰੂਆਤ ਕਰਨ 'ਤੇ ਬਿਹਤਰ ਤਰੀਕੇ ਨਾਲ ਸਿੱਖਦੇ ਹਨ।

–ਬੱਚੇ ਜੋ ਭਾਸ਼ਾ ਬੋਲਦੇ ਹਨ ਅਤੇ ਠੀਕ ਨਾਲ ਸਮਝਦੇ ਹਨ, ਉਨ੍ਹਾਂ ਰਾਹੀਂ ਅਧਿਆਪਨ ਹੋਣ 'ਤੇ ਉਹ ਬਿਹਤਰ ਸਿੱਖਦੇ ਹਨ।


–ਜਾਣੂ ਭਾਸ਼ਾ ਵਿੱਚ ਪੜ੍ਹਨਾ ਅਤੇ ਲਿਖਣਾ ਸਿੱਖਣਾ ਜ਼ਿਆਦਾ ਸਰਲ ਹੈ।

–ਮਾਂ ਬੋਲੀ ਰਾਹੀਂ ਧਾਰਨਾਵਾਂ ਨੂੰ ਉੱਤਮ ਰੂਪ ਨਾਲ ਸਮਝਿਆ ਜਾਂਦਾ ਹੈ।

–ਮਾਂ ਬੋਲੀ ਦੀ ਬੁਨਿਆਦ ਚੰਗੀ ਹੋਣ ਨਾਲ ਦੋ ਭਾਸ਼ਾ ਸਿੱਖਣ ਵਿੱਚ ਜ਼ਿਆਦਾ ਸਫਲਤਾ ਮਿਲਦੀ ਹੈ।

–ਮਾਂ ਬੋਲੀ ਵਿੱਚ ਠੋਸ ਬੁਨਿਆਦ ਰੱਖਣ ਵਾਲੇ ਬੱਚਿਆਂ ਵਿੱਚ ਦੂਜੀਆਂ ਭਾਸ਼ਾਵਾਂ ਦੀ ਸਾਖਰਤਾ ਯੋਗਤਾ ਜ਼ਿਆਦਾ ਮਜ਼ਬੂਤ ਰੂਪ ਨਾਲ ਵਿਕਸਤ ਹੁੰਦੀ ਹੈ।

–ਮਾਂ ਬੋਲੀ ਰਾਹੀਂ ਸਿੱਖੇ ਗਏ ਗਿਆਨ ਅਤੇ ਕੁਸ਼ਲ ਦੂਜੀ ਭਾਸ਼ਾ ਸਿੱਖਣ ਵਿੱਖ ਕੁਸ਼ਲਤਾ ਪੂਰਵਕ ਤਬਦੀਲ ਹੋ ਜਾਂਦੇ ਹਨ।



ਚਿੱਤਰ 10.1 ਭਾਸ਼ਾ ਅਤੇ ਬੱਚੇ

ਜਦੋਂ ਬੱਚਿਆਂ ਨੂੰ ਦੂਜੀ ਭਾਸ਼ਾ ਵਿੱਚ ਸਿੱਖਿਅਤ ਕੀਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਕਲਪਨਾ ਕਰੋ ਕਿ ਤੁਸੀਂ ਇੱਕ ਵਿਦਿਆਰਥੀ ਦੇ ਰੂਪ ਵਿੱਚ ਇਤਿਹਾਸ ਵਿਸ਼ੇ ਦੀ ਕਲਾਸ ਵਿੱਚ ਬੈਠੇ ਹੋ ਅਤੇ ਤੁਹਾਨੂੰ ਵਿਦੇਸ਼ੀ ਭਾਸ਼ਾ ਚੀਨੀ ਵਿੱਚ ਪੜ੍ਹਾਇਆ ਜਾ ਰਿਹਾ ਹੈ ਜਿਸ ਤੋਂ ਤੁਸੀਂ ਬਿਲਕੁਲ ਅਣਜਾਣ ਹੋ। ਅਜਿਹੀ ਸਥਿਤੀ ਵਿੱਚ ਤੁਹਾਡੀ ਹਾਲਤ ਕੀ ਹੋਏਗੀ? ਕੀ ਜੋ ਕੁਝ ਪੜ੍ਹਾਇਆ ਜਾ ਰਿਹਾ ਹੈ ਤੁਸੀਂ ਉਸ ਨੂੰ ਗ੍ਰਹਿਣ ਕਰ ਸਕੋਗੇ? ਜੇਕਰ ਤੁਹਾਡਾ ਅਧਿਆਪਕ ਤੁਹਾਡੀ ਭਾਸ਼ਾ ਨੂੰ ਨਹੀਂ ਸਮਝ ਪਾਉਂਦਾ ਤਾਂ ਕੀ ਤੁਸੀਂ ਉਸ ਨਾਲ ਅੰਤਰਕਿਰਿਆ ਕਰ ਸਕੋਗੇ? ਲਗਪਗ ਇਹੀ ਸਥਿਤੀ ਇੱਕ ਜਨ ਜਾਤੀ ਬੱਚੇ ਦੀ ਹੈ ਜੋ ਇੱਕ ਪ੍ਰਾਇਮਰੀ ਸਕੂਲ ਵਿੱਚ ਇੱਕ ਕਲਾਸ ਵਿੱਚ ਬੈਠਾ ਹੈ ਜਿੱਥੇ ਅਧਿਆਪਕ ਇੱਕ ਅਜਿਹੀ ਭਾਸ਼ਾ ਵਿੱਚ ਪੜ੍ਹਾ ਰਿਹਾ ਹੈ ਜੋ ਬੱਚੇ ਦੀ ਸਮਝ ਤੋਂ ਬਾਹਰ ਹੈ। ਇਸ ਸਥਿਤੀ ਵਿੱਚ ਬੱਚੇ ਬਿਲਕੁਲ ਰੁਚੀ ਨਾ ਲੈਂਦੇ ਪ੍ਰਤੀਤ ਹੁੰਦੇ ਹਨ ਅਤੇ ਅਧਿਆਪਕ ਕੀ ਕਹਿ ਰਿਹਾ ਹੈ ਉਸ ਦੀ ਸਮਝ ਤੋਂ ਪਰੇ ਹੈ। ਉਹ ਅਧਿਆਪਕ ਨੂੰ ਲਗਾਤਾਰ ਦੇਖਦੇ ਰਹਿੰਦੇ ਹਨ ਅਤੇ ਕਦੇ ਕਦੇ ਬਲੈਕਬੋਰਡ 'ਤੇ ਲਿਖੇ ਸ਼ਬਦਾਂ/ਅੱਖਰਾਂ ਨੂੰ। ਬੱਚੇ ਕੋਈ ਵੀ ਪ੍ਰਸ਼ਨ ਪੁੱਛਣ ਤੋਂ ਡਰਦੇ ਹਨ ਕਿਉਂਕਿ ਉਹ ਦੁਵਿਧਾ ਵਿੱਚ ਰਹਿੰਦੇ ਹਨ। ਇੱਕ ਸਮਾਂ ਅਜਿਹਾ ਹੁੰਦਾ ਹੈ ਜਦੋਂ ਅਧਿਆਪਕ ਬੋਲਦੇ ਹੋਏ ਥੱਕ ਜਾਂਦਾ ਹੈ ਅਤੇ ਮਹਿਸੂਸ ਕਰਦਾ ਹੈ ਕਿ ਬੱਚੇ ਪੂਰੀ ਤਰ੍ਹਾਂ ਉਲਝਣ ਵਿੱਚ ਹਨ ਤਾਂ ਉਹ ਬੱਚੇ ਨੂੰ ਬਲੈਕ ਬੋਰਡ 'ਤੇ ਲਿਖੇ ਹੋਏ ਵਿਸ਼ਾ ਵਸਤੂ ਨੂੰ ਆਪਣੀ ਪੁਸਤਕ ਵਿੱਚ ਨਕਲ ਕਰਕੇ ਲਿਖਣ ਨੂੰ ਕਹਿ ਦਿੰਦਾ ਹੈ। ਤਾਂ ਇੱਕ ਸਿਰਫ਼ ਵਿਕਲਪ ਬੱਚਿਆਂ ਲਈ ਇਹ ਰਹਿ ਜਾਂਦਾ ਹੈ ਕਿ ਉਹ ਬਿਨਾਂ ਸਮਝੇ ਵਿਸ਼ਾ ਵਸਤੂ ਨੂੰ ਰੱਟ ਲਏ ਅਤੇ ਉਹ ਬੱਚੇ ਜੋ ਰਹਿਣ ਦੇ ਇਸ ਬੋਝ ਨੂੰ ਸਹਿਣ ਨਹੀਂ ਕਰ ਪਾਉਂਦੇ ਸਕੂਲ ਛੱਡ ਦਿੰਦੇ ਹਨ। ਇਸ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਦੂਜੀ ਭਾਸ਼ਾ ਨੂੰ ਅਧਿਆਪਨ ਦਾ ਮਾਧਿਅਮ ਤਾਂ ਬਣਾਉਣਾ ਚਾਹੀਦਾ ਹੈ ਜਦੋਂ ਉਹ ਇਸ ਭਾਸ਼ਾ ਤੋਂ ਚੰਗੀ ਤਰ੍ਹਾਂ ਜਾਣੂ ਹੋ ਜਾਏ।

• **ਸਿਖਲਾਈ-ਅਧਿਆਪਨ ਪ੍ਰਕਿਰਿਆ ਵਿੱਚ ਸਥਾਨਕ ਗਿਆਨ ਅਤੇ ਸਮਾਜਿਕ-ਸੰਸਕ੍ਰਿਤਕ ਸੰਦਰਭਾਂ ਦਾ ਘੱਟ ਜਾਂ ਬਿਲਕੁਲ ਉਪਯੋਗ ਨਾ ਹੋਣਾ:** ਇੱਕ ਜਨ ਜਾਤੀ ਬੱਚਾ ਸਰਗਰਮ ਵਾਤਾਵਰਣ ਵਿੱਚ ਰਹਿੰਦਾ ਹੈ ਜਿੱਥੇ ਉਸ ਦੇ ਕੋਲ ਆਪਣੇ ਆਸ ਪਾਸ ਦੀਆਂ ਬਸਤੀਆਂ ਵਿੱਚ ਉਪਲੱਬਧ ਕੁਦਰਤੀ ਅਤੇ ਸੰਸਕ੍ਰਿਤਕ ਸਰੋਤਾਂ ਨਾਲ ਅੰਤਰਕਿਰਿਆ ਕਰਨ ਲਈ ਬਹੁਤ ਵੱਡਾ ਖੇਤਰ ਹੁੰਦਾ ਹੈ। ਵਾਤਾਵਰਣ ਵਿੱਚ ਉਪਲੱਬਧ ਸਮਾਜਿਕ-ਸੰਸਕ੍ਰਿਤਕ ਅਤੇ ਕੁਦਰਤੀ ਤੱਤਾਂ ਨਾਲ ਅੰਤਰਕਿਰਿਆ ਦੇ ਫਲਸਰੂਪ ਉਸ ਦੇ ਅਨੁਭਵਾਂ ਨੂੰ ਇਕੱਤਰ ਕੀਤਾ ਜਾਂਦਾ ਹੈ। ਇਹ ਤੱਤ ਬੱਚੇ ਨੂੰ ਪਾਠ ਪੁਸਤਕ ਗਿਆਨ ਤੋਂ ਇਲਾਵਾ ਗਿਆਨ ਹਾਸਲ ਕਰਨ ਵਿੱਚ ਮਦਦ ਕਰਦੇ ਹਨ। ਅਨੁਭਵਾਂ ਜਿਵੇਂ ਜੇਕਰ ਬੱਚੇ ਖੁਦ ਦੇ ਤਿਓਹਾਰ, ਗੀਤ, ਨ੍ਰਿਤ, ਚਿੱਤਰ, ਸਥਾਨਕ ਮੇਲਾ ਆਦਿ ਪਾਠ ਪੁਸਤਕ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਪਾਉਂਦੇ ਹਨ ਤਾਂ ਸਿਖਲਾਈ ਵਿੱਚ ਆਨੰਦ ਦਾ ਅਨੁਭਵ ਕਰਦੇ ਹਨ। ਇਹ ਬੱਚਿਆਂ ਲਈ ਇੱਕ ਸਾਰਥਕ ਵਾਤਾਵਰਣ ਦਾ ਨਿਰਮਾਣ ਕਰਦਾ ਹੈ, ਪਰ ਸਾਡੇ ਸਕੂਲਾਂ ਵਿੱਚ ਜਨ ਜਾਤੀ ਬੱਚਿਆਂ ਨੂੰ ਇਸ ਪ੍ਰਕਾਰ ਦਾ ਅਵਸਰ ਨਹੀਂ ਮਿਲਦਾ। ਉਨ੍ਹਾਂ ਨੂੰ ਉਹ ਪਾਠ ਪੁਸਤਕਾਂ ਪੜ੍ਹਨੀਆਂ ਪੈਂਦੀਆਂ ਹਨ ਜਿਸ ਵਿੱਚ ਉਨ੍ਹਾਂ ਦੇ ਸਥਾਨਕ ਅਤੇ ਸੰਸਕ੍ਰਿਤੀ ਦਾ ਵਿਸ਼ਾ ਵਸਤੂ, ਧਾਰਨਾ ਅਤੇ ਉਦਾਹਰਨ ਨਾ ਹੋਵੇ।

**ਈ-6 ਸਕੂਲ ਵਿੱਚ ਸ਼ੁਰੂਆਤੀ ਬੱਚਿਆਂ ਲਈ ਮਾਂ ਬੋਲੀ ਕਿਉਂ ਮਹੱਤਵਪੂਰਨ ਹੈ? ਇਸ ਦੇ ਚਾਰ ਕਾਰਨ ਦੱਸੋ।**

### 10.4.2 ਅਧਿਆਪਨ ਵਿਧੀਆਂ ਸਬੰਧੀ ਮੁੱਦਿਆਂ ਨੂੰ ਸੁਲਝਾਉਣ ਲਈ ਵਿਧੀਆਂ

ਜਿਵੇਂ ਕਿ ਪਹਿਲਾਂ ਚਰਚਾ ਕੀਤੀ ਗਈ ਹੈ, ਅਧਿਆਪਨ ਸਬੰਧੀ ਮੁੱਦਿਆਂ ਲਈ ਕੁਝ ਵਿਧੀਆਂ ਹੇਠ ਦਿੱਤੀਆਂ ਗੀਆਂ ਹਨ:

• **ਮਾਂ ਬੋਲੀ ਨੂੰ ਅਧਿਆਪਨ ਦੇ ਮਾਧਿਅਮ ਦੇ ਰੂਪ ਵਿੱਚ ਪ੍ਰਯੋਗ ਕਰਨਾ:** ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਜੇਕਰ ਤੁਸੀਂ ਇੱਕ ਬੱਚੇ ਨੂੰ ਜਿਸ ਦੇ ਕੋਲ 5-6 ਸਾਲ ਤੱਕ ਮਾਂ ਬੋਲੀ ਗਿਆਨ ਦਾ ਅਨੁਭਵ ਹੈ, ਉਸ ਨੂੰ ਕਿਸੇ ਜਾਣੂ ਭਾਸ਼ਾ ਵਿੱਚ ਪੜ੍ਹਾਈਏ ਤਾਂ ਉਹ ਜੋ ਵੀ ਤੁਸੀਂ ਕਹਿੰਦੇ ਹੋ, ਉਸ ਸਮਝ ਨਹੀਂ ਪਾਉਂਦਾ। ਉਦਾਹਰਨ ਲਈ ਪਹਿਲੀ ਕਲਾਸ ਦੀ ਸੰਥਾਲੀ 'ਆਲਾਹ' ਸਮਝ ਸਕਦੀ ਹੈ, ਪਰ 'ਘਰ' ਨਹੀਂ, 'ਮਿਰੋਮ' ਪਰ 'ਬੱਕਰੀ' ਨਹੀਂ, 'ਡਾਕੂ' ਪਰ 'ਚੌਲ' ਨਹੀਂ। ਹਾਲਾਂਕਿ ਉਹ 5-10 ਪੰਕਤੀਆਂ ਆਪਣੀ ਮਾਂ ਬੋਲੀ ਵਿੱਚ ਆਪਣੇ ਘਰ (ਆਲਾਹ) ਦੇ ਬਾਰੇ ਵਿੱਚ ਬੋਲ ਸਕਦੀ ਹੈ, ਪਰ ਹੋਰ ਭਾਸ਼ਾ ਜੋ ਉਸ ਲਈ ਵਿਦੇਸ਼ੀ ਹੈ, ਉਸ ਵਿੱਚ ਹੋ ਸਕਦਾ ਹੈ ਇੱਕ ਵੀ ਵਾਕ ਨਾ ਸਮਝ ਸਕੇ। ਇਸ ਲਈ ਮਾਂ ਬੋਲੀ ਦਾ ਉਪਯੋਗ ਅਧਿਆਪਨ ਮਾਧਿਅਮ ਦੇ ਰੂਪ ਵਿੱਚ ਕਰਨ ਨਾਲ ਬੱਚੇ ਨੂੰ ਧਾਰਨਾ ਸਮਝਣ ਵਿੱਚ ਆਸਾਨੀ ਹੁੰਦੀ ਹੈ, ਬਲਕਿ ਇਸ ਨਾਲ ਉਸ ਵਿੱਚ ਆਤਮ ਵਿਸ਼ਵਾਸ ਵੀ ਪੈਦਾ ਹੁੰਦਾ ਹੈ।

• **ਸਿਖਲਾਈ-ਅਧਿਆਪਨ ਵਿੱਚ ਸਥਾਨਕ ਗਿਆਨ ਨੂੰ ਜੋੜਨਾ:** ਕਿਸੇ ਵੀ ਪਾਠ ਪੁਸਤਕ ਵਿੱਚ ਇੱਕ ਦੇਸ਼ ਜਾਂ ਰਾਜ ਦੇ ਵਿਭਿੰਨ ਖੇਤਰਾਂ ਦੇ ਸਥਾਨਕ ਗਿਆਨ ਨੂੰ ਸ਼ਾਮਲ ਕਰਨਾ ਸੰਭਵ ਨਹੀਂ ਹੈ। ਇਸ ਲਈ ਇੱਕ ਅਧਿਆਪਕ ਨੂੰ ਸਥਾਨਕ ਗਿਆਨ ਦੇ ਉਪਯੋਗ ਨਾਲ ਹਰੇਕ ਧਾਰਨਾ ਨੂੰ ਪੜ੍ਹਾਉਂਦਾ ਹੈ ਅਤੇ ਉਸ ਨੂੰ ਪਾਠ ਪੁਸਤਕ ਦੇ ਗਿਆਨ ਨਾਲ ਸਬੰਧਿਤ ਕਰਦਾ ਹੈ। ਉਦਾਹਰਨ ਲਈ ਜੇਕਰ ਇੱਕ ਅਧਿਆਪਕ ਨੂੰ ਗਣਿਤ ਵਿੱਚ 'ਮਾਪਣ ਦੀ ਇਕਾਈ' ਪੜ੍ਹਾਉਣੀ ਹੈ ਤਾਂ ਉਸ ਨੂੰ ਦੈਨਿਕ ਜੀਵਨ ਵਿੱਚ ਉਪਯੋਗ ਕੀਤੀਆਂ ਜਾਣ ਵਾਲੀਆਂ ਗੈਰ ਮਾਨਕ ਇਕਾਈਆਂ ਤੋਂ ਸ਼ੁਰੂ ਕਰਨਾ ਹੋਏਗਾ। ਜਿਵੇਂ ਕਿ ਸੇਰ, ਮਣ ਕਹਿਣਾ ਆਦਿ। ਬਾਅਦ ਵਿੱਚ ਉਹ ਮਾਪਣ ਦੀਆਂ ਮਾਨਕ ਇਕਾਈਆਂ ਜਿਵੇਂ ਕਿਲੋਗ੍ਰਾਮ, ਕਿਲੋਮੀਟਰ, ਲਿਟਰ ਆਦਿ।

• **ਸਮਾਜਿਕ ਸੰਸਕ੍ਰਿਤਕ ਤੱਤਾਂ ਦਾ ਅਧਿਆਪਨ-ਸਿਖਲਾਈ ਪ੍ਰਕਿਰਿਆ ਵਿੱਚ ਉਪਯੋਗ:** ਇੱਕ ਸਮੁਦਾਏ ਦੀ ਆਪਣੀ ਖੁਦ ਦੀ ਜੀਵਨ ਸ਼ੈਲੀ, ਆਪਣੀਆਂ ਸਮਾਜਿਕ ਕਦਰਾਂ ਕੀਮਤਾਂ, ਸਮਾਜਿਕ ਰਾਜਨੀਤਕ ਸੰਗਠਨ ਅਤੇ ਧਾਰਮਿਕ ਮਾਨਤਾਵਾਂ ਹੁੰਦੀਆਂ ਹਨ। ਉਨ੍ਹਾਂ ਦੀਆਂ ਖੁਦ ਦੀਆਂ ਭੋਜਨ ਸਬੰਧੀ ਆਦਤਾਂ, ਪਹਿਰਾਵਾ, ਗਹਿਣੇ, ਖੇਤੀ ਅਤੇ ਉਦਯੋਗ ਹੁੰਦੇ ਹਨ। ਉਨ੍ਹਾਂ ਨੂੰ ਜੀਵਨ ਦੇ ਹਰੇਕ ਖੇਤਰ ਸਬੰਧੀ ਗਿਆਨ ਹੁੰਦਾ ਹੈ। ਇਸ ਗਿਆਨ ਨੂੰ ਸਿਖਲਾਈ ਦੀ ਸੁਵਿਧਾ ਲਈ ਉਪਯੋਗ ਵਿੱਚ ਲਿਆਉਣ ਦੀ ਲੋੜ ਹੈ। ਉਨ੍ਹਾਂ ਨੂੰ ਸੰਸਕ੍ਰਿਤਕ ਤੱਤਾਂ ਦੇ ਆਧਾਰ 'ਤੇ ਅੱਗੇ ਦਾ ਗਿਆਨ ਪ੍ਰਦਾਨ ਕੀਤਾ ਜਾ ਸਕਦਾ ਹੈ।

• **ਕਲਾਸ ਸਿਖਲਾਈ ਵਿੱਚ ਲੋਕ ਸਮੱਗਰੀ ਦਾ ਉਪਯੋਗ:** ਹਰੇਕ ਸਮੁਦਾਏ ਵਿੱਚ ਉਨ੍ਹਾਂ ਦੀਆਂ ਆਪਣੀਆਂ ਲੋਕ ਕਥਾਵਾਂ, ਗੀਤ, ਪਹੇਲੀਆਂ, ਕਲਾ ਅਤੇ ਪੇਂਟਿੰਗਾਂ ਆਦਿ ਹੁੰਦੀਆਂ ਹਨ। ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਇਨ੍ਹਾਂ ਦਾ ਪੂਰੀ ਤਰ੍ਹਾਂ ਨਾਲ ਉਪਯੋਗ ਕੀਤਾ ਜਾਣਾ ਚਾਹੀਦਾ ਹੈ। ਇਹ ਸਮੱਗਰੀ ਸਰਲ ਅਤੇ ਸਾਰਥਿਕ ਸਿਖਲਾਈ ਪ੍ਰਤੀਫਲਾਂ ਦੀ ਪ੍ਰਾਪਤੀ ਦੀ ਸੁਵਿਧਾ ਵਿੱਚ ਹੀ ਨਹੀਂ, ਬਲਕਿ ਸਿਖਲਾਈ ਪ੍ਰਕਿਰਿਆ ਨੂੰ ਆਨੰਦਦਾਇਕ ਬਣਾਉਣ ਵਿੱਚ ਸਹਾਇਕ ਹੁੰਦੀ ਹੈ।

• **ਸਮਾਜਿਕ-ਸੰਸਕ੍ਰਿਤਕ ਗਿਆਨ ਵਾਲੀਆਂ ਪਾਠ ਪੁਸਤਕਾਂ ਨੂੰ ਅਪਣਾਉਣਾ:** ਪਾਠ ਪੁਸਤਕਾਂ ਨੂੰ ਅਪਣਾਉਣ ਦਾ ਅਰਥ ਹੈ ਕਿ ਸਮਾਜਿਕ ਸੰਸਕ੍ਰਿਤਕ ਤੱਤਾਂ ਨੂੰ ਪਾਠ ਪੁਸਤਕ ਦੇ ਵਿਸ਼ਾ ਵਸਤੂ ਵਿੱਚ ਰੱਖਣਾ ਅਤੇ ਜਿੱਥੇ ਲੋੜ ਹੋਵੇ ਵਿਕਲਪਿਕ ਵਿਸ਼ਾ ਵਸਤੂ ਤਿਆਰ ਕਰਨਾ ਤਾਂ ਕਿ ਬੱਚਿਆਂ ਦਾ ਸਿਖਲਾਈ ਅਨੁਭਵ ਆਧਾਰਿਤ ਹੋ ਜਾਏ।

• **ਅਧਿਆਪਕ ਵੱਲੋਂ ਬੱਚਿਆਂ ਦੀ ਮਾਂ ਬੋਲੀ ਸਿੱਖਣੀ:** ਹਾਲਾਂਕਿ ਹਰੇਕ ਬੱਚੇ ਦੀ ਮਾਂ ਬੋਲੀ ਨੂੰ ਸਿੱਖਣਾ ਸੰਭਵ ਨਹੀਂ ਹੈ, ਪਰ ਜੇਕਰ ਇੱਕ ਅਧਿਆਪਕ ਬੱਚਿਆਂ ਦੀ ਮਾਂ ਬੋਲੀ ਦਾ ਗਿਆਤਾ ਹੁੰਦਾ ਹੈ ਤਾਂ ਉਸ

ਦਾ ਕੰਮ ਕਾਫ਼ੀ ਹੱਦ ਤੱਕ ਸੌਖਾ ਹੋ ਜਾਂਦਾ ਹੈ। ਜੇਕਰ ਅਧਿਆਪਕ ਸਮਰਪਿਤ ਹੋਵੇ ਤਾਂ ਉਹ ਬੱਚਿਆਂ ਦੀਆਂ ਭਾਸ਼ਾਵਾਂ ਨੂੰ ਉਨ੍ਹਾਂ ਅਤੇ ਸਮੁਦਾਏ ਦੇ ਲੋਕਾਂ ਨਾਲ ਅੰਤਰਕਿਰਿਆ ਲਈ ਸਿੱਖ ਸਕਦਾ ਹੈ।

• **ਸਮੁਦਾਏ ਤੋਂ ਸੰਸਕ੍ਰਿਤਕ ਗਿਆਨ ਪ੍ਰਾਪਤ ਕਰਨਾ**: ਅਧਿਆਪਕ ਨੂੰ ਸਭ ਤੋਂ ਪਹਿਲਾਂ ਬੱਚੇ ਦੇ ਸਮੁਦਾਏ ਦਾ ਗਿਆਨ ਪ੍ਰਾਪਤ ਕਰਨਾ ਹੈ। ਇਹ ਤਾਂ ਹੀ ਸੰਭਵ ਹੈ ਜਦੋਂ ਅਧਿਆਪਕ ਵਿੱਚ ਸਿੱਖਣ ਦੀ ਇੱਛਾ ਹੋਵੇ ਅਤੇ ਖੁਦ ਨੂੰ ਬੱਚਿਆਂ ਦੇ ਸਮੁਦਾਏ ਵਿੱਚ ਸਮਝੇ। ਉਸ ਸਮੁਦਾਏ ਦੇ ਲੋਕਾਂ ਨਾਲ ਗੱਲ ਕਰਨੀ ਹੋਏਗੀ, ਉਨ੍ਹਾਂ ਨਾਲ ਸਮਾਜਿਕ ਸੰਸਕ੍ਰਿਤੀ 'ਤੇ ਚਰਚਾ ਕਰਨੀ ਹੋਏਗੀ ਅਤੇ ਸਮੁਦਾਏ ਦੇ ਤਿਓਹਾਰਾਂ ਵਿੱਚ ਸ਼ਾਮਲ ਹੋਣਾ ਪਏਗਾ।

• **ਸਕੂਲ ਗਤੀਵਿਧੀਆਂ ਵਿੱਚ ਸਮੁਦਾਏ ਨੂੰ ਸ਼ਾਮਲ ਕਰਨਾ**: ਇੱਕ ਚੰਗਾ ਅਧਿਆਪਕ ਹਮੇਸ਼ਾਂ ਸਮੁਦਾਇਕ ਸਰੋਤਾਂ ਦਾ ਉਪਯੋਗ ਕਰਦਾ ਹੈ। ਸਕੂਲ ਪ੍ਰਬੰਧ ਅਤੇ ਕਲਾਸ ਦੀਆਂ ਗਤੀਵਿਧੀਆਂ ਵਿੱਚ ਸਮੁਦਾਏ ਨੂੰ ਸ਼ਾਮਲ ਕਰਨ ਨਾਲ ਬੱਚਿਆਂ ਦੀ ਕੁਸ਼ਲਤਾ ਵਿੱਚ ਸਾਕਾਰਾਤਮਕ ਪਰਿਵਰਤਨ ਆ ਜਾਂਦਾ ਹੈ। ਸਮੁਦਾਏ ਦਾ ਮੈਂਬਰ ਵਿਦਿਆਰਥੀਆਂ ਨੂੰ ਸਥਾਨਕ ਕਲਾ, ਦਸਤਕਾਰੀ, ਗੀਤ, ਸੰਗੀਤ, ਕਹਾਣੀ ਅਤੇ ਹੋਰ ਚੰਗੀਆਂ ਪ੍ਰਥਾਵਾਂ ਆਦਿ ਸਿਖਾਉਣ ਲਈ ਜੋੜਿਆ ਜਾ ਸਕਦਾ ਹੈ।


ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਮਾਂ ਬੋਲੀ ਦੀ ਵਰਤੋਂ ਅਧਿਆਪਨ ਦੇ ਮਾਧਿਅਮ ਦੇ ਰੂਪ ਵਿੱਚ ਸਾਡੀ ਸਿਖਲਾਈ ਅਧਿਆਪਨ ਪ੍ਰਕਿਰਿਆ ਵਿੱਚ ਉਪਯੋਗ ਕਰਨ ਨਾਲ ਸਿਖਲਾਈ ਦਾ ਬਿਹਤਰ ਸਹਿਜੀਕਰਨ ਵਰਤਮਾਨ ਅਤੇ ਭਵਿੱਖ ਵਿੱਚ ਹੋਏਗਾ।

**ਈ: 7 ਆਪਣੇ ਸਕੂਲ ਵਿੱਚ ਜਨ ਜਾਤੀ ਬੱਚਿਆਂ/ਸਿਖਿਆਰਥੀਆਂ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਚਾਰ ਮੁੱਖ ਵਿਧੀਆਂ ਲਿਖੋ।**

### 10.4.3 ਸਮਾਜਿਕ ਸੰਸਕ੍ਰਿਤਕ ਤੱਤਾਂ ਨੂੰ ਸਮਝਣਾ

ਜੇਕਰ ਤੁਸੀਂ ਜਨ ਜਾਤੀ ਬੱਚਿਆਂ ਨਾਲ ਉਨ੍ਹਾਂ ਦੀ ਮਾਂ ਬੋਲੀ ਵਿੱਚ ਅੰਤਰਕਿਰਿਆ ਕਰ ਸਕਦੇ ਹੋ ਅਤੇ ਉਨ੍ਹਾਂ ਦੇ ਵਾਤਾਵਰਣ ਦੇ ਸਮਾਜਿਕ ਸੰਸਕ੍ਰਿਤਕ ਤੱਤਾਂ ਦਾ ਢੁਕਵਾਂ ਗਿਆਨ ਰੱਖਦੇ ਹੋ ਤਾਂ ਤੁਸੀਂ ਉਨ੍ਹਾਂ ਦੀ ਸਿਖਲਾਈ ਨੂੰ ਸੁਵਿਧਾ ਪ੍ਰਦਾਨ ਕਰਨ ਵਿੱਚ ਸਫਲ ਹੋ ਸਕਦੇ ਹੋ ਵਿਸ਼ੇਸ਼ ਕਰਕੇ ਉਨ੍ਹਾਂ ਦੇ ਸਕੂਲ ਜੀਵਨ ਵਿੱਚ ਸ਼ੁਰੂਆਤੀ ਸਮੇਂ ਵਿੱਚ। ਨਿਰਸੰਦੇਹ ਸਥਾਨਕ ਸਮੁਦਾਏ ਦਾ ਅਧਿਆਪਕ (ਮਾਂ ਬੋਲੀ ਅਧਿਆਪਕ) ਕਲਾਸ ਦੇ ਅੰਦਰ ਸਥਾਨਕ ਸਮੁਦਾਏ ਦੇ ਸਮਾਜਿਕ ਸੰਸਕ੍ਰਿਤਕ ਤੱਤਾਂ ਨੂੰ ਆਸਾਨੀ ਨਾਲ ਲਿਆ ਸਕਦਾ ਹੈ, ਪਰ ਜਦੋਂ ਤੱਕ ਅਧਿਆਪਕ ਨਾ ਤਾਂ ਬੱਚਿਆਂ ਦੀ ਮਾਂ ਬੋਲੀ ਨੂੰ ਜਾਣਦਾ ਹੈ ਅਤੇ ਨਾ ਹੀ ਉਸ ਦੇ ਸਮਾਜਿਕ ਸੰਸਕ੍ਰਿਤਕ ਤੱਤਾਂ ਨੂੰ ਪਛਾਣਦਾ ਹੈ ਤਾਂ ਉੱਥੇ ਅਧਿਆਪਕ ਅਤੇ ਵਿਦਿਆਰਥੀਆਂ ਦੇ ਵਿਚਕਾਰ ਇੱਕ ਸੰਚਾਰ ਅੰਤਰ ਆ ਜਾਂਦਾ ਹੈ। ਇਸ ਸਥਿਤੀ ਵਿੱਚ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਮਝਣ ਵਿੱਚ ਅਸਮਰੱਥ ਹੋ ਜਾਂਦਾ ਹੈ ਅਤੇ ਵਿਦਿਆਰਥੀ ਆਪਣੇ ਅਧਿਆਪਨ ਦਾ ਪਾਲਣ ਨਹੀਂ ਕਰ ਪਾਉਂਦੇ।

ਚਿੱਤਰ 10.2 ਇੱਕ ਸਮਾਜ ਦੇ ਵਿਭਿੰਨ ਸਮਾਜਿਕ ਸੰਸਕ੍ਰਿਤਕ ਤੱਤਾਂ ਨੂੰ ਦਰਸਾਉਂਦਾ ਹੈ ਜੋ ਨਿਮਨ ਪ੍ਰਕਾਰ ਹੈ–




ਚਿੱਤਰ 10.2 ਇੱਕ ਸਮਾਜ ਦੇ ਸਮਾਜਿਕ ਸੰਸਕ੍ਰਿਤਕ ਤੱਤ


ਸਭ ਤੋਂ ਪਹਿਲਾਂ ਅਧਿਆਪਕ ਨੂੰ ਸਮਾਜਿਕ ਸੰਸਕ੍ਰਿਤਕ ਪ੍ਰਕਿਰਿਆ ਨੂੰ ਸਮਝਣ ਦੀ ਲੋੜ ਹੈ। ਜਨ ਜਾਤੀ ਖੇਤਰ ਵਿੱਚ ਸੰਸਕ੍ਰਿਤਕ ਰੂਪ ਵਿੱਚ ਉਪਲੱਬਧ ਸਰੋਤਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਬਿਨਾਂ ਕਠਿਨਾਈ ਦਾ ਸਾਹਮਣਾ ਕੀਤੇ ਪ੍ਰਸੰਗਿਕ ਕਰਦਾ ਹੈ। ਇਸ ਲਈ ਅਧਿਆਪਕ ਨੂੰ ਸਮੁਦਾਏ ਦੇ ਜੀਵਨ ਦਾ ਇੱਕ ਹਿੱਸਾ ਬਣਨਾ ਪਏਗਾ।

ਇਸ ਲਈ ਇੱਕ ਉਦਾਹਰਨ ਨੂੰ ਸਮਝੋ। ਜੇਕਰ ਇੱਕ ਅਧਿਆਪਕ ਨੂੰ ਪਾਠ ਪੁਸਤਕ ਵਿੱਚੋਂ 'ਭੋਜਨ ਦੇ ਪ੍ਰਕਾਰ' 'ਤੇ ਚਰਚਾ ਕਰਨੀ ਹੈ ਤਾਂ ਉਸ ਨੂੰ ਜਨ ਜਾਤੀ ਲੋਕਾਂ ਦੇ ਭੋਜਨ ਦੇ ਪ੍ਰਕਾਰ, ਉਨ੍ਹਾਂ ਦੀਆਂ ਭੋਜਨ ਸਬੰਧੀ ਆਦਤਾਂ ਨੂੰ ਸ਼ੁਰੂ ਤੋਂ ਪੜ੍ਹਨਾ ਪਏਗਾ, ਇਸ ਦਾ ਕਾਰਨ ਇਹ ਹੈ ਕਿ ਪੁਸਤਕ ਵਿੱਚ ਵਰਣਨ ਭੋਜਨ ਦਾ ਪ੍ਰਕਾਰ ਵੱਖ ਹੋ ਸਕਦਾ ਹੈ ਜੋ ਕਿ ਜਨ ਜਾਤੀ ਬੱਚੇ ਰੋਜ਼ਾਨਾ ਭੋਜਨ ਲੈਂਦੇ ਹਨ, ਉਸ ਵਿੱਚ ਸਮਾਨਤਾ ਨਾ ਰੱਖਦੇ ਹੋਣ। ਇਸ ਲਈ ਭੋਜਨ ਦੇ ਪ੍ਰਕਾਰ ਨਾਲ ਉਨ੍ਹਾਂ ਦੇ ਅਨੁਭਵਾਂ ਨੂੰ ਜੋੜਨ ਲਈ ਅਧਿਆਪਕ ਨੂੰ ਪਾਠ ਪੁਸਤਕ ਤੋਂ ਅੱਗੇ/ਬਾਹਰ ਜਾਣਾ ਪਏਗਾ। ਦੂਜੇ ਸ਼ਬਦਾਂ ਵਿੱਚ ਉਸ ਨੂੰ ਭੋਜਨ ਦੇ ਪ੍ਰਕਾਰ, ਭੋਜਨ ਅਤੇ ਸਿਹਤ ਆਦਿ ਦੀ ਚਰਚਾ ਕਰਦੇ ਸਮੇਂ ਬੱਚਿਆਂ ਦੇ ਅਨੁਭਵਾਂ ਨੂੰ ਜ਼ਰੂਰ ਉਪਯੋਗ ਵਿੱਚ ਲਿਆਉਣਾ ਚਾਹੀਦਾ ਹੈ ਜੋ ਪਾਠ ਪੁਸਤਕ ਦਾ ਗਿਆਨ ਪ੍ਰਦਾਨ ਕਰਨ ਵਿੱਚ ਇੱਕ ਆਧਾਰ ਦਾ ਨਿਰਮਾਣ ਕਰਦੇ ਹਨ।

**ਗਤੀਵਿਧੀ-5**

ਜਨ ਜਾਤੀ ਲੋਕਾਂ ਦੇ ਆਪਣੇ ਤਿਓਹਾਰ, ਭੋਜਨ ਸਬੰਧੀ ਆਦਤਾਂ, ਰਹਿਣ ਸਹਿਣ, ਗਹਿਣੇ, ਧਾਰਮਿਕ ਵਿਸ਼ਵਾਸ ਅਤੇ ਪ੍ਰਥਾਵਾਂ ਅਤੇ ਸਿਹਤ ਅਤੇ ਸਵੱਛਤਾ ਹੁੰਦੀ ਹੈ। ਇਸ ਵਿੱਚੋਂ ਕਿਸੇ ਚਾਰ ਤੱਤਾਂ ਨੂੰ ਚੁਣੋ ਅਤੇ ਉਦਾਹਰਨ ਦਿਓ ਕਿ ਉਹ ਜਨ ਜਾਤੀ ਬੱਚਿਆਂ ਦੀ ਅਧਿਆਪਨ ਸਿਖਲਾਈ ਕਿਰਿਆ ਵਿੱਚ ਕਿਸ ਪ੍ਰਕਾਰ ਉਪਯੋਗ ਵਿੱਚ ਲਿਆਂਦੇ ਜਾ ਸਕਦੇ ਹਨ।

**ਸਿਖਲਾਈ ਦੀ ਸੁਵਿਧਾ ਲਈ ਲੋਕ ਸਮੱਗਰੀ:** ਲੋਕ ਸਮੱਗਰੀ ਜਿਵੇਂ ਕਹਾਣੀਆਂ ਅਤੇ ਗੀਤ ਬਹੁਤ ਹੀ ਉਪਯੋਗੀ ਸਮਾਜਿਕ ਸੰਸਕ੍ਰਿਤਕ ਤੱਤ ਹਨ ਜੋ ਸਾਰੇ ਬੱਚਿਆਂ ਦੀ ਅਧਿਆਪਨ ਸਿਖਲਾਈ ਦੀ ਸੁਵਿਧਾ ਲਈ ਪ੍ਰਭਾਵੀ ਢੰਗ ਨਾਲ ਪ੍ਰਯੋਗ ਕੀਤੇ ਜਾ ਸਕਦੇ ਹਨ। ਵਿਸ਼ੇਸ਼ ਕਰਕੇ ਜਨ ਜਾਤੀ ਸਮੁਦਾਏ ਦੇ ਬੱਚਿਆਂ ਲਈ ਜਿੱਥੇ ਉਹ ਸਮੱਗਰੀ ਢੁਕਵੀਂ ਮਾਤਰਾ ਵਿੱਚ ਉਪਲੱਬਧ ਹੁੰਦੀ ਹੈ ਅਤੇ ਬੱਚੇ ਉਸ ਨੂੰ ਬਹੁਤ ਪਸੰਦ ਕਰਦੇ ਹਨ। ਲੋਕ ਸਮੱਗਰੀ ਵਿਭਿੰਨ ਪ੍ਰਕਾਰ ਦੀ ਹੁੰਦੀ ਹੈ ਜਿਵੇਂ ਚਿੱਤਰ 10.3 ਵਿੱਚ ਹੇਠ ਦਿਖਾਇਆ ਗਿਆ ਹੈ। ਕਲਾਸ ਸਿਖਆਈ ਦੀ ਸੁਵਿਧਾ ਵਿੱਚ ਵਿਭਿੰਨ ਸੰਦਰਭਾਂ ਵਿੱਚ ਇਨ੍ਹਾਂ ਦੇ ਬਹੁਤ ਉਪਯੋਗ ਹਨ।




ਚਿੱਤਰ 10.3 ਵਿਭਿੰਨ ਪ੍ਰਕਾਰ ਦੀ ਲੋਕ ਸਮੱਗਰੀ

## 10.4 ਬਹੁਭਾਸ਼ੀ ਕਲਾਸ ਦੀ ਯੋਜਨਾ ਅਤੇ ਪ੍ਰਬੰਧ

ਜਨ ਜਾਤੀ ਬਹੁਤੇ ਖੇਤਰਾਂ ਵਿੱਚ ਸਕੂਲਾਂ ਵਿੱਚ ਹਰੇਕ ਕਲਾਸ ਇੱਕ ਬਹੁਭਾਸ਼ੀ ਕਲਾਸ ਹੁੰਦੀ ਹੈ। ਇੱਕ ਕਲਾਸ ਵਿੱਚ ਜਾਂ ਵਿਭਿੰਨ ਜਨ ਜਾਤੀ ਸਮੂਹਾਂ ਦੇ ਬੱਚੇ ਆਪਣੀ ਮਾਂ ਬੋਲੀ ਦੇ ਨਾਲ ਨਾਲ ਰਾਜ ਦੀ ਰਾਜ ਭਾਸ਼ਾ ਵਿੱਚ ਪੜ੍ਹਦੇ ਹਨ ਅਤੇ ਜਾਂ ਇੱਕ ਕਲਾਸ ਵਿੱਚ ਇੱਕ ਜਨ ਜਾਤੀ ਸਮੂਹ ਦੇ ਸਾਰੇ ਬੱਚੇ ਇੱਕ ਹੀ ਮਾਂ ਬੋਲੀ ਦੇ ਨਾਲ ਰਾਜ ਦੀ ਭਾਸ਼ਾ ਵਿੱਚ ਪੜ੍ਹਦੇ ਹਨ। ਹਾਲਾਂਕਿ ਕਲਾਸ ਦੀ ਸਥਿਤੀ ਬਹੁ ਭਾਸ਼ੀ ਜਾਂ ਦੋਭਾਸ਼ੀ ਹੈ, ਪਰ ਬੱਚਿਆਂ ਦੀ ਮਾਂ ਬੋਲੀ ਦੀ ਅਣਦੇਖੀ ਕਰਦੇ ਹੋਏ ਕਲਾਸ ਵਿੱਚ ਅਧਿਆਪਕ ਸਿਖਲਾਈ ਪ੍ਰਕਿਰਿਆ ਪ੍ਰਮਾਣਿਤ ਰਾਜ ਭਾਸ਼ਾ ਵਿੱਚ ਹੀ ਸੰਚਾਲਿਤ ਕੀਤੀ ਜਾਂਦੀ ਹੈ। ਸਿਖਲਾਈ ਨੂੰ ਜ਼ਿਆਦਾ ਸਾਰਥਿਕ ਬਣਾਉਣ ਲਈ ਸਕੂਲ ਸਿੱਖਿਆ ਦੇ ਐਲੀਮੈਂਟਰੀ ਪੱਧਰ ’ਤੇ ਮਾਂ ਬੋਲੀ ਦਾ ਪ੍ਰਯੋਗ ਅਤੇ ਹੌਲੀ ਹੌਲੀ ਹੋਰ ਭਾਸ਼ਾਵਾਂ ਨੂੰ ਸਿੱਖਣ ਲਈ ਉੜੀਸਾ ਅਤੇ ਆਂਧਰ ਪ੍ਰਦੇਸ਼ ਦੇ ਕੁਝ ਚੋਣਵੇਂ ਸਕੂਲਾਂ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਬਹੁਭਾਸ਼ੀ ਸਿੱਖਿਆ ਸਰਵ ਸਿੱਖਿਆ ਅਭਿਆਨ ਤਹਿਤ ਸ਼ੁਰੂ ਕੀਤਾ ਗਿਆ ਹੈ।

ਬਹੁਭਾਸ਼ੀ ਸਿੱਖਿਆ ਇੱਕ ਭਾਸ਼ਾ ਸਿੱਖਣ ਅਤੇ ਗਿਆਨਾਤਮਕ ਵਿਕਾਸ ਦਾ ਪ੍ਰੋਗਰਾਮ ਹੈ ਜੋ ਪ੍ਰਦਾਨ ਕਰਦਾ ਹੈ:


- ਪਹਿਲੀ ਭਾਸ਼ਾ ਵਿੱਚ ਮਜ਼ਬੂਤ ਬੁਨਿਆਦ

- ਇੱਕ ਜਾਂ ਜ਼ਿਆਦਾ ਵਾਧੂ ਭਾਸ਼ਾਵਾਂ ਨੂੰ ਸਫਲਤਾਪੂਰਬਕ ਜੋੜਨਾ

- ਵਿਭਿੰਨ ਵਿਸ਼ਿਆਂ ਦੀ ਪ੍ਰਭਾਵੀ ਸਿਖਲਾਈ ਲਈ ਦੋਨੋਂ ਭਾਸ਼ਾਵਾਂ/ਸਾਰੀਆਂ ਭਾਸ਼ਾਵਾਂ ਦੇ ਉਪਯੋਗ ਵਿੱਚ ਯੋਗਤਾ।

ਭਾਸ਼ਾ ਸੰਸਕ੍ਰਿਤੀ ਅਤੇ ਪਰੰਪਰਾਵਾਂ ਦੀ ਸਵਾਰੀ ਹੈ, ਇਸ ਲਈ ਕੋਈ ਵੀ ਸੰਵੇਦਨਸ਼ੀਲ ਭਾਸ਼ਾ ਪਾਠਕ੍ਰਮ ਸੰਸਕ੍ਰਿਤਕ ਸੰਦਰਭ ਨੂੰ ਨਹੀਂ ਛੱਡਦਾ। ਇਹ ਭਾਸ਼ਾ ਸਿੱਖਣ ਜਾਂ ਹੋਰ ਵਿਸ਼ਿਆਂ ਨੂੰ ਮਾਂ ਬੋਲੀ ਦੇ ਮਾਧਿਅਮ ਨਾਲ ਸਿੱਖਣ ਦੀ ਪ੍ਰਕਿਰਿਆ ਵਿੱਚ ਸਪੱਸ਼ਟ ਦੇਖਿਆ ਜਾ ਸਕਦਾ ਹੈ। ਬਹੁ ਭਾਸ਼ੀ ਸਿੱਖਿਆ ਪ੍ਰੋਗਰਾਮ ਵਿੱਚ ਪਾਠਕ੍ਰਮ ਸਥਾਨਕ ਸਮੁਦਾਏ ਦੇ ਸੰਸਕ੍ਰਿਤਕ ਸੰਦਰਭ ’ਤੇ ਆਧਾਰਿਤ ਹੁੰਦਾ ਹੈ। ਸਥਾਨਕ ਗਿਆਨ ਅਤੇ ਰੀਤੀ ਰਿਵਾਜਾਂ ਦੇ ਉਪਯੋਗ ਰਾਹੀਂ ਇੱਕ ਬੱਚਾ ਸਿਖਲਾਈ ਦੇ ਸਾਰੇ ਖੇਤਰਾਂ ਦੀਆਂ ਧਾਰਨਾਵਾਂ ਨੂੰ ਵਿਕਸਤ ਕਰ ਲੈਂਦਾ ਹੈ। ਇਸ ਲਈ ਬਹੁਭਾਸ਼ੀ ਪ੍ਰੋਗਰਾਮ ਦਾ ਉਦੇਸ਼: ਢੁਕਵੇਂ ਗਿਆਨਾਤਮਕ ਅਤੇ ਸਮਝ ਸਬੰਧੀ ਕੁਸ਼ਲਾਂ ਦਾ ਵਿਕਾਸ ਕਰਨਾ ਤਾਂ ਕਿ ਉਹ ਮਾਂ ਬੋਲੀ, ਰਾਜ ਭਾਸ਼ਾ ਅਤੇ ਰਾਸ਼ਟਰੀ ਭਾਸ਼ਾ ਤਿੰਨਾਂ ਵਿੱਚ ਬਰਾਬਰ ਰੂਪ ਨਾਲ ਕਾਰਜ ਕਰ ਸਕਣ। ਇਸ ਦੀ ਸ਼ੁਰੂਆਤ ਮਾਂ ਬੋਲੀ ਤੋਂ ਹੋਣੀ ਚਾਹੀਦੀ ਹੈ, ਉਸ ਤੋਂ ਬਾਅਦ ਦੂਜੀ ਭਾਸ਼ਾ ਅਤੇ ਫਿਰ ਹੋਰ ਭਾਸ਼ਾਵਾਂ ਨੂੰ ਸਿਖਾਉਣ ਦਾ ਕਾਰਜ ਕ੍ਰਮ ਅਨੁਸਾਰ ਹੋਣਾ ਚਾਹੀਦਾ ਹੈ।

ਇੱਕ ਬਹੁ ਭਾਸ਼ੀ ਕਲਾਸ ਦੀ ਸਥਿਤੀ ਦਰਸਾਉਂਦੀ ਹੈ ਕਿ ਵਿਭਿੰਨ ਮਾਂ ਬੋਲੀ ਵਾਲੇ ਬੱਚੇ ਇੱਕ ਕਲਾਸ ਵਿੱਚ ਨਾਲ ਨਾਲ ਸਿੱਖਦੇ ਹਨ। ਹਾਲਾਂਕਿ ਉਹ ਇੱਕ ਹੀ ਸਥਾਨਕ ਵਾਤਾਵਰਣ ਵਿੱਚ ਰਹਿੰਦੇ ਹਨ, ਪਰ ਉਨ੍ਹਾਂ ਦੀ ਜੀਵਨ ਸ਼ੈਲੀ, ਭੋਜਨ ਦੀਆਂ ਆਦਤਾਂ, ਧਾਰਮਿਕ ਵਿਸ਼ਵਾਸ, ਰਹਿਣ ਸਣਿ ਅਤੇ ਗਹਿਣੇ ਭਿੰਨ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਉਨ੍ਹਾਂ ਦਾ ਸਮਾਜਿਕ ਸੰਸਕ੍ਰਿਤਕ ਪਿਛੋਕਣ ਅਲੱਗ ਅਲੱਗ ਹੈ। ਇਹ ਇੱਕ ਅਦਭੁੱਤ ਕਲਾਸ ਦੀ ਸਥਿਤੀ ਹੈ ਜਿੱਥੇ ਇੱਕ ਅਧਿਆਪਕ ਨੂੰ ਅਜਿਹੇ ਬੱਚਿਆਂ ਦੀ ਸਿਖਲਾਈ ਲਈ ਨਵੀਨ ਭੂਮਿਕਾ ਅਦਾ ਕਰਨੀ ਪੈਂਦੀ ਹੈ।



ਅਧਿਆਪਕ ਨੇ ਪੁੱਛਿਆ–ਇਸ ਚਿੱਤਰ ਵਿੱਚ ਤੁਸੀਂ ਕੀ ਦੇਖ ਰਹੇ ਹੋ ? ਇੱਕ ਬਹੁ ਭਾਸ਼ੀ ਕਲਾਸ ਸਥਿਤੀ ਵਿੱਚ ਚਿੱਤਰ ਤੋਂ ਵਿਦਿਆਰਥੀਆਂ ਨੇ ਉੱਤਰ ਲੱਭੇ। ਕੀ ਤੁਸੀਂ ਅਜਿਹੀ ਸਥਿਤੀ ਦਾ ਅਨੁਭਵ ਕੀਤਾ ਹੈ ? ਬਹੁ ਭਾਸ਼ੀ ਕਲਾਸ ਦਾ ਪ੍ਰਬੰਧ ਇੱਕ ਇੱਕ ਅਧਿਆਪਕ ਲਈ ਵਾਸਤਵਿਕ ਚੁਣੌਤੀ ਹੈ ਕਿਉਂਕਿ ਇਸ ਪ੍ਰਕਾਰ ਨਾਲ ਕਲਾਸ ਪ੍ਰਬੰਧ ਵਿੱਚ;

• ਅਧਿਆਪਕ ਬੱਚੇ ਦੀ ਭਾਸ਼ਾ ਵਿੱਚ ਬੋਲਣ ਵਾਲਾ ਵਿਸ਼ੇਸ਼ ਕਰਕੇ ਬੱਚੇ ਦੇ ਸਮੁਦਾਏ ਦਾ ਹੀ ਮੈਂਬਰ ਹੁੰਦਾ ਹੈ।

• ਅਧਿਆਪਕ ਅਤੇ ਵਿਦਿਆਰਥੀਆਂ ਵਿੱਚ ਗਹਿਰੇ ਭਾਵਨਾਤਮਕ ਸਬੰਧ ਹੁੰਦੇ ਹਨ।

• ਬੱਚੇ ਦੀਆਂ ਸੰਸਕ੍ਰਿਤਕ ਕਦਰਾਂ ਕੀਮਤਾਂ ’ਤੇ ਜ਼ੋਰ ਦਿੱਤਾ ਜਾਂਦਾ ਹੈ।

• ਬੱਚੇ ਦੇ ਸੰਪਰਕ ਵਿੱਚ ਆਉਣ ਵਾਲੀਆਂ ਹੋਰ ਸੰਸਕ੍ਰਿਤੀਆਂ ਅਤੇ ਹੋਰ ਭਾਸ਼ਾਵਾਂ ਦੇ ਵਿਚਕਾਰ ਸੁਰੱਖਿਅਤ ਅਤੇ ਵਿਕਸਤ ਪੁਲ ਪ੍ਰਦਾਨ ਕਰਦਾ ਹੈ।

• ਸਿਖਲਾਈ ਜਾਣੂ ਤੋਂ ਸ਼ੁਰੂ ਹੁੰਦੀ ਹੈ ਅਤੇ ਅਣਜਾਣ ਦੀ ਤਰਫ਼ ਵਧਦੀ ਹੈ।

• ਕਦਰਾਂ ਕੀਮਤਾਂ ਅਧਿਆਪਨ ਧਾਰਨਾਵਾ ਦੀ ਸਿੱਖਿਆ ਵਿੱਚ ਸੰਸਕ੍ਰਿਤਕ ਧਾਰਨਾਵਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

• ਬੱਚੇ ਦੇ ਕੋਲ ਜੋ ਸ਼ਬਦ ਭੰਡਾਰ ਹੈ, ਉਸ ਨੂੰ ਬਣਾਏ ਰੱਖਿਆ ਜਾਂਦਾ ਹੈ ਅਤੇ ਬੱਚਾ ਜੋ ਕੁਝ ਸਿੱਖ ਲੈਂਦਾ ਹੈ, ਉਸ ਨਾਲ ਦੂਜੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੁੰਦਾ ਹੈ।

• ਪਾਠਕ੍ਰਮ, ਸਿਖਲਾਈ ਸਮੱਗਰੀ ਅਤੇ ਸਿਖਲਾਈ ਅਧਿਆਪਨ ਪ੍ਰਕਿਰਿਆ ਦੇ ਵਿਕਾਸ ਵਿੱਚ ਸਥਾਨਕ ਸਮੁਦਾਏ ਦੀ ਸਹਿਭਾਗਤਾ ਦੀ ਲੋੜ ਹੁੰਦੀ ਹੈ।

• ਬੱਚੇ ਦੇ ਸੰਸਕ੍ਰਿਤਕ ਗਿਆਨ ਅਤੇ ਅਧਿਆਪਨ ਸਿਖਲਾਈ ਨੂੰ ਜੋੜਨ ਲਈ ਸਿਧਾਂਤਕ ਪਹੁੰਚ ਦਾ ਉਪਯੋਗ ਕੀਤਾ ਜਾਂਦਾ ਹੈ।

**ਈ: 8 ਇੱਕ ਆਦਰਸ਼ ਬਹੁਭਾਸ਼ੀ ਕਲਾਸ ਦੀਆਂ ਵਿਸ਼ੇਸ਼ਤਾਵਾਂ ਦੱਸੋ।**

**ਈ : 9 ਐੱਮਐੱਲਈ (ਬਹੁਭਾਸ਼ੀ) ਕਲਾਸਾਂ ਦੇ ਪ੍ਰਭਾਵੀ ਪ੍ਰਬੰਧ ਲਈ ਇੱਕ ਅਧਿਆਪਕ ਦੇ ਕੋਲ ਕਿਹੜੀਆਂ ਦੋ ਮਹੱਤਵਪੂਰਨ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ ?**

ਇਕਾਈ 9 ਵਿੱਚ ਤੁਸੀਂ ਸਿੱਖਿਆ ਕਿ ਵਿਸ਼ਿਆਂ ਨੂੰ ਕਿਸ ਪ੍ਰਕਾਰ ਸੰਯੋਜਿਤ ਕੀਤਾ ਜਾਂਦਾ ਹੈ। ਇੱਕ ਬਹੁ ਭਾਸ਼ੀ ਕਲਾਸ ਵਿੱਚ ਬੱਚੇ ਸਮੁਦਾਏ ਦੇ ਵਿਭਿੰਨ ਪ੍ਰਕਾਰ ਦਾ ਸਮਾਜਿਕ ਸੰਸਕ੍ਰਿਤਕ ਗਿਆਨ ਇੱਕ ਵਿਸ਼ੇ ਦੇ ਨਾਲ ਵਿਭਿੰਨ ਵਿਸ਼ਿਆਂ ਦੀਆਂ ਧਾਰਨਾਵਾਂ ਨੂੰ ਜੋੜ ਕੇ ਸੰਯੋਜਿਤ ਕੀਤਾ ਜਾਂਦਾ ਹੈ। ਸੰਯੋਜਿਤ ਧਾਰਨਾਵਾਂ ਅਤੇ ਸਮਾਜਿਕ ਸੰਸਕ੍ਰਿਤਕ ਗਿਆਨ ਦਾ ਅਜਿਹਾ ਮਿਲਾਨ ‘ਥੀਮ ਵੈੱਬ’ ਕਹਾਉਂਦਾ ਹੈ।

ਉਦਾਹਰਨ ਲਈ ਇੱਕ ਥੀਮ ‘ਪਾਣੀ’ ਲੈਂਦੇ ਹਾਂ।


| ਵਿਸ਼ਾ | ਧਾਰਨਾਵਾਂ | ਸਮੁਦਾਏ ਦਾ ਸਮਾਜਿਕ ਸੰਸਕ੍ਰਿਤਕ ਗਿਆਨ (ਘਰ ਦੀ ਭਾਸ਼ਾ ਵਿੱਚ) |
|---|---|---|
| ਭੂਗੋਲ | ਪਾਣੀ ਦੇ ਕੁਦਰਤੀ ਸਰੋਤ | ਜਲ ਸਰੋਤ, ਧਾਰਾ, ਨਦੀ, ਵਰਖਾ, ਤਲਾਬ |
| ਵਿਗਿਆਨ | ਪਾਣੀ ਦਾ ਸ਼ੁੱਧੀਕਰਨ | ਬਰਤਨਾਂ ਵਿੱਚ ਨਿਥਾਰਨਾ, ਮਹੀਨ ਕੱਪੜੇ ਵਿੱਚ ਛਾਣਨਾ, 5 ਬੀਜਾਂ ਦੇ ਚੂਰੇ ਦਾ ਉਪਯੋਗ |
| ਗਣਿਤ | ਪਾਣੀ ਦੇ ਭਾਰ ਨੂੰ ਮਾਪਣਾ | ਗੈਰ ਮਾਨਕ ਮਾਪ, ਗਿਣਤੀ |
| ਭਾਸ਼ਾ | ਰਚਨਾ, ਕਵਿਤਾ ਪਾਠ | ਰਚਨਾ, ਕਵਿਤਾ ਪਾਠ |

ਜਦੋਂ ਇਸ ਰੇਖਾ ਚਿੱਤਰ ਰਾਹੀਂ ਦਰਸਾਇਆ ਜਾਂਦਾ ਹੈ ਤਾਂ ਇਹ ਇੱਕ ਜਾਲ ਦੀ ਤਰ੍ਹਾਂ ਦਿਖਾਈ ਦਿੰਦਾ ਹੈ। ਇਸੀ ਕਾਰਨ ਇਹ ਵਿਵਸਥਾ 'ਥੀਮ ਵੈੱਬ' ਕਹਾਉਂਦੀ ਹੈ।

**ਬਹੁਭਾਸ਼ੀ ਗਲਾਸ ਦੇ ਪ੍ਰਬੰਧ ਲਈ ਸਮੱਗਰੀ**

ਬਹੁਭਾਸ਼ੀ ਕਲਾਸ ਦੇ ਪ੍ਰਬੰਧ ਲਈ ਇੱਕ ਅਧਿਆਪਕ ਨੂੰ ਥੀਮ ਵੈੱਬ ਅਤੇ ਕੁਝ ਪ੍ਰਸੰਗਿਕ ਅਧਿਆਪਨ ਸਮੱਗਰੀ ਤਿਆਰ ਕਰਨ ਦੀ ਲੋੜ ਹੈ। ਜਿਵੇਂ ਮਾਂ ਬੋਲੀ ਵਿੱਚ ਚਿੱਤਰ ਕਹਾਣੀ ਦੀ ਪੁਸਤਕ। ਸਵਰ ਅਤੇ ਵਿਅੰਜਨਾਂ ਦਾ ਮਾਂ ਬੋਲੀ ਵਿੱਚ ਚਾਰਟ, ਸ਼ਬਦ, ਜਾਲ, ਬਹੁਭਾਸ਼ੀ ਸ਼ਬਦਕੋਸ਼, ਕੁੱਲ ਸਰੀਰਿਕ ਪ੍ਰਤੀਕਿਰਿਆ ਦੋ ਭਾਸ਼ਾ ਵਿੱਚ ਆਦਿ।

**ਚਿੱਤਰ ਕਹਾਣੀ ਪੁਸਤਕ**: ਚਿੱਤਰ ਕਹਾਣੀ ਪੁਸਤਕ ਇੱਕ ਪੜ੍ਹਨ ਦੀ ਸਮੱਗਰੀ ਹੈ ਜਿਸ ਵਿੱਚ ਖੱਬੇ ਹੱਥ ਵਾਲੇ ਪੰਨੇ 'ਤੇ ਵਿਸ਼ਾ ਵਸਤੂ। ਵਿਸ਼ਾ ਵਸਤੂ-ਵਸਤੂ-ਚਿੱਤਰਾਂ ਨੂੰ ਮਾਂ ਬੋਲੀ ਵਿੱਚ ਵਰਣਨ ਕਰਦੀ ਹੈ। ਵਾਕ ਸਰਲ ਅਤੇ ਛੋਟੇ ਹੁੰਦੇ ਹਨ। ਇਹ ਇੱਕ ਪ੍ਰਕਾਰ ਨਾਲ ਚਿੱਤਰਾਂ ਨੂੰ ਪੜ੍ਹਨਾ ਹੈ, ਅਨੁਮਾਨ ਲਗਾ ਕੇ ਪੜ੍ਹਨ ਨੂੰ ਪ੍ਰੋਤਸਾਹਨ ਦਿੰਦਾ ਹੈ। ਚਿੱਤਰ ਕਹਾਣੀ ਪੁਸਤਕ ਦਾ ਇੱਕ ਉਦਾਹਰਨ ਸੰਥਾਲੀ ਭਾਸ਼ਾ ਵਿੱਚ ਨਿਮਨਲਿਖਤ ਦਿੱਤਾ ਗਿਆ ਹੈ:




ਮੇਰਮ ਜਮੀਨੀਮੇਜੇ (ਬੱਕਰੀ ਨੇ ਬਾਘ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਲੈ ਜਾਏ ਅਤੇ ਉਸਦੇ ਬੱਚੇ ਨੂੰ ਛੱਡ ਦੇਵੇ)

ਚਿੱਤਰ ਕਥਾ ਪੁਸਤਕਾਂ ਸਮੁਦਾਏ ਦੀਆਂ ਲੋਕ ਕਥਾਵਾਂ ਨੂੰ ਲੈ ਕੇ ਬਣਾਈਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਬੱਚਿਆਂ ਦੀ ਮਾਂ ਬੋਲੀ ਵਿੱਚ ਤਿਆਰ ਕਰਨਾ ਚਾਹੀਦਾ ਹੈ ਤਾਂ ਕਿ ਬੱਚਿਆਂ ਵਿੱਚ ਪੜ੍ਹਨ ਦੇ ਕੁਸ਼ਲ ਦਾ ਵਿਕਾਸ ਹੋਵੇ ਅਤੇ ਸਮਝਣ ਦੀ ਸ਼ਕਤੀ ਦਾ ਵਿਕਾਸ ਹੋਵੇ। ਜੇਕਰ ਅਧਿਆਪਕ ਦੇ ਕੋਲ 20/30 ਚਿੱਤਰ ਕਥਾਵਾਂ ਇੱਕ ਕਲਾਸ ਲਈ ਉਪਲੱਬਧ ਹੋਣ ਤਾਂ ਬੱਚਿਆਂ ਨੂੰ ਆਪਣੇ ਭਾਸ਼ਾ ਹੁਨਰ ਵਿਸ਼ੇਸ਼ ਕਰਕੇ ਪੜ੍ਹਨ ਦੇ ਹੁਨਰ ਨੂੰ ਮਜ਼ਬੂਤ ਕਰਨ ਦਾ ਅਵਸਰ ਮਿਲੇਗਾ।


ਸ਼ਬਦ ਜਾਲ: ਇਹ ਮਾਂ ਬੋਲੀ ਤੋਂ ਦੂਜੀ ਭਾਸ਼ਾ ਦੀ ਤਰਫ਼ ਵਧਣ ਦੀ ਇੱਕ ਵਿਧੀ ਹੈ। ਬੱਚੇ ਆਪਣੀ ਮਾਂ ਬੋਲੀ ਨੂੰ ਬਿਹਤਰ ਜਾਣਦੇ ਹਨ, ਸ਼ਬਦ ਜਾਲ ਉਨ੍ਹਾਂ ਨੂੰ ਮਾਂ ਬੋਲੀ ਤੋਂ ਦੂਜੀ ਭਾਸ਼ਾ ਦੀ ਤਰਫ਼ ਵਧਣ ਵਿੱਚ ਸਹਾਇਕ ਹੈ। ਚਿੱਤਰ 10.4 ਵਿੱਚ ਦੇਖੋ। ਵਿਚਕਾਰ ਗੋਲ ਆਕ੍ਰਿਤੀ ਸਿਰਲੇਖ/ ਪਾਠ ਨੂੰ ਪ੍ਰਦਰਸ਼ਿਤ ਕਰਦਾ ਹੈ। ਪਹਿਲਾ ਡੱਬਾ ਚਿੱਤਰ ਨੂੰ ਦਰਸਾਉਂਦਾ ਹੈ ਅਤੇ ਅੰਤਿਮ ਡੱਬਾ ਦੂਜੀ ਭਾਸ਼ਾ ਵਿੱਚ ਉਸ ਦਾ ਅਰਥ ਪ੍ਰਦਰਸ਼ਿਤ ਕਰਦਾ ਹੈ।

ਜੇਕਰ ਅਧਿਆਪਕ ਦੇ ਕੋਲ ਪਾਠ ਪੁਸਤਕ ਦੇ ਹਰੇ ਪਾਠ (ਕਲਾਸ ਪਹਿਲੀ ਤੋਂ ਦੂਜੀ) ਲਈ ਸ਼ਬਦ ਜਾਲ ਹੋਵੇ ਤਾਂ ਨਿਰਸੰਦੇਹ ਭਾਸ਼ਾ ਦਾ ਸਥਾਨਅੰਤਰਣ ਸਰਲ ਹੋ ਜਾਏਗਾ।



ਚਿੱਤਰ 10.4: ਸ਼ਬਦ ਜਾਲ ਦਾ ਉਦਾਹਰਨ

**ਬਹੁਭਾਸ਼ੀ ਸ਼ਬਦ ਕੋਸ਼:** ਇੱਕ ਅਧਿਆਪਕ ਆਪਣੀ ਕਲਾਸ ਦੇ ਹਰੇਕ ਬੱਚੇ ਨੂੰ ਮਾਂ ਬੋਲੀ ਤੋਂ ਸ਼ਬਦਾਂ ਨੂੰ ਲੈ ਕੇ ਬਹੁਭਾਸ਼ੀ ਸ਼ਬਦ ਕੋਸ਼ ਬਣਾ ਸਕਦਾ ਹੈ। ਉਹ ਸਥਾਨਕ ਭਾਸ਼ਾ ਅਧਿਆਪਕ ਅਤੇ ਬੱਚਿਆਂ ਦੀ ਸਹਾਇਤਾ ਸ਼ਬਦਾਂ ਨੂੰ ਬਣਾਉਣ ਵਿੱਚ ਲੈ ਸਕਦਾ ਹੈ। ਜਿਵੇਂ ਚਿੱਤਰ 10.5 ਵਿੱਚ ਦਿਖਾਇਆ ਗਿਆ ਹੈ। ਬਹੁਭਾਸ਼ੀ ਸ਼ਬਦ ਕੋਸ਼ ਇਸ ਪ੍ਰਕਾਰ ਭਾਸ਼ਾ ਦੀ ਸਰਲ ਤਬਦੀਲੀ ਦਾ ਸਾਧਨ ਹੈ। ਉਹ ਬੱਚਿਆਂ ਦੇ ਸ਼ਬਦ ਕੋਸ਼ ਵਿੱਚ ਹੀ ਵਾਧਾ ਨਹੀਂ ਕਰਦਾ, ਬਲਕਿ ਉਨ੍ਹਾਂ ਨੂੰ ਸਮਝਣ ਦੀ ਸ਼ਕਤੀ ਨੂੰ ਵੀ ਵਧਾਉਂਦਾ ਹੈ।





ਚਿੱਤਰ 10.5 ਬਹੁਭਾਸ਼ੀ ਸ਼ਬਦ ਕੋਸ਼

**ਸ਼ਬਦ ਪਛਾਣ ਕਾਰਡ:** ਚਿੱਤਰ 10.6 ਵਿੱਚ ਦਿੱਤੇ ਗਏ ਦੋ ਚਾਰਟਾਂ ਦੀ ਤੁਲਨਾ ਕਰੋ। ਸੰਤਾਲੀ ਬੱਚਿਆਂ ਲਈ ਕਿਹੜਾ ਚਾਰਟ ਲਾਭਦਾਇਕ ਹੋਏਗਾ ?

ਨਿਸ਼ਚਤ ਰੂਪ ਨਾਲ ਚਾਰਟ ਨੰਬਰ 2 ਕਿਉਂਕਿ ਇਹ ਸੰਤਾਲੀ ਬੱਚਿਆਂ ਨਾਲ ਸੰਦਰਭਿਤ ਹੈ।

ਇਸ ਪ੍ਰਕਾਰ ਦੀ ਸਮੱਗਰੀ ਅਧਿਆਪਕ ਨੂੰ ਸ਼ਬਦਾਂ ਦੇ ਅੱਖਰ ਸਾਰਥਿਕ ਰੂਪ ਨਾਲ ਪੜ੍ਹਾਉਣ ਵਿੱਚ ਸਹਾਇਕ ਹੁੰਦੀ ਹੈ।



ਚਿੱਤਰ 10.6 : ਸ਼ਬਦ ਪਛਾਣ ਕਾਰਡ

**ਕੁੱਲ ਸਰੀਰਿਕ ਪ੍ਰਤੀਕਿਰਿਆ**

ਆਮ ਤੌਰ ’ਤੇ ਬੱਚੇ ਇੱਕ ਵਿਸ਼ੇਸ਼ ਭਾਸ਼ਾ ਨੂੰ ਠੀਕ ਨਾਲ ਨਹੀਂ ਜਾਣਦੇ, ਪਰ ਉਹ ਕੁਝ ਆਦੇਸ਼ਾਂ ਦੀ ਪ੍ਰਤੀਕਿਰਿਆ ਦੇ ਸਕਦੇ ਹਨ ਜੋ ਉਨ੍ਹਾਂ ਨੂੰ ਕੁਝ ਆਮ ਸਰੀਰਿਕ ਹਰਕਤਾਂ ਦਾ ਨਿਰਦੇਸ਼ ਦਿੰਦੇ ਹਨ। ਇਹ ਆਮ ਤੌਰ ’ਤੇ ਨਿਮਨ ਰੂਪ ਵਿੱਚ ਹੁੰਦੇ ਹਨ:

ਖੜ੍ਹੇ ਹੋ ਜਾਓ, ਬੈਠ ਜਾਓ, ਆਪਣਾ ਮੱਥਾ ਛੂਹੋ, ਘੁੰਮ ਜਾਓ, ਆਪਣਾ ਪੈੱਨ ਫੜੋ, ਆਪਣੀ ਨੱਕ ਛੂਹੋ ਆਦਿ। ਇਹ ਸੰਪੂਰਨ ਸਰੀਰਿਕ ਪ੍ਰਤੀਕਿਰਿਆ ਕਹਾਉਂਦੇ ਹਨ। ਇਹ ਇੱਕ ਪ੍ਰਕਾਰ ਦੀ ‘ਸੁਣੋ ਅਤੇ ਕਰੋ’ ਗਤੀਵਿਧੀ ਹੈ। ਸ਼ੁਰੂਆਤੀ ਕਲਾਸਾਂ ਵਿੱਚ ਵਿਸ਼ੇਸ਼ ਕਰਕੇ ਪਹਿਲੀ ਕਲਾਸ ਵਿੱਚ ਅਧਿਆਪਕ ਬੱਚਿਆਂ ਵਿੱਚ ਦੂਜੀ ਭਾਸ਼ਾ ਦਾ ਵਿਕਾਸ ਇਨ੍ਹਾਂ ਸੰਪੂਰਨ ਸਰੀਰਿਕ ਪ੍ਰਤੀਕਿਰਿਆਵਾਂ ਨਾਲ ਕਰ ਸਕਦੇ ਹਨ। ਇੱਥੇ ਬੱਚੇ ਅਧਿਆਪਕ ਦੀ ਕਿਰਿਆ ਅਤੇ ਮੌਖਿਕ ਆਦੇਸ਼ ਸੰਯੁਕਤ ਰੂਪ ਨਾਲ ਦੇਖਦੇ ਅਤੇ ਸੁਣਦੇ ਹਨ ਅਤੇ ਉਸ ਨੂੰ ਪ੍ਰਤੀਕਿਰਿਆ ਸਵਰੂਪ ਇਨ੍ਹਾਂ ਕਿਰਿਆਵਾਂ ਨੂੰ ਕਰਦੇ ਹਨ। ਇਨ੍ਹਾਂ ਕਿਰਿਆਵਾਂ ਨੂੰ ਕਰਦੇ ਹੋਏ ਹੌਲੀ ਹੌਲੀ ਦੂਜੀ ਭਾਸ਼ਾ ਵਿੱਚ ਉਨ੍ਹਾਂ ਦਾ ਅਰਥ ਪੈਦਾ ਕਰ ਲੈਂਦੇ ਹਨ। ਅਨੁਭਵ ਦੱਸਦੇ ਹਨ ਕਿ ਜੇਕਰ ਇੱਕ ਮਾਂ ਬੋਲੀ ਰਹਿਤ ਅਧਿਆਪਕ ਲਗਪਗ 200 ਸੰਪੂਰਨ ਸਰੀਰਿਕ ਪ੍ਰਤੀਕਿਰਿਆਵਾਂ ਦਾ ਪ੍ਰਯੋਗ ਕਲਾਸ ਪਹਿਲੀ ਵਿੱਚ ਕਰਦਾ ਹੈ ਤਾਂ ਉਹ ਇੱਕ ਬਹੁਭਾਸ਼ੀ ਕਲਾਸ ਦਾ ਠੀਕ ਪ੍ਰਕਾਰ ਨਾਲ ਪ੍ਰਬੰਧ ਕਰ ਸਕਦਾ ਹੈ।

**ਈ: 10 ਆਪਣੇ ਸਕੂਲ ਦੇ ਐਲੀਮੈਂਟਰੀ ਬੱਚਿਆਂ ਲਈ 10 ਸੰਪੂਰਨ ਸਰੀਰਿਕ ਪ੍ਰਤੀਕਿਰਿਆਵਾਂ ਲਿਖੋ।**

ਬਹਾਭਾਸ਼ੀ ਸਿੱਖਿਆ ਪ੍ਰੋਗਰਾਮ ਸਮੁਦਾਏ ਦੀ ਭਾਸ਼ਾ ਅਤੇ ਸੰਸਕ੍ਰਿਤਕ ਸੰਦਰਭਾਂ ਦਾ ਪ੍ਰਯੋਗ, ਉੱਚ ਗੁਣਵੱਤਾ ਦੀ ਸਾਰਥਿਕਤਾ, ਸਥਾਈ ਅਤੇ ਪ੍ਰਭਾਵੀ ਸਿਖਲਾਈ ਲਈ ਨਵੀਨ ਵਿਚਾਰਾਂ ਦਾ ਵਾਅਦਾ ਕਰਦੀ ਹੈ। ਹਾਲਾਂਕਿ ਇਹ ਜਨ ਜਾਤੀ ਖੇਤਰਾਂ ਲਈ ਬਹੁਤ ਉਪਯੋਗੀ ਹੈ ਪਰ ਇਹ ਆਮ ਰੂਪ ਨਾਲ ਹੋਰ ਸਕੂਲਾਂ ਲਈ ਵੀ ਢੁਕਵੀਂ ਹੈ, ਜਿੱਥੇ ਬੱਚੇ ਨੂੰ ਇੱਕ ਤੋਂ ਜ਼ਿਆਦਾ ਭਾਸ਼ਾ ਸਿੱਖਣ ਅਤੇ ਉਨ੍ਹਾਂ ਵਿੱਚ ਅੰਤਰ ਕਿਰਿਆ ਕਰਨ ਦੀ ਲੋੜ ਹੁੰਦੀ ਹੈ।

## 10.5 ਸਾਰਾਂਸ਼

• ਕੁਝ ਬੱਚੇ ਕਲਾਸ ਵਿੱਚ ਸੁਵਿਧਾਵੰਚਿਤ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੀਆਂ ਸਮਾਜਿਕ ਆਰਥਿਕ ਸੰਸਕ੍ਰਿਤਕ ਸਥਿਤੀਆਂ ਭਿੰਨ ਹੁੰਦੀਆਂ ਹਨ। ਕੁਝ ਹੋਰ ਬੱਚੇ ਵੀ ਸੁਵਿਧਾਵੰਚਿਤ ਹਨ ਕਿਉਂਕਿ ਉਨ੍ਹਾਂ ਦੀਆਂ ਸਰੀਰਿਕ ਅਤੇ ਸਿਖਲਾਈ ਅਸਮਰੱਥਾਵਾਂ ਦੀ ਪੂਰਤੀ ਲਈ ਉਨ੍ਹਾਂ ਦੀਆਂ ਕੁਝ ਵਿਸ਼ੇਸ਼ ਲੋੜਾਂ ਹਨ। ਲੜਕੀਆਂ, ਘੱਟ ਗਿਣਤੀ ਸਮੂਹਾਂ ਦੇ ਬੱਚੇ, ਵਿਸ਼ੇਸ਼ ਲੋੜਾਂ ਵਾਲੇ ਬੱਚੇ, ਕਲਾਸ ਵਿੱਚ ਸੁਵਿਧਾਵੰਚਿਤ ਬੱਚਿਆਂ ਦੇ ਮੁੱਖ ਸਮੂਹ ਹਨ।

• ਇਨ੍ਹਾਂ ਬੱਚਿਆਂ ਦੇ ਸੁਵਿਧਾਵੰਚਿਤ ਹੋਣ ਦਾ ਮੁੱਖ ਕਾਰਨ ਉਨ੍ਹਾਂ ਦੇ ਘਰ ਦੇ ਸਮਾਜਿਕ ਸੰਦਰਭਾਂ ਅਤੇ ਸਕੂਲ ਦੇ ਵਾਤਾਵਰਣ ਵਿੱਚ ਮੇਲ ਨਹੀਂ ਹੁੰਦਾ।

• ਸੁਵਿਧਾਵੰਚਿਤ ਵਿਦਿਆਰਥੀਆਂ ਦੀ ਸਾਰਥਿਕ ਸਿਖਲਾਈ ਦੀ ਸੁਵਿਧਾ ਲਈ ਸਥਾਨਕ ਸਮਾਜਿਕ ਸੰਸਕ੍ਰਿਤਕ ਸੰਦਰਭ ਅਤੇ ਗਿਆਨ ਨੂੰ ਪਾਠ ਪੁਸਤਕ ਦੇ ਗਿਆਨ ਨਾਲ ਸ਼ਾਮਲ ਕਰਨ ਦੀ ਲੋੜ ਹੈ।

• ਲੜਕੀਆਂ ਸਕੂਲ ਵਿੱਚ ਜਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰਦੀਆਂ ਹਨ, ਉਨ੍ਹਾਂ ਨੂੰ ਘੱਟ ਕਰਨ ਲਈ ਕੁਝ ਉਪਾਅ ਕੀਤੇ ਜਾ ਸਕਦੇ ਹਨ। ਜਿਵੇਂ ਸਮੁਦਾਏ, ਅਨੁਕੂਲ ਬੁਨਿਆਦੀ ਢਾਂਚਾ,

ਭੇਦ ਭਾਵ ਪੂਰਨ ਤੱਤਾਂ ਅਤੇ ਪ੍ਰਥਾਵਾਂ ਨੂੰ ਸਕੂਲ ਅਤੇ ਕਲਾਸ ਤੋਂ ਦੂਰ ਕਰਨਾ ਅਤੇ ਸਮੇਂ 'ਤੇ ਇਨਾਮ ਦੇਣਾ ਆਦਿ।

• ਪਾਠ ਸਮੱਗਰੀ ਦਾ ਘਰ ਦੀ ਭਾਸ਼ਾ ਵਿੱਚ ਪ੍ਰਾਵਧਾਨ ਅਤੇ ਭਾਸ਼ਾ ਅਧਿਆਪਕ ਨੂੰ ਜੋੜਨਾ, ਇਹ ਦੋ ਕਾਰਕ ਭਾਸ਼ਾਈ ਘੱਟ ਗਿਣਤੀ ਸਮੂਹ ਦੇ ਬੱਚਿਆਂ ਦੀ ਸਿਖਲਾਈ ਦੀ ਸੁਵਿਧਾ ਲਈ ਮੁੱਖ ਰੂਪ ਵਿੱਚ ਸਹਾਇਕ ਹੁੰਦੇ ਹਨ।

• ਧਾਰਮਿਕ ਸੰਸਥਾਵਾਂ ਰਾਹੀਂ ਪ੍ਰਬੰਧਿਤ ਸਕੂਲਾਂ ਦਾ ਆਧੁਨਿਕੀਕਰਨ, ਕਲਾਸ ਅਤੇ ਸਕੂਲ ਵਿੱਚ ਸਾਰੀਆਂ ਸਮੂਹਿਕ ਗਤੀਵਿਧੀਆਂ ਵਿੱਚ ਸਹਿਭਾਗਤਾ ਲਈ ਪ੍ਰੋਤਸਾਹਨ ਦੇਣਾ, ਇਕੱਲਤਾ ਉਤਪੰਨ ਕਰਨ ਵਾਲੇ ਸਾਰੇ ਕਾਰਕਾਂ ਨੂੰ ਦੂਰ ਕਰਨਾ ਅਤੇ ਸਿਖਲਾਈ ਸਹਾਇਕ ਸਮੱਗਰੀ ਪ੍ਰਦਾਨ ਕਰਨਾ ਆਦਿ ਨਿਸ਼ਚਤ ਰੂਪ ਨਾਲ ਧਾਰਮਿਕ ਘੱਟ ਗਿਣਤੀ ਪਰਿਵਾਰਾਂ ਦੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਘੱਟ ਕਰ ਸਕਦੇ ਹਨ।

• ਵਿਸ਼ੇਸ਼ ਲੋੜਾਂ ਵਾਲੇ ਬੱਚੇ ਜਿਵੇਂ ਸਰੀਰਿਕ ਅਸਮਰੱਥਾ, ਨਜ਼ਰ ਕਮਜ਼ੋਰੀ, ਸੁਣਨ ਦੀ ਕਮਜ਼ੋਰੀ, ਬੌਧਿਕ ਕਾਰਜ ਵਿੱਚ ਹੇਠਲਾ ਪੱਧਰ ਅਤੇ ਅਨੁਕੂਲਨ ਵਿਵਹਾਰ ਦੀ ਘਾਟ ਨੂੰ ਉਨ੍ਹਾਂ ਦੀ ਪਛਾਣ ਅਤੇ ਉਨ੍ਹਾਂ ਦੀ ਸਿਖਲਾਈ ਦੀ ਸੁਵਿਧਾ ਲਈ ਆਮ ਕਲਾਸ ਵਿੱਚ ਵਿਸ਼ੇਸ਼ ਵਿਧੀਆਂ ਦੀ ਲੋੜ ਹੁੰਦੀ ਹੈ।

• ਸਮਾਜਿਕ ਸੰਸਕ੍ਰਿਤਕ ਵਿਸ਼ੇਸ਼ਤਾ ਤੋਂ ਇਲਾਵਾ ਜਨ ਜਾਤੀ ਬੱਚਿਆਂ ਦੇ ਸੁਵਿਧਾ ਵੰਚਿਤ ਹੋਣ ਦਾ ਸਭ ਤੋਂ ਵੱਡਾ ਕਾਰਕ ਉਨ੍ਹਾਂ ਦੇ ਘਰ ਅਤੇ ਸਕੂਲ ਦੀ ਭਾਸ਼ਾ ਵਿੱਚ ਮੇਲ ਨਾ ਹੋਣਾ ਹੈ।

• ਬਹੁਭਾਸ਼ੀ ਸਿੱਖਿਆ ਵਿੱਚ ਜਨ ਜਾਤੀ ਬੱਚਿਆਂ ਦੇ ਸਾਰੇ ਵਿਸ਼ਿਆਂ ਵਿੱਚ ਸਾਰਥਿਕ ਸਿਖਲਾਈ ਲਈ ਬਹੁਤ ਸਾਰੇ ਵਾਅਦੇ ਹਨ। ਸ਼ੁਰੂਆਤ ਵਿੱਚ ਮਾਤਾ ਪਿਤਾ ਅਤੇ ਹੌਲੀ ਹੌਲੀ ਸੰਸਕ੍ਰਿਤਕ ਪ੍ਰਸੰਗਿਕ ਸਮੱਗਰੀ ਅਤੇ ਅਨੁਭਵਾਂ ਦੇ ਉਪਯੋਗ ਨਾਲ ਦੂਜੀਆਂ ਭਾਸ਼ਾਵਾਂ ਰਾਹੀਂ ਸਿਖਲਾਈ ਨੂੰ ਸਹਿਜ ਅਤੇ ਸਾਰਥਿਕ ਬਣਾਇਆ ਜਾਂਦਾ ਹੈ।

### 10.6 ਇਕਾਈ ਅੰਤ ਅਭਿਆਸ

1. ਪ੍ਰਭਾਵੀ ਕਲਾਸ ਸਿਖਲਾਈ ਲਈ ਸਥਾਨਕ ਵਿਸ਼ੇਸ਼ ਸੰਦਰਭਾਂ ਦਾ ਕੀ ਮਹੱਤਵ ਹੈ ?

2. ਇੱਕ ਆਮ ਕਲਾਸ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਕਿਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ? ਉਨ੍ਹਾਂ ਦੀ ਸਿਖਲਾਈ ਦੀ ਸੁਵਿਧਾ ਲਈ ਤੁਸੀਂ ਕਲਾਸ ਵਿੱਚ ਅਜਿਹੇ ਬੱਚਿਆਂ ਦਾ ਧਿਆਨ ਕਿਵੇਂ ਰੱਖੋਗੇ।

3. ਮੰਨ ਲਓ ਕਿ ਤੁਸੀਂ ਇੱਕ ਜਨ ਜਾਤੀ ਪ੍ਰਮੁੱਖ ਸਕੂਲ ਵਿੱਚ ਪੜ੍ਹਾ ਰਹੇ ਹੋ। ਤੁਹਾਨੂੰ ਇਨ੍ਹਾਂ ਬੱਚਿਆਂ ਦੀ ਮਾਂ ਬੋਲੀ ਦਾ ਗਿਆਨ ਨਹੀਂ ਹੈ। ਤੁਸੀਂ ਗਤੀਵਿਧੀ ਕਿਵੇਂ ਸੰਗਠਿਤ ਕਰੋਗੇ ਤਾਂ ਕਿ ਬੱਚੇ ਬਿਹਤਰ ਸਿੱਖਣ ?

4. ਤੁਹਾਨੂੰ ਕਲਾਸ ਤੀਜੀ ਵਿੱਚ 'ਸਿਹਤ' ਬਾਰੇ ਪੜ੍ਹਾਉਣਾ ਹੈ। ਬੱਚਿਆਂ ਦੀ ਸਥਾਨਕ ਭਾਸ਼ਾ ਦੇ ਆਧਾਰ 'ਤੇ ਇਸ ਪਾਠ ਲਈ ਗਤੀਵਿਧੀਆਂ ਨੂੰ ਡਿਜ਼ਾਇਨ ਕਰੋ।

### 10.7 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

ਈ : 1 ਬੱਚਿਆਂ ਦੇ ਅਨੁਭਵਾਂ ਦਾ ਉਪਯੋਗ, ਸਥਾਨਕ ਸੰਦਰਭਿਤ ਉਦਾਹਰਨਾਂ ਦਾ ਉਪਯੋਗ, ਸਿਖਲਾਈ ਨੂੰ ਇੱਕ ਪ੍ਰਕਿਰਿਆ ਦੇ ਰੂਪ ਵਿੱਚ ਜ਼ੋਰ ਦੇਣਾ, ਬੱਚਿਆਂ ਨੂੰ ਪ੍ਰਸ਼ਨ ਪੁੱਛਣ ਦੀ ਆਜ਼ਾਦੀ ਦੇਣੀ ਅਤੇ ਬੱਚਿਆਂ ਦੇ ਚਿੰਤਨ ’ਤੇ ਜ਼ੋਰ ਦੇਣਾ। (ਕੋਈ ਦੋ)

ਈ : 2 ਸਕੂਲ ਦਾ ਦੂਰ ਹੋਣਾ, ਪ੍ਰਤੀਕੂਲ ਸਕੂਲ ਵਾਤਾਵਰਣ, ਭੇਦਭਾਵਪੂਰਨ ਸਕੂਲ/ਕਲਾਸ ਦੀਆਂ ਪ੍ਰਥਾਵਾਂ, ਲਿੰਗ ਭੇਦ (ਕੋਈ ਦੋ)

ਈ: 3 ਸਮੂਹਿਕ ਕਾਰਜਾਂ ਵਿੱਚ ਸਹਿਭਾਗਤਾ ਸੁਨਿਸ਼ਚਤ ਕਰਨੀ।

ਈ: 4 ਸਿਖਲਾਈ ਵਿੱਚ ਸੰਗੀ ਸਾਥੀਆਂ ਦੀ ਸਹਾਇਤਾ, ਆਤਮ ਸਨਮਾਨ ਦਾ ਵਾਧਾ

ਈ : 5 ਅੱਗੇ ਦੀ ਕਤਾਰ ਵਿੱਚ ਬੈਠਣਾ (ਬਲੈਕਬੋਰਡ ’ਤੇ ਸਪੱਸ਼ਟ ਨਜ਼ਰ, ਕਮਜ਼ੋਰ ਨਜ਼ਰ ਅਤੇ ਅਧਿਆਪਕ ਦੀ ਆਵਾਜ਼ ਨੂੰ ਬਿਹਤਰ ਸੁਣਨਾ ਅਤੇ ਸਮੂਹਿਕ ਕਾਰਜ ਵਿੱਚ ਸਹਿਭਾਗਤਾ)

ਈ : 6 ਨਿਮਨਲਿਖਤ ਵਿੱਚੋਂ ਕੋਈ ਚਾਰ

– ਬੱਚੇ ਜਿਸ ਭਾਸ਼ਾ ਵਿੱਚ ਬੋਲਦੇ ਹਨ ਅਤੇ ਠੀਕ ਨਾਲ ਸਮਝਦੇ ਹਨ ਉਸ ਰਾਹੀਂ ਬਿਹਤਰ ਸਿੱਖਦੇ ਹਨ।

– ਪੜ੍ਹਨਾ ਅਤੇ ਲਿਖਣਾ ਸਿੱਖਣਾ ਇੱਕ ਜਾਣੂ ਭਾਸ਼ਾ ਵਿੱਚ ਬਿਹਤਰ ਹੁੰਦਾ ਹੈ।

– ਧਾਰਨਾਵਾਂ ਨੂੰ ਮਾਂ ਬੋਲੀ ਰਾਹੀਂ ਉੱਤਮ ਤਰੀਕੇ ਨਾਲ ਸਿੱਖਿਆ ਜਾਂਦਾ ਹੈ।

– ਮਾਂ ਬੋਲੀ ਵਿੱਚ ਚੰਗੀ ਬੁਨਿਆਦ ਨਾਲ ਦੂਜੀ ਭਾਸ਼ਾ ਨੂੰ ਜ਼ਿਆਦਾ ਸਫਲਤਾਪੂਰਬਕ ਸਿੱਖਿਆ ਜਾ ਸਕਦਾ ਹੈ।

– ਸਵਦੇਸ਼ੀ ਗਿਆਨ, ਸਵਦੇਸ਼ੀ ਭਾਸ਼ਾ ਰਾਹੀਂ ਉੱਤਮ ਰੂਪ ਨਾਲ ਸਿੱਖਿਆ ਜਾਂਦਾ ਹੈ।

– ਮਾਂ ਬੋਲੀ ਵਿੱਚ ਠੋਸ ਬੁਨਿਆਦ ਵਾਲੇ ਬੱਚੇ ਹੋਰ ਭਾਸ਼ਾਵਾਂ ਵਿੱਚ ਜ਼ਿਆਦਾ ਮਜ਼ਬੂਤ ਸਾਖਰਤਾ ਯੋਗਤਾਵਾਂ ਵਿਕਸਤ ਕਰਦੇ ਹਨ।

ਈ : 7 ਨਿਮਨ ਵਿੱਚੋਂ ਕੋਈ ਚਾਰ :

• ਮਾਂ ਬੋਲੀ ਨੂੰ ਅਧਿਆਪਨ ਦੇ ਮਾਧਿਅਮ ਦੇ ਰੂਪ ਵਿੱਚ ਉਪਯੋਗ ਕਰਨਾ

• ਸਮਾਜਿਕ ਸੰਸਕ੍ਰਿਤਕ ਸੰਦਰਭ ਅਤੇ ਲੋਕ ਸਮੱਗਰੀ ਦਾ ਪ੍ਰਯੋਗ

• ਸਥਾਨਕ ਗਿਆਨ ਦੇ ਨਾਲ ਉਪਲੱਬਧ ਪਾਠ ਪੁਸਤਕਾਂ ਦਾ ਅਨੁਕੂਲਨ

• ਸਿਖਲਾਈ ਅਧਿਆਪਨ ਪ੍ਰਕਿਰਿਆ ਵਿੱਚ ਸਥਾਨਕ ਸੰਦਰਭਿਤ ਅਧਿਆਪਨ ਸਿਖਲਾਈ ਸਮੱਗਰੀ ਦਾ ਉਪਯੋਗ।

ਈ : 8 ਬੱਚਿਆਂ ਨੂੰ ਘਰ ਦੀ ਭਾਸ਼ਾ ਦੇ ਨਾਲ ਨਾਲ ਇੱਕ ਤੋਂ ਜ਼ਿਆਦਾ ਭਾਸ਼ਾਵਾਂ ਦਾ ਪ੍ਰਯੋਗ, ਸਥਾਨਕ ਉਪਲੱਬਧ ਲੋਕ ਸਮੱਗਰੀ ਦਾ ਉਪਯੋਗ, ਜ਼ਿਆਦਾ ਸਮੂਹਿਕ ਸਿਖਲਾਈ,

ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਖੁੱਲ੍ਹੀ ਅੰਤਰਕਿਰਿਆ ਸਥਾਨਕ ਸਮੁਦਾਏ ਦੇ ਸਹਿਯੋਗ ਦੀ ਉਪਲੱਬਧਤਾ।

ਈ : 9 ਵਿਦਿਆਰਥੀ ਦੇ ਘਰ ਦੀ ਭਾਸ਼ਾ ਅਤੇ ਹੋਰ ਭਾਸ਼ਾਵਾਂ ਵਿੱਚ ਸਹਿਜ ਗੱਲਬਾਤ, ਵਿਦਿਆਰਥੀਆਂ ਦੇ ਨਾਲ ਭਾਵਨਾਤਮਕ ਸਬੰਧ।

ਈ : 10 ਖੜ੍ਹੇ ਹੋ ਜਾਓ, ਬੈਠੋ, ਇੱਧਰ ਆਓ, ਹੱਥਾਂ ਨਾਲ ਤਾੜੀ ਵਜਾਓ, ਆਪਣਾ ਸਿਰ ਹਿਲਾਓ, ਆਪਣੇ ਹੱਥ ਉਠਾਓ, ਆਪਣੀ ਨੱਕ ਛੂਹੋ, ਮੈਨੂੰ ਆਪਣੇ ਦੰਦ ਦਿਖਾਓ (ਆਮਤੌਰ 'ਤੇ ਪਰੰਪਰਾਗਤ ਵਾਕ)

## 10.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ


1. Department of School Education and Literacy (2011). *Sarva Shiksha Abhiyan: Framework for implementation based on the Right of Children to Free and Compulsory Education Act, 2009.* New Delhi: Ministry of Human Resource Development, Government of India.
2. Garcia, Ofelia, Skutnabb-Kangas, Tove, and Torres-Guzman, Maria E.(Eds.) (2006). Imagining multilingual schools: Languages in education and glocalization. Hyderabad: Orient Black Swan.
3. Mohanty, A.K., Panda, M., Phillipson,R., and Skutnabb-Kangas, T. (Eds.) (2009). *Multilingual education for social justice: Globalising the local.* Hyderabad: Orient Black Swan.
4. National Council of Educational Research and Training (1988). *In-serviceTeacher Education Package – For Upper Primary and Secondary School Teachers.* Sri Aurobindo Marg. New Delhi: NCERT.

## ਇਕਾਈ–11 ਸਿਖਲਾਈ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ

**ਸੰਰਚਨਾ**


11.0 ਜਾਣ ਪਛਾਣ

11.1 ਸਿਖਲਾਈ ਉਦੇਸ਼

11.2 ਸੂਚਨਾ ਸੰਚਾਰ ਤਕਨਾਲੋਜੀ (ਆਈਟੀਸੀ)

11.3 ਆਈ.ਸੀ.ਟੀ. ਦੇ ਉਪਕਰਨ

11.3.1 ਉਪਕਰਨਾਂ ਦਾ ਵਰਗੀਕਰਨ

11.3.2 ਕਲਾਸ ਵਿੱਚ ਉਪਯੋਗ

11.4 ਆਈ.ਸੀ.ਟੀ. ਦਾ ਏਕੀਕਰਨ

11.4.1 ਸਿਖਲਾਈ ਪ੍ਰਕਿਰਿਆ ਵਿੱਚ

11.4.2 ਮੁਲਾਂਕਣ ਵਿੱਚ

11.5 ਸਾਰਾਂਸ਼

11.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

11.7 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

11.8 ਇਕਾਈ ਅੰਤ ਅਭਿਆਸ

## 11.0 ਜਾਣ ਪਛਾਣ

ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਵਿਭਿੰਨ ਵਿਸ਼ਿਆਂ ਦੀਆਂ ਵੱਖ ਵੱਖ ਧਾਰਨਾਵਾਂ ਨੂੰ ਪੜ੍ਹਾਉਣ ਦਾ ਅਨੁਭਵ ਹੈ। ਇਸ ਪ੍ਰਕਿਰਿਆ ਵਿੱਚ ਤੁਸੀਂ ਕਲਾਸ ਵਿੱਚ ਸਿਖਲਾਈ ਨੂੰ ਜ਼ਿਆਦਾ ਦਿਲਚਸਪ ਅਤੇ ਪ੍ਰਭਾਵੀ ਬਣਾਉਣ ਲਈ ਵਿਭਿੰਨ ਪ੍ਰਕਾਰ ਦੀਆਂ ਵਿਧੀਆਂ ਅਤੇ ਸਮੱਗਰੀ ਦਾ ਉਪਯੋਗ ਕਰਦੇ ਹਾਂ। ਫਿਰ ਵੀ ਤੁਸੀਂ ਕਈ ਵਾਰ ਵਿਭਿੰਨ ਸਰੋਤਾਂ ਤੋਂ ਸੂਚਨਾ ਪ੍ਰਾਪਤ ਕਰਨ ਅਤੇ ਵਿਦਿਆਰਥੀਆਂ ਨੂੰ ਕਲਾਸ ਵਿੱਚ ਜ਼ਿਆਦਾ ਸਹਿਭਾਗਤਾ ਦਿਵਾਉਣ ਲਈ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੋਏਗਾ। ਇਸ ਸੰਦਰਭ ਵਿੱਚ ਸੂਚਨਾ ਸੰਚਾਰ ਤਕਨਾਲੋਜੀ ਨੇ ਅਧਿਆਪਕ ਅਤੇ ਵਿਦਿਆਰਥੀ ਦੋਨਾਂ ਲਈ ਸੂਚਨਾਵਾਂ ਤੱਕ ਪਹੁੰਚਣ ਲਈ ਬਹੁਤ ਸਾਰੀਆਂ ਸੰਭਾਵਨਾਵਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਨੂੰ ਅਸੀਂ ਇੱਕ ਦਹਾਕੇ ਪਹਿਲਾਂ ਸੋਚ ਵੀ ਨਹੀਂ ਸਕਦੇ ਸੀ। ਇਸ ਤੋਂ ਇਲਾਵਾ ਹੁਣ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਆਈ.ਸੀ.ਟੀ. ਜ਼ਿਆਦਾ ਅੰਤਰਕਿਰਿਆ ਪੂਰਨ ਅਤੇ ਸਿਖਿਆਰਥੀ ਕੇਂਦਰਿਤ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਵਿੱਚ ਸਹਾਇਕ ਹੋ ਸਕਦੀ ਹੈ। ਇੱਕ ਅਧਿਆਪਕ ਦੇ ਨਾਤੇ ਤੁਹਾਨੂੰ ਕਲਾਸ ਵਿੱਚ ਆਈ.ਸੀ.ਟੀ. ਦੇ ਏਕੀਕਰਨ ਲਈ ਕੁਸ਼ਲਾਂ ਦਾ ਵਿਕਾਸ ਕਰਨਾ ਹੈ। ਇਸ ਇਕਾਈ ਵਿੱਚ ਅਸੀਂ ਆਈ.ਸੀ.ਟੀ. ਦਾ ਅਰਥ ਵਿਭਿੰਨ ਆਈ.ਸੀ.ਟੀ. ਉਪਕਰਨਾਂ ਅਤੇ ਅਧਿਆਪਨ ਅਤੇ ਮੁਲਾਂਕਣ ਦੀ ਪ੍ਰਕਿਰਿਆ ਵਿੱਚ ਆਈ.ਸੀ.ਟੀ. ਦੇ ਏਕੀਕਰਨ ਲਈ ਤਰੀਕੇ ਦਾ ਅਧਿਐਨ ਕਰਾਂਗੇ।

ਤੁਹਾਨੂੰ ਇਸ ਇਕਾਈ ਨੂੰ ਪੂਰਾ ਕਰਨ ਅਤੇ ਇਸ ਵਿੱਚ ਮੌਜੂਦ ਧਾਰਨਾਵਾਂ ਨੂੰ ਸਮਝਣ ਲਈ 7 ਘੰਟੇ ਦੇ ਅਧਿਐਨ ਸਮੇਂ ਦੀ ਲੋੜ ਹੈ।

## 11.1 ਸਿਖਲਾਈ ਉਦੇਸ਼

ਇਕਾਈ ਦੀ ਸਮਾਪਤੀ 'ਤੇ ਤੁਸੀਂ ਸਮਰੱਥ ਹੋਵੋਗੇ:

- ਸੂਚਨਾ ਸੰਚਾਰ ਤਕਨਾਲੋਜੀ ਦੇ ਅਰਥ ਦੀ ਵਿਆਖਿਆ ਕਰਨ ਵਿੱਚ
- ਆਈ.ਸੀ.ਟੀ. ਦੇ ਵਿਭਿੰਨ ਉਪਕਰਨਾਂ ਦੀ ਪਛਾਣ ਅਤੇ ਉਪਯੋਗ ਕਰਨ ਵਿੱਚ
- ਕਲਾਸ ਦੀਆਂ ਗਤੀਵਿਧੀਆਂ ਵਿੱਚ ਆਈ.ਸੀ.ਟੀ. ਉਪਕਰਨਾਂ ਦਾ ਏਕੀਕਰਨ ਕਰਨ ਵਿੱਚ।

## 11.2 ਸੂਚਨਾ ਸੰਚਾਰ ਤਕਨਾਲੋਜੀ (ਆਈ.ਸੀ.ਟੀ.)

ਆਈ.ਸੀ.ਟੀ. ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਗਿਆ ਹੈ:

"ਸੂਚਨਾ ਦਾ ਸੰਚਾਰ ਕਰਨ, ਨਿਰਮਤ ਕਰਨ, ਵੰਡਣ, ਇਕੱਠਾ ਕਰਨ ਅਤੇ ਪ੍ਰਬੰਧਿਤ ਕਰਨ ਲਈ ਵਿਭਿੰਨ ਤਕਨਾਲੋਜੀ ਉਪਕਰਨਾਂ ਅਤੇ ਸਰੋਤਾਂ ਦਾ ਇੱਕ ਸੈੱਟ ਆਈ.ਸੀ.ਟੀ. ਕਹਾਉਂਦਾ ਹੈ।" (ਯੂ.ਐੱਨ.ਡੀ.ਪੀ. 2000) ਯੂਨੈਸਕੋ 2000)। ਆਈ.ਸੀ.ਟੀ. ਦੀ ਇਸ ਪਰਿਭਾਸ਼ਾ ਵਿੱਚ ਰੇਡਿਓ, ਟੈਲੀਵਿਜ਼ਨ, ਵੀਡਿਓ, ਡੀ.ਵੀ.ਡੀ., ਟੈਲੀਫੋਨ (ਸਾਧਾਰਨ ਫੋਨ ਅਤੇ ਮੋਬਾਇਲ ਦੋਨੋਂ), ਸੈਟੇਲਾਇਟ ਯੰਤਰ, ਕੰਪਿਊਟਰ ਅਤੇ ਨੈੱਟਵਰਕ, ਹਾਰਡਵੇਅਰ, ਸੌਫਟਵੇਅਰ ਅਤੇ ਮਸ਼ੀਨਾਂ ਅਤੇ ਇਨ੍ਹਾਂ ਤਕਨਾਲੋਜੀਆਂ ਨਾਲ ਸਬੰਧਿਤ ਸੇਵਾਵਾਂ। ਜਿਵੇਂ ਵੀਡਿਓ ਕਾਨਫਰੰਸਿੰਗ ਅਤੇ ਇਲੈੱਕਟ੍ਰੋਨਿਕ ਮੇਲ।

**ਆਈ.ਸੀ.ਟੀ. ਦੇ ਨਿਮਨ ਤਿੰਨ ਭਾਗ ਹਨ:**

1) **ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਇਨਫਰਾਸਟਰੱਕਚਰ (ਆਈ.ਸੀ.ਆਈ.)**

ਇਸ ਵਿੱਚ ਫਿਜ਼ਿਕਲ ਟੈਲੀ ਕਮਿਊਨੀਕੇਸ਼ਨ ਸਿਸਟਮ ਆਉਂਦਾ ਹੈ। ਇਸ ਤੋਂ ਇਲਾਵਾ ਨੈੱਟਵਰਕ (ਸੈਲੂਲਰ ਬਰਾਡਕਾਸਟ, ਕੇਬਲ, ਸੈਟੇਲਾਈਟ, ਪੋਸਟਲ) ਅਤੇ ਸੇਵਾਵਾਂ ਜੋ ਉਨ੍ਹਾਂ ਦਾ ਉਪਯੋਗ ਕਰਦੀ ਹੈ। (ਇੰਟਰਨੈੱਟ, ਵੌਆਇਸ ਮੇਲ, ਰੇਡਿਓ ਅਤੇ ਟੈਲੀਵਿਜ਼ਨ)

2) **ਇਨਫਰਮੇਸ਼ਨ ਤਕਨਾਲੋਜੀ** (**ਆਈ.ਟੀ.**)

ਸੂਚਨਾਵਾਂ ਨੂੰ ਇਕੱਠਾ ਕਰਨਾ, ਜਮ੍ਹਾਂ ਕਰਨ, ਲਾਗੂ ਕਰਨ ਅਤੇ ਪ੍ਰਦਰਸ਼ਿਤ ਕਰਨ ਦੇ ਹਾਰਡਵੇਅਰ ਅਤੇ ਸੌਫਟਵੇਅਰ ਆਈ.ਟੀ. ਕਹਾਉਂਦੇ ਹਨ।

3) **ਕਮਿਊਨੀਕੇਸ਼ਨ ਤਕਨਾਲੋਜੀ** (**ਸੀ.ਟੀ.**)

ਜਿਵੇਂ ਟੈਲੀਫੋਨ, ਈ-ਮੇਲ, ਚੈਟਿੰਗ ਆਦਿ ਜੋ ਸੂਚਨਾਵਾਂ ਨੂੰ ਵੰਡਣ ਅਤੇ ਅਧਿਆਪਕਾਂ ਦੇ ਵਿਚਕਾਰ ਅੰਤਰਕਿਰਿਆ ਨੂੰ ਕਿਸੇ ਵੀ ਦੂਰੀ, ਸਮਾਂ ਅਤੇ ਸਥਿਤੀ ਵਿੱਚ ਸਹਿਜ ਬਣਾਉਣ ਵਿੱਚ ਸਹਾਇਕ ਹੁੰਦੇ ਹਨ।

ਇਸ ਪ੍ਰਕਾਰ ਆਈ.ਸੀ.ਟੀ. ਨੂੰ ਇਨਫਰਮੇਸ਼ਨ ਤਕਨਾਲੋਜੀ ਅਤੇ ਵਿਭਿੰਨ ਪ੍ਰਕਾਰ ਦੀ ਕਮਿਊਨੀਕੇਸ਼ਨ ਤਕਨਾਲੋਜੀ ਦੇ ਢੁਕਵੇਂ ਬੁਨਿਆਦੀ ਢਾਂਚੇ ਦੀ ਸਹਾਇਤਾ ਰਾਹੀਂ ਏਕੀਕਰਨ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸੂਚਨਾ ਤਕਨਾਲੋਜੀ ਦੀ ਸੰਚਾਰ ਨੂੰ ਮਜ਼ਬੂਤ ਬਣਾਉਣ ਵਿੱਚ ਪ੍ਰਮੁੱਖ ਭੂਮਿਕਾ ਹੈ। ਇਸ ਪ੍ਰਕਾਰ ਦੀ ਤਕਨਾਲੋਜੀ ਦੇ ਉਦਾਹਰਨ ਨਿਮਨਲਿਖਤ ਹਨ:

- ਛਪੀ ਹੋਈ ਸਮੱਗਰੀ
- ਫੋਟੋਗ੍ਰਾਫੀ, ਚਿੱਤਰ, ਰੇਖਾ ਚਿੱਤਰ ਆਦਿ
- ਆਡਿਓ ਕਮਿਊਨੀਕੇਸ਼ਨ ਸਿਸਟਮ, ਆਡਿਓ ਬਰਾਡਕਾਸਟ ਸਮੇਤ
- ਟੈਲੀਕਮਿਊਨੀਕੇਸ਼ਨ
- ਸੈਟੇਲਾਈਟ ਕਮਿਊਨੀਕੇਸ਼ਨ
- ਕੰਪਿਊਟਰ ਆਧਾਰਿਤ ਤਕਨਾਲੋਜੀ-ਜਿਵੇਂ ਇੰਟਰਨੈੱਟ ਅਤੇ ਈ- ਮੇਲ
- ਵਾਇਰਲੈੱਸ ਕਮਿਊਨੀਕੇਸ਼ਨ
- ਮੋਬਾਇਲ ਤਕਨਾਲੋਜੀ

### 11.3 ਆਈ.ਸੀ.ਟੀ. ਉਪਕਰਨ

ਆਈ.ਸੀ.ਟੀ. ਦੇ ਉਪਕਰਨ, ਆਡਿਓ, ਵੀਡਿਓ ਜਾਂ ਆਡਿਓ-ਵੀਡਿਓ ਤਿੰਨੋਂ ਪ੍ਰਕਾਰ ਦੇ ਹੋ ਸਕਦੇ ਹਨ। ਸੂਚਨਾ ਦੇ ਸੰਚਾਰ ਅਤੇ ਨਿਰਮਾਣ, ਵੰਡ, ਇਕੱਠਾ ਕਰਨ ਅਤੇ ਪ੍ਰਬੰਧ ਲਈ ਵਿਭਿੰਨ ਤਕਨਾਲੋਜੀਆਂ ਦੇ ਉਪਕਰਨਾਂ ਦਾ ਇੱਕ ਸੈੱਟ ਹੁੰਦਾ ਹੈ। ਕਲਾਸ ਵਿੱਚ ਵਿਦਿਆਰਥੀਆਂ ਵੱਲੋਂ ਗਿਆਨ ਹਾਸਲ ਕਰਨ ਅਤੇ ਢੁਕਵੀਂ ਸਮਝ ਦਾ ਵਿਕਾਸ ਕਰਨ ਲਈ ਇਨ੍ਹਾਂ ਤਕਨਾਲੋਜੀ ਉਪਕਰਨਾਂ ਦੇ ਅੰਦਰ ਮਹਾਨ ਸ਼ਕਤੀ ਹੁੰਦੀ ਹੈ। ਜ਼ਰਾ ਸੋਚੋ ਤੁਸੀਂ ਵਿਭਿੰਨ ਸਰੋਤਾਂ ਨਾਲ ਸੂਚਨਾ ਕਿਵੇਂ ਇਕੱਠੀ ਕਰਦੇ ਹੋ ?

ਆਮਤੌਰ 'ਤੇ ਤੁਸੀਂ ਸੂਚਨਾ ਵਿਭਿੰਨ ਉਪਲੱਬਧ ਸਰੋਤਾਂ ਤੋਂ ਇਕੱਠੀ ਕਰਦੇ ਹੋ। ਜਿਵੇਂ ਪਾਠ ਪੁਸਤਕਾਂ, ਪੱਤ੍ਰਿਕਾ, ਸੰਦਰਭ ਪੁਸਤਕਾਂ, ਜਰਨਲਜ਼, ਕਲਾਸ ਨੋਟਿਸ ਅਤੇ ਹੋਰ ਸਮੱਗਰੀ ਤੋਂ, ਪਰ ਇਕੱਤਰ ਸਮੱਗਰੀ ਨੂੰ ਕਲਾਸ ਵਿੱਚ ਪੇਸ਼ ਕਰਨ ਯੋਗ ਬਣਾਉਣ ਲਈ ਤੁਹਾਨੂੰ ਜ਼ਿਆਦਾ ਸਰੋਤ ਅਤੇ ਸਮੇਂ ਦੀ ਲੋੜ ਹੁੰਦੀ ਹੈ ਜੋ ਤੁਹਾਡੇ ਕੋਲ ਹਮੇਸ਼ਾ ਉਪਲੱਬਧ ਨਹੀਂ ਹੁੰਦਾ। ਇਸ ਲਈ

ਕਦੇ ਕਦੇ ਤੁਸੀਂ ਸੋਚਦੇ ਹੋ ਕਿ ਤੁਹਾਡਾ ਪਾਠ ਵਿਆਪਕ ਨਹੀਂ ਹੈ। ਇਸ ਲਈ ਵਿਦਿਆਰਥੀਆਂ ਦੀ ਪਹੁੰਚ ਸਿੱਧੀ ਉਸ ਸੂਚਨਾ ਤੱਕ ਨਹੀਂ ਹੋ ਪਾਉਂਦੀ ਜਿਸ 'ਤੇ ਤੁਹਾਡੀ ਪਹੁੰਚ ਹੈ। ਪਰ ਆਈ.ਸੀ.ਟੀ. ਉਪਕਰਨਾਂ ਨੇ ਇਸ ਦੂਰੀ ਨੂੰ ਘੱਟ ਕਰ ਦਿੱਤਾ ਹੈ ਅਤੇ ਨਾ ਕੇਵਲ ਵਿਦਿਆਰਥੀਆਂ ਵੱਲੋਂ ਗਿਆਨ ਹਾਸਲ ਕਰਨਾ ਸੰਭਵ ਕੀਤਾ ਹੈ ਬਲਕਿ ਕਲਾਸ ਵਿੱਚ ਉਸ ਨੂੰ ਪਰਸਪਰ ਵੰਡਣ ਨੂੰ ਵੀ ਪ੍ਰੋਤਸਾਹਨ ਮਿਲਦਾ ਹੈ। ਆਈ.ਸੀ.ਟੀ. ਉਪਕਰਨਾਂ ਵਿੱਚ ਕਲਾਸ ਦੇ ਸਾਰੇ ਵਿਦਿਆਰਥੀਆਂ ਜਿਨ੍ਹਾਂ ਵਿੱਚ ਸਰੀਰਿਕ ਅਤੇ ਮਾਨਸਿਕ ਰੂਪ ਨਾਲ ਚੁਣੌਤੀਪੂਰਨ ਵਿਦਿਆਰਥੀ ਵੀ ਸ਼ਾਮਲ ਹਨ, ਦੇ ਲਈ ਸਿਖਲਾਈ ਅਵਸਰਾਂ ਦੇ ਨਿਰਮਾਣ ਦੀ ਵੀ ਸਮਰੱਥਾ ਹੈ।

ਆਈ.ਸੀ.ਟੀ. ਦੇ ਉਪਕਰਨ ਸਿਰਫ਼ ਇੱਕ ਤਕਨਾਲੋਜੀ ਨਹੀਂ ਹਨ, ਬਲਕਿ ਇਸ ਵਿੱਚ ਹਾਰਡਵੇਅਰ, ਸੌਫਟਵੇਅਰ, ਮਲਟੀਮੀਡੀਆ ਅਤੇ ਡਿਲਿਵਰੀ ਸਿਸਟਮ ਸਭ ਸ਼ਾਮਲ ਹੁੰਦੇ ਹਨ। ਵਰਤਮਾਨ ਵਿੱਚ ਸਿੱਖਿਆ ਵਿੱਚ ਆਈ.ਸੀ.ਟੀ. ਵਿੱਚ ਤੇਜ਼ ਗਤੀ ਨਾਲ ਵਿਕਸਤ ਹੋ ਰਹੀ ਨਵੀਂ ਤਕਨਾਲੋਜੀ ਹੈ ਜਿਵੇਂ ਡੈਸਕ ਟੌਪ, ਨੋਟ ਬੁੱਕ, ਹੈਂਡਹੈਲਡ ਕੰਪਿਊਟਰਜ਼, ਟੇਬਲੈੱਟਸ, ਡਿਜੀਟਲ ਕੈਮਰਾ, ਲੋਕਲ ਏਰੀਆ ਨੈੱਟਵਰਕਿੰਗ, ਬਲੂਟੁੱਥ, ਇੰਟਰਨੈੱਟ, ਕਲਾਊਡ ਕੰਪਿਊਟਿੰਗ, ਵਰਲਡ ਵਾਈਡ ਵੈੱਬ ਅਤੇ ਡੀ.ਵੀ.ਡੀ. ਅਤੇ ਐਪਲੀਕੇਸ਼ਨਜ਼, ਈ-ਮੇਲ, ਡਿਜੀਟਲ ਲਾਇਬ੍ਰੇਰੀ, ਕੰਪਿਊਟਰ ਮੀਡਿਐਸਟ, ਕਾਨਫਰੰਸਿੰਗ, ਵੀਡਿਓ ਕਾਨਫਰੰਸਿੰਗ, ਵਰਚੂਅਲ ਐਨਵਾਇਰਨਮੈਂਟ, ਸਿਮੂਲੇਟਰ, ਐਮੂਲੇਟਰ ਆਦਿ। ਇਹ ਆਈ.ਸੀ.ਟੀ. ਉਪਰਕਨ ਕਲਾਸ ਵਿੱਚ ਸਿਖਲਾਈ ਸਥਿਤੀਆਂ ਦੇ ਨਿਰਮਾਣ ਅਤੇ ਵਿਦਿਆਰਥੀਆਂ ਨੂੰ ਉੱਚ ਪੱਧਰ ਦੇ ਚਿੰਤਨ ਨਾਲ ਜੋੜਨ ਲਈ ਉਪਯੋਗੀ ਹੋ ਸਕਦੇ ਹਨ।

### 11.3.1 ਉਪਕਰਨਾਂ ਦਾ ਵਰਗੀਕਰਨ

ਸਿਖਲਾਈ ਦੀ ਸਫਲਤਾ ਲਈ ਤੁਸੀਂ ਕਲਾਸ ਵਿੱਚ ਵਿਭਿੰਨ ਅਧਿਆਪਨ ਸਬੰਧੀ ਗਤੀਵਿਧੀਆਂ ਬਣਾਉਂਦੇ ਹੋ ਅਤੇ ਉਨ੍ਹਾਂ ਦੇ ਅਨੁਸਾਰ ਕਾਰਜ ਕਰਦੇ ਹੋ। ਇਸ ਸਿਖਲਾਈ ਪ੍ਰਕਿਰਿਆ ਵਿੱਚ ਆਈ.ਸੀ.ਟੀ. ਵਿਸ਼ਾ ਵਸਤੂ ਦੀ ਪ੍ਰਕਿਰਤੀ ਅਤੇ ਵਿਦਿਆਰਥੀਆਂ ਦੀ ਸਿਖਲਾਈ ਸ਼ੈਲੀ ਦੇ ਆਧਾਰ 'ਤੇ ਵਿਭਿੰਨ ਭੂਮਿਕਾ ਅਦਾ ਕਰ ਸਕਦੀ ਹੈ। ਵਿਭਿੰਨ ਪ੍ਰਕਾਰ ਦੇ ਆਈ.ਸੀ.ਟੀ. ਉਪਕਰਨਾਂ ਦੀ ਕਲਾਸ ਵਿੱਚ ਵੱਖ ਵੱਖ ਭੂਮਿਕਾ ਹੁੰਦੀ ਹੈ। ਅਸੀਂ ਆਈ.ਸੀ.ਟੀ. ਉਪਕਰਨਾਂ ਨੂੰ ਨਿਮਨ ਚਾਰ ਸ਼੍ਰੇਣੀਆਂ ਵਿੱਚ ਵੰਡ ਸਕਦੇ ਹਾਂ:

1. ਇਨਫਰਮੇਟਿਵ (ਸੂਚਨਾ ਪ੍ਰਦਾਨ ਕਰਨ ਵਾਲੇ) ਉਪਕਰਨ
2. ਸਿਚੁਏਟਿੰਗ ਉਪਕਰਨ
3. ਕੰਸਟਰੱਕਟਿਵ (ਰਚਨਾਤਮਕ) ਉਪਕਰਨ
4. ਕਮਿਊਨੀਕੇਟਿਵ

ਇਨ੍ਹਾਂ ਉਪਕਰਨਾਂ ਦਾ ਵੱਖ ਵੱਖ ਸੰਦਰਭਾਂ ਵਿੱਚ ਵਿਭਿੰਨ ਉਪਯੋਗ ਹੈ।

1. **ਇਨਫਰਮੇਟਿਵ ਉਪਕਰਨ**: ਇਹ ਉਪਕਰਨ ਵੱਡੀ ਮਾਤਰਾ ਵਿੱਚ ਸੂਚਨਾਵਾਂ ਦੇ ਵਿਭਿੰਨ ਰੂਪ ਪ੍ਰਦਾਨ ਕਰਦੇ ਹਨ। ਜਿਵੇਂ ਪਾਠਕ੍ਰਮ, ਧਵਨੀ, ਰੇਖਾ ਚਿੱਤਰ, ਵੀਡਿਓ ਆਦਿ। ਇਨ੍ਹਾਂ ਉਪਕਰਨਾਂ ਦੇ ਉਦਾਹਰਨ ਹਨ-ਮਲਟੀਮੀਡੀਆ, ਇਨਸਾਇਕਲੋਪੀਡੀਆ, ਵਰਲਡ ਵਾਈਡ ਵੈੱਬ 'ਤੇ ਉਪਲੱਬਧ ਸਰੋਤ। ਅਸੀਂ ਇਨਫਰਮੇਟਿਵ ਉਪਕਰਨਾਂ ਨੂੰ ਵਿਸ਼ੇਸ਼ ਕਰਕੇ ਸੂਚਨਾਵਾਂ ਇਕੱਠੀਆਂ ਕਰਨ ਲਈ ਵਰਤ ਸਕਦੇ ਹਾਂ। ਹਾਲਾਂਕਿ ਇਹ ਉਪਕਰਨ ਅਸਲੀ ਜੀਵਨ ਅਨੁਭਵਾਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਕ ਨਹੀਂ ਹੁੰਦੇ, ਪਰ ਇਹ ਅਮੂਰਤ ਸੂਚਨਾਵਾਂ ਪੇਸ਼ ਕਰਦੇ ਹਨ। ਮੰਨ ਲਓ ਤੁਸੀਂ ਸਮਾਜਿਕ ਵਿਗਿਆਨ ਵਿੱਚ 'ਲੋਕਤੰਤਰ' ਪੜ੍ਹਾ ਰਹੇ ਹੋ, ਤੁਸੀਂ ਵਿਦਿਆਰਥੀਆਂ ਨੂੰ ਵਿਭਿੰਨ ਦੇਸ਼ਾਂ ਦੇ ਸਰਕਾਰੀ ਤੰਤਰ ਦੇ ਵਿਸ਼ੇ ਵਿੱਚ ਸੂਚਨਾਵਾਂ ਇਕੱਤਰ ਕਰਨ ਦਾ ਕੰਮ ਦੇ

ਸਕਦੇ ਹੋ। ਵਿਦਿਆਰਥੀ ਇਨ੍ਹਾਂ ਸੂਚਨਾਵਾਂ ਨੂੰ ਆਈ.ਸੀ.ਟੀ. ਦੇ ਇਨਫਰਮੇਟਿਵ ਉਪਕਰਨਾਂ ਜਿਵੇਂ ਇੰਟਰਨੈੱਟ ਦੀ ਸਹਾਇਤਾ ਨਾਲ ਇਕੱਤਰ ਕਰ ਸਕਦੇ ਹੋ।

2. **ਸਿਚੁਏਟਿੰਗ ਉਪਕਰਨ:** ਕੁਝ ਆਈ ਸੀ.ਟੀ. ਉਪਕਰਨ ਜਿਵੇਂ- ਸਿਮੂਲੇਸ਼ਨ, ਗੇਮਜ਼ ਅਤੇ ਵਰਚੂਅਲ, ਰਿਐਲਿਟੀ ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਇੱਕ ਅਜਿਹੇ ਵਾਤਾਵਰਣ ਵਿੱਚ ਰੱਖਿਆ ਜਾ ਸਕਦਾ ਹੈ ਜਿੱਥੇ ਅਸਲ ਸਥਿਤੀ ਦਾ ਨਕਲੀ ਰੂਪ ਨਾਲ ਤਿਆਰ ਮਾਡਲ ਦਾ ਪ੍ਰੇਖਣ ਅਤੇ ਅਭਿਆਸ ਰਾਹੀਂ ਲਗਪਗ ਸਿੱਧਾ ਅਨੁਭਵ ਪ੍ਰਾਪਤ ਕਰ ਸਕਦੇ ਹਾਂ। ਇਹ ਉਪਕਰਨ ਵਿਸ਼ੇਸ਼ ਰੂਪ ਨਾਲ ਅਮੂਰਤ ਧਾਰਨਾਵਾਂ ਨੂੰ ਸਮਝਣ ਵਿੱਚ ਸਹਾਇਕ ਹੁੰਦੇ ਹਨ। ਮੰਨ ਲਓ ਤੁਸੀਂ 'ਮਨੁੱਖ- ਖੂਨ ਵਹਿਣ ਤੰਤਰ' ਪੜ੍ਹਾਉਣਾ ਹੈ। ਵਿਦਿਆਰਥੀ ਯੂ ਟਿਊਬ, ਵੀਡਿਓ ਕਲਿੱਪਸ, ਵਿਸ਼ੇਸ਼ ਤਰੀਕੇ ਨਾਲ ਤਿਆਰ ਡੀਵੀਡੀ ਆਦਿ ਰਾਹੀਂ ਬਿਹਤਰ ਅਨੁਭਵ ਕਰ ਸਕਦੇ ਹਨ। ਇੱਥੇ ਉਹ ਨਾੜਾਂ ਵਿੱਚ ਖੂਨ ਦੀ ਧਾਰਾ ਦੇ ਵਹਾਅ ਅਤੇ ਖੂਨ ਵਹਿਣ ਦੇ ਨਾਲ ਦਿਲ ਦੇ ਕਾਰਜ ਆਦਿ ਦਾ ਪ੍ਰੇਖਣ ਕਰ ਸਕਦੇ ਹਨ।

3. **ਰਚਨਾਤਮਕ ਉਪਕਰਨ:** ਆਈ.ਸੀ.ਟੀ. ਦੇ ਕੁਝ ਉਪਕਰਨਾਂ ਨੂੰ ਤੁਸੀਂ ਰਚਨਾ ਕਰਨ, ਆਪਣੇ ਅਨੁਸਾਰ ਪੇਸ਼ ਕਰਨਾ ਅਤੇ ਖੁਦ ਦੇ ਗਿਆਨ ਨੂੰ ਸਮਝਣ ਵਿੱਚ ਉਪਯੋਗ ਕਰ ਸਕਦੇ ਹੋ ਅਤੇ ਪੂਰੇ ਵਿਸ਼ਵ ਤੋਂ ਸੰਚਾਰ ਕੀਤਾ ਜਾ ਸਕਦਾ ਹੈ, ਇੱਥੋਂ ਤੁਹਾਡੇ ਰਚਨਾਤਮਕ ਵਿਚਾਰ, ਸੂਚਨਾ ਤੁਹਾਡੇ ਸਾਥੀਆਂ, ਅਧਿਆਪਕਾਂ ਅਤੇ ਪੂਰੇ ਵਿਸ਼ਵ ਵਿੱਚ ਪਹੁੰਚ ਜਾਂਦੀ ਹੈ। ਉਸੀ ਸਮੇਂ ਤੁਸੀਂ ਵਿਦਿਆਰਥੀ ਸਮਾਜ ਨਾਲ ਆਪਣੇ ਵਿਚਾਰਾਂ ਦੀ ਪ੍ਰਤੀਕਿਰਿਆ ਵੀ ਲੈ ਸਕਦੇ ਹੋ: ਮਾਇੰਡ ਉਪਕਰਨ ਜਿਸ ਵਿੱਚ ਕੰਪਿਊਟਰ ਐਪਲੀਕੇਸ਼ਨ ਆਉਂਦੀ ਹੈ ਜਿਵੇਂ ਡੇਟਾ ਬੇਸ, ਸਪਰੈੱਡ ਸ਼ੀਟਸ, ਸਿਮੇਟਿੰਗ ਨੈੱਟਵਰਕਿੰਗ ਪ੍ਰੋਗਰਾਮ, ਐਕਸਪਰਟ ਸਿਸਟਮ, ਮਾਡਲਿੰਗ ਉਪਕਰਨ, ਮਾਇਕਰੋ ਵਰਲਡਜ਼ ਅਤੇ ਹਾਈਪਰ ਮੀਡੀਆ ਆਥਰਿੰਗ ਉਪਕਰਨ। ਇਨ੍ਹਾਂ ਰਾਹੀਂ ਵਿਦਿਆਰਥੀ ਗਿਆਨ/ ਸੂਚਨਾ ਨੂੰ ਬਣਾ ਸਕਦੇ ਹਨ ਅਤੇ ਦਰਸਾ ਸਕਦੇ ਹਨ।

4. **ਸੂਚਨਾ ਉਪਕਰਨ:** ਅਸੀਂ ਆਪਣੇ ਵਿਚਾਰਾਂ/ਗਿਆਨ ਨੂੰ ਸੰਚਾਰ ਉਪਕਰਨਾਂ ਰਾਹੀਂ ਸੰਚਾਰਿਤ ਕਰਦੇ ਹਾਂ। ਪਰ ਉਸ ਵਿੱਚ ਕਈਆਂ ਵਿੱਚ ਸਮੇਂ ਦਾ ਜ਼ਿਆਦਾ ਖਰਚ ਹੁੰਦਾ ਹੈ। ਉਦਾਹਰਨ ਲਈ ਪੋਸਟਲ ਤੰਤਰ ਜੋ ਸਾਡੀ ਸੂਚਨਾ ਪਹੁੰਚਾਉਣ ਵਿੱਚ ਜ਼ਿਆਦਾ ਸਮਾਂ ਲੈਂਦਾ ਹੈ। ਪਰ ਫਿਰ ਵੀ ਆਈ.ਸੀ.ਈ. ਉਪਕਰਨਾਂ ਰਾਹੀਂ ਅੱਜ ਅਸੀਂ ਲੋਕਾਂ ਨੇ ਇੱਕ ਵੱਡੇ ਸਮੂਹ ਦੇ ਨਾਲ ਕੁਝ ਹੀ ਸਕਿੰਟਾਂ ਵਿੱਚ ਸੰਚਾਰ ਕਰ ਸਕਦੇ ਹਾਂ। ਇਸ ਪ੍ਰਕਾਰ ਨਾਲ ਸੰਚਾਰ ਉਪਕਰਨਾਂ ਦੇ ਉਦਾਹਰਨ ਹਨ: ਈ-ਮੇਲ, ਇਲੈੱਕਟ੍ਰੌਨਿਕ ਬੁਲੇਟਿਨ ਬੋਰਡਜ਼, ਚੈਟ, ਟੈਲੀਕਾਨਫਰੰਸਿੰਗ ਅਤੇ ਇਲੈੱਕਟ੍ਰਾਨਿਕ ਹਵਾਟਿ (ਸਫੈਦ) ਬੋਰਡਜ਼। ਆਈ.ਸੀ.ਟੀ. ਦੇ ਅਜਿਹੇ ਉਪਕਰਨ ਵੈੱਬ-2.0 ਕਹਾਉਂਦੇ ਹਨ। ਇਸ ਪ੍ਰਕਾਰ ਦੇ ਉਪਕਰਨਾਂ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਲੋਕਾਂ ਦੇ ਸਮੂਹਾਂ ਦੇ ਵਿੱਚ ਲਗਾਤਾਰ ਗੱਲਬਾਤ ਵਿਸ਼ਾ ਵਸਤੂ, ਚਿੱਤਰ ਅਤੇ ਧਵਨੀ ਦੇ ਰੂਪ ਵਿੱਚ ਕੀਤਾ ਗਿਆ ਹੈ। ਇਹ ਉਪਕਰਨ ਅਜਿਹੇ ਤੰਤਰ ਹਨ ਜਿਨ੍ਹਾਂ ਰਾਹੀਂ ਅਧਿਆਪਕ ਅਤੇ ਵਿਦਿਆਰਥੀਆਂ ਦੇ ਵਿਚਕਾਰ ਅਤੇ ਵਿਦਿਆਰਥੀਆਂ ਤੋਂ ਬਿਨਾਂ ਕਿਸੇ ਭੌਤਿਕ ਰੁਕਾਵਟ (ਸਥਾਨ, ਸਮਾਂ ਜਾਂ ਦੋਨੋਂ) ਦਾ ਸੰਚਾਰ ਸੰਭਵ ਹੋ ਜਾਂਦਾ ਹੈ।

### 11.3.2 ਆਈ.ਸੀ.ਟੀ. ਉਪਕਰਨਾਂ ਦਾ ਉਪਯੋਗ

ਸੂਚਨਾ ਸੰਚਾਰ ਤਕਨੀਕ ਨੇ ਲੋਕਾਂ ਦੇ ਜੀਵਨ ਅਤੇ ਉਨ੍ਹਾਂ ਦੇ ਕਾਰਜ ਖੇਤਰ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਲਿਆਉਂਦੇ ਹਨ ਅਤੇ ਵਿਸ਼ਵ ਵਿੱਚ ਕਈ ਲੋਕਾਂ ਅਤੇ ਸਰੋਤਾਂ ਨਾਲ ਅੰਤਰਕਿਰਿਆ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ ਹੈ। ਇਸ ਨੇ ਗਿਆਨ ਹਾਸਲ ਕਰਨ ਦੇ ਨਵੇਂ ਰਸਤੇ ਖੋਲ੍ਹੇ ਹਨ। ਆਈ.ਸੀ.ਟੀ. ਉਪਕਰਨਾਂ ਦਾ ਉਪਯੋਗ ਕੇਵਲ ਸਿੱਖਿਆ ਦੇ ਖੇਤਰ ਤੱਕ ਹੀ ਸੀਮਤ ਨਹੀਂ ਹੈ ਬਲਕਿ ਇਸ ਦਾ ਵੱਡਾ ਉਪਯੋਗ ਹੋਰ ਖੇਤਰਾਂ ਵਿੱਚ ਵੀ ਹੈ। ਉਦਾਹਰਨ ਲਈ ਵਿੱਤ, ਉਦਯੋਗ, ਬੀਮਾ, ਮੈਡੀਕਲ ਅਤੇ ਪ੍ਰਬੰਧਨ ਆਦਿ। ਅੱਜਕੱਲ੍ਹ ਆਈ.ਸੀ.ਟੀ. ਉਪਕਰਨਾਂ ਦਾ ਕਲਾਸ ਵਿੱਚ ਸਿਖਲਾਈ ਵਾਤਾਵਰਣ ਦੇ ਨਿਰਮਾਣ ਵਿੱਚ ਵਿਸ਼ੇਸ਼ ਰੂਪ ਨਾਲ ਕੀਤਾ ਜਾ ਸਕਦਾ ਹੈ। ਇਹ ਉਪਕਰਨ ਵਿਦਿਆਰਥੀਆਂ ਨੂੰ ਨਾ ਕੇਵਲ ਵਿਭਿੰਨ ਸਰੋਤਾਂ ਨਾਲ ਸੂਚਨਾ

ਇਕੱਠੀ ਕਰਨ ਵਿੱਚ ਮਦਦ ਕਰਦੇ ਹਨ ਬਲਕਿ ਇਸ ਸੂਚਨਾ ਨੂੰ ਆਪਣੇ ਸਾਥੀਆਂ ਨੂੰ ਵੰਡਣ ਦੇ ਅਵਸਰ ਵੀ ਪ੍ਰਦਾਨ ਕਰਦੇ ਹਨ। ਆਈ.ਸੀ.ਟੀ. ਉਪਕਰਨਾਂ ਦਾ ਵਿਦਿਆਰਥੀਆਂ ਲਈ ਉਪਯੋਗ ਸਿੱਖਿਆ ਵਿਧੀਆਂ ਅਤੇ ਉਨ੍ਹਾਂ ਦੇ ਬਿਹਤਰ ਨਤੀਜਿਆਂ 'ਤੇ ਨਿਰਭਰ ਕਰਦਾ ਹੈ ਜਦੋਂ ਵਿਦਿਆਰਥੀ ਕੇਂਦਰਿਤ ਨਿਰਦੇਸ਼ਨ, ਸਮੂਹ ਆਈ.ਸੀ.ਟੀ. ਉਪਕਰਨਾਂ ਦਾ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਉਪਯੋਗ 'ਤੇ ਚਰਚਾ ਨਿਮਨਲਿਖਤ ਹੈ:

• **ਸਿੱਖਿਆ ਵਿਧੀਆਂ ਵਿੱਚ**: ਆਈ.ਸੀ.ਟੀ. ਉਪਕਰਨ ਕਲਾਸ ਵਿੱਚ ਸਹਾਇਕ ਅਤੇ ਸਹਿਜਕਰਤਾ ਦੇ ਰੂਪ ਵਿੱਚ ਦ੍ਰਿਸ਼ਟੀਕੋਣ ਪ੍ਰਦਾਨ ਕਰ ਸਕਦੇ ਹਨ। ਆਈ.ਸੀ.ਟੀ. ਦਾ ਉਪਯੋਗ ਵਿਸ਼ੇਸ਼ ਕਰਕੇ ਸੰਚਾਰਿਤ ਅਤੇ ਸਥਿਤੀ ਉਪਕਰਨ ਤੁਸੀਂ ਵਿਦਿਆਰਥੀਆਂ ਦੀ ਸਿਖਲਾਈ ਨੂੰ ਨਿਰਦੇਸ਼ਤ ਕਰ ਸਕਦੇ ਹੋ ਅਤੇ ਉਸੀ ਸਮੇਂ ਵਿਦਿਆਰਥੀ ਵੀ ਆਈ.ਸੀ.ਟੀ. ਤੋਂ ਸਹਾਇਕ ਸੇਵਾਵਾਂ ਲੈ ਸਕਦੇ ਹਨ। ਇਸ ਤੋਂ ਇਲਾਵਾ ਤੁਸੀਂ ਇਨ੍ਹਾਂ ਉਪਕਰਨਾਂ ਦਾ ਅਧਿਆਪਨ ਪ੍ਰਕਿਰਿਆ ਦੇ ਵਿਭਿੰਨ ਪੜਾਵਾਂ ਵਿੱਚ ਉਪਯੋਗ ਕਰ ਸਕਦੇ ਹੋ ਜਿਵੇਂ ਪਾਠ ਦੀ ਜਾਣ ਪਛਾਣ, ਪ੍ਰਸਤੁਤੀਕਰਨ ਅਤੇ ਮੁਲਾਂਕਣ ਦੇ ਪੜਾਵਾਂ ਵਿੱਚ। ਅਧਿਆਪਨ ਪ੍ਰਕਿਰਿਆ ਦੇ ਦੌਰਾਨ ਆਈ.ਸੀ.ਟੀ. ਉਪਕਰਨਾਂ ਦਾ ਪ੍ਰਯੋਗ ਵਿਦਿਆਰਥੀਆਂ ਨੂੰ ਪ੍ਰੇਰਿਤ ਕਰੇਗਾ ਅਤੇ ਆਪਣੇ ਸਾਥੀਆਂ ਨਾਲ ਅੰਤਰਕਿਰਿਆ ਲਈ ਉਨ੍ਹਾਂ ਨੂੰ ਪ੍ਰੋਤਸਾਹਿਤ ਕਰੇਗਾ। ਪਰ ਆਈ.ਸੀ.ਟੀ. ਉਪਕਰਨ ਖੁਦ ਅਧਿਆਪਨ ਵਿਧੀ ਨੂੰ ਨਹੀਂ ਸੁਧਾਰ ਸਕਦੇ। ਜੋ ਅਧਿਆਪਕ ਆਪਣੀਆਂ ਅਧਿਆਪਨ ਵਿਧੀਆਂ ਨੂੰ ਜ਼ਿਆਦਾ ਵਿਦਿਆਰਥੀ ਕੇਂਦਰਿਤ, ਪ੍ਰੋਜੈਕਟ ਆਧਾਰਿਤ ਅਤੇ ਸਹਿਯੋਗ ਸਿਖਲਾਈ ਦੀ ਤਰਫ਼ ਵਧਾਉਂਦੇ ਹਨ, ਆਈ.ਸੀ.ਟੀ. ਇਸ ਵਿੱਚ ਉਨ੍ਹਾਂ ਦੀ ਸਹਾਇਤਾ ਕਰੇਗੀ। ਆਈ.ਸੀ.ਟੀ. ਪਰੰਪਰਿਕ ਅਧਿਆਪਨ ਕੇਂਦਰਿਤ ਅਧਿਆਪਨ ਦ੍ਰਿਸ਼ਟੀਕੋਣ ਅਤੇ ਦੋਨੋਂ ਦ੍ਰਿਸ਼ਟੀਕੋਣਾਂ ਦੇ ਸੰਯੋਗ ਵਿੱਚ ਸਹਾਇਤਾ ਲਈ ਉਪਯੋਗ ਕੀਤੀ ਜਾ ਸਕਦੀ ਹੈ। ਮੁੱਖ ਉਦੇਸ਼ ਇਹ ਹੈ ਕਿ ਵਿਭਿੰਨ ਸਥਿਤੀਆਂ ਵਿੱਚ ਕਿਹੜਾ ਉਪਕਰਨ ਉੱਤਮ ਹੈ, ਉਸ ਦੇ ਅਨੁਸਾਰ ਆਈ.ਸੀ.ਟੀ. ਉਪਕਰਨਾਂ ਦਾ ਅਧਿਆਪਨ ਪ੍ਰਕਿਰਿਆ ਵਿੱਚ ਸੁਧਾਰ ਲਈ ਢੁਕਵੀਂ ਚੋਣ ਕਰਨਾ ਹੈ। ਦੂਜੇ ਸ਼ਬਦਾਂ ਵਿੱਚ ਪ੍ਰਭਾਵੀ ਅਤੇ ਕੁਸ਼ਲਤਾਪੂਰਵਕ ਸਿਖਲਾਈ ਦੇ ਸਹਿਜੀਕਰਨ ਲਈ ਆਈ.ਸੀ.ਟੀ. ਉਪਕਰਨ ਅਧਿਆਪਨ ਕਲਾ ਨੂੰ ਪ੍ਰੋਤਸਾਹਨ ਦੇਣ ਵਿੱਚ ਪ੍ਰਮੁੱਖ ਭੂਮਿਕਾ ਨਿਭਾ ਸਕਦੇ ਹਨ।

ਇਸ ਪ੍ਰਕਾਰ ਦੀ ਅਧਿਆਪਨ ਕਲਾ/ਕਲਾਸ ਪ੍ਰਕਿਰਿਆ ਵਿੱਚ ਆਈ.ਸੀ.ਟੀ. ਦਾ ਉਪਯੋਗ ਅਤੇ ਕਿਸ ਪ੍ਰਕਾਰ ਆਈ.ਸੀ.ਟੀ. ਇਸ ਕਲਾ ਵਿੱਚ ਸਹਾਇਕ ਹੋ ਸਕਦੀ ਹੈ, ਇਸ ਨੂੰ ਨਿਮਨ ਸਾਰਣੀ 11.1 ਵਿੱਚ ਦਰਸਾਇਆ ਗਿਆ ਹੈ।

ਸਾਰਣੀ 11.1

| ਅਧਿਆਪਨ ਸ਼ੈਲੀ | ਮੁੱਖ ਵਿਸ਼ੇਸ਼ਤਾਵਾਂ | ਆਈ.ਸੀ.ਟੀ. ਉਪਕਰਨਾਂ ਦਾ ਉਪਯੋਗ |
|---|---|---|
| ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ | ਅਧਿਆਪਕ-ਗਿਆਨ ਸਰੋਤ ਦੇ ਰੂਪ ਵਿੱਚ ਅਧਿਆਪਕ ਕਲਾਸ ਵਿੱਚ ਜ਼ਿਆਦਾ ਸਰਗਰਮ ਰਹਿੰਦਾ ਹੈ ਅਤੇ ਵਿਦਿਆਰਥੀ ਸਿਰਫ਼ ਗਿਆਨ ਨੂੰ ਅਕਿਰਿਆਸ਼ੀਲ ਰੂਪ ਨਾਲ ਪ੍ਰਾਪਤ ਕਰਦੇ ਹਨ। | ਅਧਿਆਪਕ ਦੇ ਪ੍ਰਸਤੁਤੀਕਰਨ ਅਤੇ ਕੁਸ਼ਲਤਾ ਲਈ ਆਈ.ਸੀ.ਟੀ. ਦੇ ਕਈ ਉਪਕਰਨਾਂ ਦਾ ਉਪਯੋਗ ਕੀਤਾ ਜਾਂਦਾ ਹੈ। ਹੈਂਡ ਆਊਟਸ ਓਵਰ ਹੈਂਡ ਪ੍ਰੋਜੈਕਟ (ਓਐੱਚਪੀ), ਸਲਾਇਡਜ਼, ਮਾਡਲਜ਼ ਆਦਿ ਦਾ ਪ੍ਰਯੋਗ ਸਿਖਿਆਰਥੀਆਂ ਦਾ ਧਿਆਨ ਕੇਂਦਰਿਤ ਕਰਨ ਅਤੇ ਉਸ ਨੂੰ ਸਥਾਈ ਬਣਾਉਣ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। |
| ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ | ਸਿਖਿਆਰਥੀ-ਗਿਆਨ ਖੋਜਕਰਤਾ ਅਧਿਆਪਕ-ਸਹਿਜਕਰਤਾ ਅਤੇ ਨਿਰਦੇਸ਼ਕ ਦੇ ਰੂਪ ਵਿੱਚ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਸਿਖਿਆਰਥੀ ਸਰਗਰਮ, ਚਰਚਾ ਅਤੇ ਕਿਰਿਆਵਾਂ ਵਿੱਚ ਸ਼ਾਮਲ ਰਹਿੰਦਾ ਹੈ। ਅਧਿਆਪਕ ਸਿਖਲਾਈ ਕਿਰਿਆ ਦਾ ਡਿਜ਼ਾਇਨ ਬਣਾਉਂਦਾ ਹੈ ਅਤੇ ਉਸ ਦਾ ਪ੍ਰਬੰਧ ਵੀ ਕਰਦਾ ਹੈ। | ਆਈ.ਸੀ.ਟੀ. ਨੂੰ ਵਿਦਿਆਰਥੀਆਂ ਵਿੱਚ ਦਿੱਤੇ ਗਏ ਕਾਰਜ ਅਨੁਸਾਰ ਅਤੇ ਜੋ ਲੋੜ ਹੈ ਉਸ ਨੂੰ ਸਿੱਖਣ ਵਿੱਚ ਮਦਦ ਕਰਨ ਲਈ ਪੂਰੀ ਤਰ੍ਹਾਂ ਨਾਲ ਉਪਯੋਗ ਵਿੱਚ ਲਿਆਂਦਾ ਜਾ ਸਕਦਾ ਹੈ। |
| ਦੋਨੋਂ ਦ੍ਰਿਸ਼ਟੀਕੋਣਾਂ ਨੂੰ ਸੰਯੁਕਤ ਕਰਨਾ | ਕਦੇ ਕਦੇ ਅਧਿਆਪਕ ਗਿਆਨ ਪ੍ਰਦਾਨ ਕਰਦਾ ਹੈ ਅਤੇ ਸਿਖਿਆਰਥੀ ਨੂੰ ਵਿਸ਼ਵਾਸ ਦੇ ਆਧਾਰ 'ਤੇ ਉਨ੍ਹਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ। ਕੁਝ ਹੋਰ ਸਮੇਂ ਵਿੱਚ ਅਧਿਆਪਕ ਸਹਿਜਤਾ ਨਾਲ ਸਿਖਿਆਰਥੀ ਲਈ ਕੁਝ ਸਥਿਤੀਆਂ ਉਤਪੰਨ ਕਰਦਾ ਹੈ ਜਿਸ ਵਿੱਚ ਉਹ ਗਿਆਨ ਦੀ ਖੋਜ ਅਤੇ ਵਿਸਥਾਰ ਕਰਦਾ ਹੈ। | ਆਈ.ਸੀ.ਟੀ. ਨੂੰ ਅਧਿਆਪਕ ਦੇ ਪ੍ਰਸਤੁਤੀਕਰਨ ਅਤੇ ਸਿਖਿਆਰਥੀ ਨੂੰ ਉਸ ਦੇ ਗਿਆਨ ਦਾ ਵਿਸਥਾਰ ਕਰਨ ਵਿੱਚ ਸਹਾਇਤਾ ਦੇ ਰੂਪ ਵਿੱਚ ਉਪਯੋਗ ਕੀਤਾ ਜਾ ਸਕਦਾ ਹੈ। |

*(Source: Wright, C. (2000). Issues in Education and Technology: Policy Guidelines and Strategies,* London:

Commonwealth Secretariat)

• **ਸਹਿਯੋਗ ਵਿੱਚ**: ਸਿਖਲਾਈ ਕੇਂਦਰਿਤ ਅਧਿਆਪਕ ਦ੍ਰਿਸ਼ਟੀਕੋਣ ਵਿੱਚ ਵਿਦਿਆਰਥੀਆਂ ਦੇ ਵਿਚਕਾਰ ਅੰਤਰਕਿਰਿਆ ਅਤੇ ਵਿਦਿਆਰਥੀ ਅਤੇ ਅਧਿਆਪਕ ਦੇ ਵਿਚਕਾਰ ਅੰਤਰਕਿਰਿਆ ਇੱਕ ਮਹੱਤਵਪੂਰਨ ਅੰਗ ਹੈ। ਆਈ.ਸੀ.ਟੀ. ਦੇ ਕੁਝ ਉਪਕਰਨ ਹਨ ਜਿਨ੍ਹਾਂ ਨੂੰ ਕਲਾਸ ਦੇ ਅੰਦਰ ਅਤੇ ਬਾਹਰ ਸਹਿਯੋਗ ਲਈ ਉਪਯੋਗ ਕੀਤਾ ਜਾ ਸਕਦਾ ਹੈ। ਇਨ੍ਹਾਂ ਉਪਕਰਨਾਂ ਦੇ ਉਪਯੋਗ ਰਾਹੀਂ ਤੁਸੀਂ ਆਪਣੇ ਵਿਦਿਆਰਥੀਆਂ ਦੇ ਨਾਲ ਵਿਚਾਰ ਅਤੇ ਗਿਆਨ ਨੂੰ ਵੰਡ ਸਕਦੇ ਹੋ। ਨਾਲ ਹੀ ਵਿਦਿਆਰਥੀ ਵੀ ਆਪਣੇ ਵਿਚਾਰਾਂ ਨੂੰ ਰੱਖ ਸਕਦੇ ਹਨ ਅਤੇ ਕੁਝ ਤਰੀਕੇ ਸੁਝਾ ਸਕਦੇ ਹਨ ਅਤੇ ਆਪਣੇ ਸ਼ੱਕਾਂ ਦਾ ਹੱਲ ਵੀ ਕਰ ਸਕਦੇ ਹਨ। ਇਹ ਆਈ.ਸੀ.ਟੀ. ਉਪਕਰਨ ਜੋ ਖਾਸ ਕਰਕੇ ਪਰਸਪਰ ਅੰਤਰਕਿਰਿਆ ਅਤੇ ਵੰਡਣ ਦੀ ਪ੍ਰਕਿਰਿਆ ਲਈ ਉਪਯੋਗ ਵਿੱਚ ਲਿਆਂਦੇ ਜਾਂਦੇ ਹਨ-ਸੰਚਾਰ ਉਪਕਰਨ ਕਹਾਉਂਦੇ ਹਨ। ਅਜਿਹੇ ਸੋਮੇ ਸੋਸ਼ਲ ਨੈੱਟਵਰਕਿੰਗ ਉਪਕਰਾਂ ਦੇ ਉਦਾਹਰਨ ਹਨ: ਵਿੱਕੀ, ਯਾਹੂ ਸਮੂਹ, ਗੂਗਲ ਸਮੂਹ, ਫੇਸਬੁੱਕ, ਟਵਿੱਟਰ, ਮਾਈ ਸਪੇਸ ਆਦਿ।

• **ਮੁਲਾਂਕਣ ਵਿੱਚ**: ਅੱਜਕੱਲ੍ਹ ਵਿਭਿੰਨ ਆਈ.ਸੀ.ਟੀ. ਉਪਕਰਨ ਉਪਲੱਬਧ ਹਨ ਜਿਨ੍ਹਾਂ ਦਾ ਉਪਯੋਗ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਜਾਂ ਕਲਾਸ/ਕੋਰਸ ਸਮਾਪਤੀ ਦੇ ਬਾਅਦ ਵੀ ਵਿਦਿਆਰਥੀਆਂ ਦੀ ਕੁਸ਼ਲਤਾ ਦੇ ਮੁਲਾਂਕਣ ਲਈ ਕੀਤਾ ਜਾ ਸਕਦਾ ਹੈ। ਇਹ ਉਪਕਰਨ ਪ੍ਰਕਿਰਿਆ ਆਧਾਰਿਤ ਅਤੇ ਪ੍ਰਤੀਫਲ ਆਧਾਰਿਤ ਦੋਨੋਂ ਪ੍ਰਕਾਰ ਦੇ ਮੁਲਾਂਕਣ ਵਿੱਚ ਸਮਰੱਥ ਹਨ। ਤੁਸੀਂ ਆਈ.ਸੀ.ਟੀ. ਦੇ ਇੱਕ ਉਪਕਰਨ ਈ-ਪੋਰਟਫੋਲਿਓ ਨੂੰ ਲੈ ਸਕਦੇ ਹੋ ਜਿਸ ਰਾਹੀਂ ਤੁਸੀਂ ਸਰਲਤਾ ਅਤੇ ਜਲਦੀ ਨਾਲ ਆਪਣੇ ਵਿਦਿਆਰਥੀਆਂ ਦਾ ਮੁਲਾਂਕਣ ਕਰ ਸਕਦੇ ਹੋ। ਇਸ ਪ੍ਰਕਾਰ ਹੋਰ ਆਈ.ਸੀ.ਟੀ. ਉਪਕਰਨ ਹਨ ਜਿਨ੍ਹਾਂ ਨੂੰ ਮੁਲਾਂਕਣ ਲਈ ਉਪਯੋਗ ਵਿੱਚ ਲਿਆਂਦਾ ਜਾ ਸਕਦਾ ਹੈ, ਉਹ ਹਨ: ਔਨਲਾਇਨ ਰਿਊਬਰਿਕ, ਔਨਲਾਇਨ ਪਿਅਰ ਅਸੈਸਮੈਂਟ ਅਤੇ ਡਿਜੀਟਲ ਕਾਨਸੈਪਟ ਮੈਪਿੰਗ ਆਦਿ। ਮੁਲਾਂਕਣ ਵਿੱਚ ਆਈ.ਸੀ.ਟੀ. ਉਪਕਰਨਾਂ ਦੇ ਉਪਯੋਗ ਦੇ ਲਾਭ ਹਨ। ਸਮਾਂ ਪ੍ਰਬੰਧਨ ਅਤੇ ਇਹ ਵਿਦਿਆਰਥੀਆਂ ਨੂੰ ਪ੍ਰਦਰਸ਼ਨ ਲਈ ਪ੍ਰੋਤਸਾਹਿਤ ਕਰਦੇ ਹਨ।

• **ਸਿਖਲਾਈ ਪ੍ਰਕਿਰਿਆ ਦੇ ਸੰਦਰਭ ਵਿੱਚ**: ਆਈ.ਸੀ.ਟੀ. ਉਪਕਰਨ ਤੁਹਾਡੀ ਕਲਾਸ ਨੂੰ ਵਿਭਿੰਨ ਪ੍ਰਕਾਰ ਦੀਆਂ ਤਕਨੀਕਾਂ, ਉਪਕਰਨਾਂ, ਵਿਸ਼ਾ ਵਸਤੂ ਅਤੇ ਸਰੋਤ ਰਾਹੀਂ ਖੁਸ਼ਹਾਲ ਬਣਾ ਦਿੰਦੇ ਹਨ। ਤੁਹਾਡੇ ਕੋਲ ਵਿਭਿੰਨ ਪ੍ਰਕਾਰ ਦੇ ਵਿਕਲਪ ਹਨ ਕਿ ਤੁਸੀਂ ਲੋੜ ਅਨੁਸਾਰ ਆਈ.ਸੀ.ਟੀ. ਉਪਕਰਨਾਂ ਦਾ ਉਪਯੋਗ ਸਿਖਲਾਈ ਪ੍ਰਕਿਰਿਆ ਵਿੱਚ ਕਰ ਸਕਦੇ ਹੋ। ਇਹ ਵਿਕਲਪ ਹਨ: ਪਾਠ ਦੀ ਸਹਾਇਤਾ ਲਈ ਪ੍ਰੋਜੈਕਟਿੰਗ ਮੀਡੀਆ, ਮਲਟੀਮੀਡੀਆ ਵਿੱਚ ਸਵੈ ਅਧਿਐਨ ਮੌਡਿਊਲ, ਨਕਲੀ ਸਿਖਲਾਈ ਵਾਤਾਵਰਣ ਵਿੱਚ ਸਿਮੁਲੇਸ਼ਨ ਆਦਿ। ਇਨ੍ਹਾਂ ਵਿੱਚ ਹਰੇਕ ਵਿਧੀ ਵਿੱਚ ਕਲਾਸ ਵਾਤਾਵਰਣ ਵਿੱਚ ਤਬਦੀਲੀ ਅਤੇ ਇਸ ਦੇ ਪ੍ਰਭਾਵ ਨੂੰ ਸਮਝਣਾ ਸ਼ਾਮਲ ਹੈ। ਆਈ.ਸੀ.ਟੀ. ਵਿਭਿੰਨ ਪ੍ਰਕਾਰ ਦੀ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਜਿਵੇਂ: ਵਿਅਕਤੀਗਤ ਸਿਖਲਾਈ ਅਤੇ ਅਧਿਆਪਨ, ਸਮੂਹਿਕ ਸਿਖਲਾਈ ਅਤੇ ਅਧਿਆਪਨ, ਸਹਿਯੋਗੀ ਸਿਖਲਾਈ ਕਿਰਿਆਵਾਂ ਆਦਿ।

**-ਵਿਅਕਤੀਗਤ ਸਿਖਲਾਈ:**

ਸਿੱਖਣ ਦੇ ਵਿਕਲਪਿਕ ਸਰੋਤਾਂ ਨੂੰ ਖੋਜਣਾ, ਇੱਕ ਵਿਸ਼ਾ ਵਸਤੂ ਨੂੰ ਪੜ੍ਹਨਾ, ਮਾਹਿਰਾਂ ਦੇ ਨਾਲ ਸਿੱਧਾ ਸੰਚਾਰ ਕਰਨਾ, ਜਾਣਕਾਰੀ ਲੈਣਾ, ਸਮੱਸਿਆਵਾਂ ਦਾ ਹੱਲ, ਕਾਰਜ ਪ੍ਰਦਾਨ ਕਰਨਾ/ਲੈਣਾ, ਆਪਣੀ ਪ੍ਰਗਤੀ ਦਾ ਮੁਲਾਂਕਣ ਕਰਨਾ ਅਤੇ ਫੀਡਬੈਕ ਲੈਣਾ ਆਦਿ ਕਿਰਿਆਵਾਂ ਵਿਅਕਤੀਗਤ ਸਿਖਲਾਈ ਦੇ ਅੰਤਰਗਤ ਆਉਂਦੀਆਂ ਹਨ। ਕੰਪਿਊਟਰ ਨੈੱਟਵਰਕਿੰਗ ਅਤੇ ਇੰਟਰਨੈੱਟ ਦਾ ਪ੍ਰਯੋਗ ਵਿਅਕਤੀਗਤ ਸਿਖਲਾਈ ਵਿੱਚ ਇਨ੍ਹਾਂ ਕਿਰਿਆਵਾਂ ਨੂੰ ਪ੍ਰੋਤਸਾਹਨ ਦਿੰਦਾ ਹੈ। ਸਿਖਲਾਈ ਦੀ ਅਜਿਹੀ ਵਿਧੀ ਵਿੱਚ ਵਿਦਿਆਰਥੀ ਸੰਪੂਰਨ ਰੂਪ ਨਾਲ ਕੰਪਿਊਟਰ ਦੀ ਸਹਾਇਤਾ ਨਾਲ ਕਾਰਜ ਕਰਦੇ ਹਨ। ਉਦੋਂ ਇੱਕ ਅਧਿਆਪਕ ਦੇ ਰੂਪ ਵਿੱਚ ਤੁਸੀਂ ਉਨ੍ਹਾਂ ਤੋਂ ਆਪਣੀ ਸਿਖਲਾਈ ਦੀ ਨਿਗਰਾਨੀ ਕਰਨ ਅਤੇ ਸਿਖਲਾਈ ਪ੍ਰਕਿਰਿਆ ਨੂੰ ਨਿਯਮਤ ਬਣਾਉਣ ਨੂੰ ਕਹੋ। ਸਿਖਲਾਈ ਦਾ ਇਹ ਦ੍ਰਿਸ਼ਟੀਕੋਣ ਸਵੈ ਨਿਯੰਤਰਿਤ ਅਧਿਐਨ (ਐੱਸਆਰਐੱਲ) ਕਹਾਉਂਦਾ ਹੈ। ਜਿਸ ਵਿੱਚ

ਵਿਦਿਆਰਥੀ ਨੂੰ ਸਵੈ ਨਿਯਮਤ ਸਿਖਿਆਰਥੀ ਬਣਾਉਣ ਲਈ ਆਈ.ਸੀ.ਟੀ. ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

**–ਸਮੂਹਿਕ ਸਿਖਲਾਈ ਅਤੇ ਅਧਿਆਪਨ**

ਮੰਨ ਲਓ ਤੁਸੀਂ ਆਪਣੀ ਕਲਾਸ ਵਿੱਚ ਸਮੂਹਿਕ ਕਾਰਜ ਦੀ ਵਿਧੀ ਰਾਹੀਂ ਅਧਿਆਪਨ ਕਰਨਾ ਚਾਹੁੰਦੇ ਹੋ। ਇਸ ਵਿਧੀ ਵਿੱਚ ਤੁਸੀਂ ਆਈ.ਸੀ.ਟੀ. ਦੇ ਵਿਭਿੰਨ ਉਪਕਰਨਾਂ ਜੋ ਸਮੂਹਿਕ ਸਿਖਲਾਈ ਲਈ ਢੁਕਵੇਂ ਹਨ, ਦੀ ਸਹਾਇਤਾ ਲੈ ਸਕਦੇ ਹੋ। ਉਦਾਹਰਨ ਲਈ ਵਿਦਿਆਰਥੀਆਂ ਨੂੰ ਇੱਕ ਵਿਸ਼ੇਸ਼ ਸਮੂਹ ਦੀ ਪਹੁੰਚ ਔਨਲਾਇਨ ਲੈਕਚਰ ਅਤੇ ਪ੍ਰਸਤੁਤਕਰਤਾ ਦੇ ਨਾਲ ਅਤੇ ਸਮੂਹ ਦੇ ਹੋਰ ਮੈਂਬਰਾਂ ਨਾਲ ਅੰਤਰਕਿਰਿਆ ਦੀਆਂ ਸੁਵਿਧਾਵਾਂ ਦੀ ਹੋਵੇ। ਮੌਜੂਦਾ ਸਮੇਂ ਵਿੱਚ ਵਿਭਿੰਨ ਪ੍ਰਕਾਰ ਦੀ ਕੋਰਸ ਆਧਾਰਿਤ ਸਮੱਗਰੀ ਵਰਲਡ ਵਾਈਡ ਵੈੱਬ 'ਤੇ ਉਪਲੱਬਧ ਹੈ ਜਿਸ ਨਾਲ ਕੋਰਸ ਸਮੱਗਰੀ ਅਤੇ ਸਮੱਸਿਆ ਹੱਲ ਦੀਆਂ ਗਤੀਵਿਧੀਆਂ ਨੂੰ ਜਲਦੀ ਨਾਲ ਭੇਜਿਆ ਜਾ ਸਕਦਾ ਹੈ। ਤੁਹਾਡੀ ਸਮੂਹਿਕ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਵਿਦਿਆਰਥੀ ਇਸ ਪ੍ਰਕਾਰ ਦੀ ਸਮੱਗਰੀ ਤੱਕ ਪਹੁੰਚ ਸਕਦੇ ਹਨ ਅਤੇ ਸਮੂਹਿਕ ਚਰਚਾ ਕਰ ਸਕਦੇ ਹਨ।

• **ਸਹਿਯੋਗੀ ਸਿਖਲਾਈ:** ਸਹਿਯੋਗੀ ਸਿਖਲਾਈ ਆਮ ਰੂਪ ਨਾਲ ਉਦੋਂ ਦੇਖੀ ਜਾਂਦੀ ਹੈ, ਜਦੋਂ ਵਿਦਿਆਰਥੀਆਂ ਦੇ ਸਮੂਹ ਇਕੱਠੇ ਸਮਝਣ, ਅਰਥ ਕਰਨ, ਹੱਲ ਲੱਭਣ ਜਾਂ ਆਪਣੀ ਸਿਖਲਾਈ ਦਾ ਪ੍ਰਤੀਫਲ ਲੱਭਣ ਲਈ ਕਾਰਜ ਕਰਦੇ ਹਨ। ਇਹ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਵਿਦਿਆਰਥੀ ਇਕੱਠੇ ਕੁਝ ਸਿੱਖਣ ਜਾਂ ਸਿੱਖਣ ਦੀ ਕੋਸ਼ਿਸ਼ ਕਰਦੇ ਹਨ। ਇਸ ਪ੍ਰਕਾਰ ਦੀ ਸਿਖਲਾਈ ਵਿੱਚ ਵਿਦਿਆਰਥੀ ਇੱਕ ਦੂਜੇ ਦੇ ਸਰੋਤਾਂ ਅਤੇ ਕੁਸ਼ਲਾਂ ਦਾ ਉਪਯੋਗ (ਇੱਕ ਦੂਜੇ ਤੋਂ ਸੂਚਨਾ ਲੈਣਾ, ਇੱਕ ਦੂਜੇ ਦੇ ਵਿਚਾਰਾਂ ਦਾ ਮੁਲਾਂਕਣ, ਇੱਕ ਦੂਜੇ ਦੇ ਕਾਰਜ ਦੀ ਨਿਗਰਾਨੀ ਆਦਿ) ਕਰਦੇ ਹਨ ਜੋ ਕਿ ਵਿਅਕਤੀਗਤ ਸਿਖਲਾਈ ਵਿੱਚ ਨਹੀਂ ਹੁੰਦਾ। ਦੂਜੇ ਸ਼ਬਦਾਂ ਵਿੱਚ ਸਹਿਯੋਗੀ ਸਿਖਲਾਈ ਉਹ ਹੈ ਜਿਸ ਵਿੱਚ ਅਜਿਹੀਆਂ ਵਿਧੀਆਂ ਅਤੇ ਵਾਤਾਵਰਣ ਜਿਸ ਵਿੱਚ ਇੱਕ ਆਮ ਕਾਰਜ ਲਈ ਜੁੜੇ ਹੁੰਦੇ ਹਨ ਅਤੇ ਹਰੇਕ ਵਿਅਕਤੀ ਇੱਕ ਦੂਜੇ ਦੇ ਉੱਪਰ ਨਿਰਭਰ ਰਹਿੰਦਾ ਹੈ ਅਤੇ ਇੱਕ ਦੂਜੇ ਦੇ ਕਾਰਜ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਵਿੱਚ ਆਹਮਣੇ ਸਾਹਮਣੇ ਗੱਲਬਾਤ ਅਤੇ ਕੰਪਿਊਟਰ ਆਧਾਰਿਤ ਚਰਚਾ (ਔਨਲਾਈਨ ਫੌਰਮੈਟਸ, ਚੈਟ ਰੂਮਜ਼ ਆਦਿ) ਦੋਨੋਂ ਸ਼ਾਮਲ ਹੁੰਦੇ ਹਨ।

**ਈ: 2 ਆਈ.ਸੀ.ਟੀ. ਦੇ ਵਿਭਿੰਨ ਉਪਕਰਨ ਕਿਹੜੇ ਹਨ ਜਿਨ੍ਹਾਂ ਨੂੰ ਅਧਿਆਪਨ ਕਲਾ ਦੇ ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਉਪਯੋਗ ਕੀਤਾ ਜਾ ਸਕਦਾ ਹੈ?**

**ਈ :3 ਆਈ.ਸੀ.ਟੀ. ਉਪਕਰਨਾਂ ਦੇ ਵਿਭਿੰਨ ਰੂਪ ਕਿਹੜੇ ਹਨ?**

## 11.4 ਆਈ.ਸੀ.ਟੀ. ਦਾ ਏਕੀਕਰਨ

ਅੱਜ ਕਿਸੇ ਵੀ ਅਧਿਆਪਕ ਲਈ ਕਲਾਸ ਵਿੱਚ ਆਈ.ਸੀ.ਟੀ. ਦਾ ਏਕੀਕਰਨ ਇੱਕ ਚੁਣੌਤੀਪੂਰਨ ਕਾਰਜ ਹੈ। ਆਈ.ਸੀ.ਟੀ. ਦਾ ਸਿਰਫ਼ ਕਿਰਿਆਤਮਕ ਗਿਆਨ ਤੁਹਾਨੂੰ ਕਲਾਸ ਵਿੱਚ ਆਈ.ਸੀ.ਟੀ. ਦੇ ਉਪਯੋਗ ਵਿੱਚ ਸਹਾਇਤਾ ਨਹੀਂ ਕਰ ਸਕਦਾ। ਤੁਹਾਨੂੰ ਕਲਾਸ ਵਿੱਚ ਆਈ.ਸੀ.ਟੀ. ਦੇ ਏਕੀਕਰਨ ਲਈ ਵਿਵਸਥਿਤ ਤਰੀਕਿਆਂ (ਕਿਵੇਂ ਅਤੇ ਕਦੋਂ) ਦੀ ਬੁਨਿਆਦੀ ਜਾਣਕਾਰੀ ਜ਼ਰੂਰੀ ਹੈ।

ਆਈ.ਸੀ.ਟੀ. ਦੇ ਏਕੀਕਰਨ ਨੂੰ ਮੁੱਖ ਰੂਪ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ: ਵਿਦਿਆਰਥੀ ਸਿਖਲਾਈ ਨੂੰ ਮਜ਼ਬੂਤ ਕਰਨ ਲਈ ਕਿਸੇ ਵੀ ਆਈ.ਸੀ.ਟੀ. ਉਪਕਰਨ ਵੈੱਬ 'ਤੇ ਉਪਲੱਬਧ ਸੂਚਨਾ ਸਰੋਤ, ਸੀਡੀ ਰੋਮਜ ਵਿੱਚ ਮਲਟੀਮੀਡੀਆ ਪ੍ਰੋਗਰਾਮ ਦੇ ਉਪਯੋਗ ਦੀ ਪ੍ਰਕਿਰਿਆ ਨੂੰ ਆਈ.ਸੀ.ਟੀ. ਏਕੀਕਰਨ ਕਿਹਾ ਜਾਂਦਾ ਹੈ।

ਕਲਾਸ ਵਿੱਚ ਸਿਰਫ਼ ਇੱਕ ਹਾਰਡਵੇਅਰ ਅਤੇ ਜਾਂ ਸੌਫਟਵੇਅਰ ਨੂੰ ਰੱਖ ਦੇਣਾ ਆਈ.ਸੀ.ਟੀ. ਦਾ ਏਕੀਕਰਨ ਨਹੀਂ ਹੈ। ਆਪਣੀ ਕਲਾਸ ਵਿੱਚ ਆਈ.ਸੀ.ਟੀ. ਦੇ ਏਕੀਕਰਨ ਲਈ ਤੁਹਾਨੂੰ ਅਤੇ ਤੁਹਾਡੇ ਵਿਦਿਆਰਥੀਆਂ ਨੂੰ ਨਿਮਨਲਿਖਤ ਚਾਰ ਅਵਸਥਾਵਾਂ ਵਿੱਚ ਚੱਲਣਾ ਪਏਗਾ:

ਪਹਿਲੀ ਅਵਸਥਾ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਨੂੰ ਆਈ.ਸੀ.ਟੀ. ਉਪਕਰਨ, ਉਨ੍ਹਾਂ ਦੇ ਕਾਰਜ ਅਤੇ ਉਪਯੋਗ ਦੀ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੈ। ਇਸ ਲਈ ਇੱਥੇ ਫੋਕਸ ਆਈ.ਸੀ.ਟੀ. ਦੀ ਸਾਖਰਤਾ ਅਤੇ ਮੁੱਢਲੇ ਕੁਸ਼ਲਾਂ ’ਤੇ ਹੈ। ਆਈ.ਸੀ.ਟੀ. ਉਪਕਰਨਾਂ ਦੀ ਖੋਜ ਨੂੰ ਆਈ.ਸੀ.ਟੀ. ਵਿਕਾਸ ਵਿੱਚ ‘ਐਮਰਜਿੰਗ ਸਟੇਜ’ ਨਾਲ ਜੋੜਿਆ ਗਿਆ ਹੈ।

ਦੂਜੀ ਅਵਸਥਾ ਵਿੱਚ ਆਈ.ਸੀ.ਟੀ. ਉਪਕਰਨਾਂ ਦਾ ਕਿਵੇਂ ਉਪਯੋਗ ਹੁੰਦਾ ਹੈ ਅਤੇ ਵਿਭਿੰਨ ਵਿਸ਼ਿਆਂ ਵਿੱਚ ਉਨ੍ਹਾਂ ਦਾ ਪ੍ਰਯੋਗ ਸ਼ੁਰੂ ਕਰਨਾ ਸ਼ਾਮਲ ਹੈ। ਇਸ ਵਿੱਚ ਆਈ.ਸੀ.ਟੀ. ਦਾ ਆਮ ਅਤੇ ਵਿਸ਼ੇਸ਼ ਪ੍ਰਯੋਗ ਸ਼ਾਮਲ ਹੈ। ਆਈ.ਸੀ.ਟੀ. ਵਿਕਾਸ ਮਾਡਲ ਵਿੱਚ ਇਸ ‘ਐਪਲਾਇੰਗ ਸਟੇਜ’ ਨਾਲ ਜੋੜਿਆ ਗਿਆ ਹੈ।

ਤੀਜੀ ਅਵਸਥਾ ਵਿੱਚ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਆਈ.ਸੀ.ਟੀ. ਉਪਕਰਨਾਂ ਨੂੰ ਕਿਵੇਂ ਅਤੇ ਕਿੱਥੇ ਉਪਯੋਗ ਕਰਨਾ ਹੈ ਦੀ ਸਮਝ ਵਿਕਸਤ ਹੁੰਦੀ ਹੈ। ਉਦਾਹਰਨ ਲਈ ਦਿੱਤੇ ਗਏ ਪ੍ਰਾਜੈਕਟ ਨੂੰ ਪੂਰਾ ਕਰਨਾ। ਇਸ ਅਵਸਥਾ ਵਿੱਚ ਆਈ.ਸੀ.ਟੀ. ਕਿੱਥੇ ਸਹਾਇਕ ਹੋਏਗੀ ਜਿਵੇਂ ਇੱਕ ਵਿਸ਼ੇਸ਼ ਕਾਰਜ ਲਈ ਢੁਕਵਾਂ ਉਪਕਰਨ ਚੁਣਨਾ ਅਤੇ ਅਸਲ ਸਮੱਸਿਆਵਾਂ ਦੇ ਹੱਲ ਲਈ ਇਨ੍ਹਾਂ ਉਪਕਰਨਾਂ ਨੂੰ ਸ਼ਾਮਲ ਕਰਨ ਦੇ ਰੂਪ ਵਿੱਚ ਉਪਯੋਗ ਕਰਨਾ ਆਦਿ ਦੀ ਪਛਾਣ ਕਰਨ ਦੀ ਯੋਗਤਾ ਹੁੰਦੀ ਹੈ।

ਚੌਥੀ ਅਵਸਥਾ ਵਿੱਚ ਆਈ.ਸੀ.ਟੀ. ਦੇ ਪ੍ਰਯੋਗ ਰਾਹੀਂ ਸਿਖਲਾਈ ਵਾਤਾਵਰਣ ਵਿੱਚ ਤਬਦੀਲੀ ਆ ਜਾਂਦੀ ਹੈ। ਇਹ ਅਧਿਆਪਨ ਸਿਖਲਾਈ ਸਥਿਤੀਆਂ ਤੱਕ ਪਹੁੰਚਣ ਦਾ ਨਵਾਂ ਤਰੀਕਾ ਹੈ ਜਿਸ ਵਿੱਚ ਆਈ.ਸੀ.ਟੀ. ਵਿਸ਼ੇਸ਼ ਉਪਕਰਨਾਂ ਦਾ ਉਪਯੋਗ ਹੁੰਦਾ ਹੈ ਅਤੇ ਆਈ.ਸੀ.ਟੀ. ਵਿਕਾਸ ਮਾਡਲ ਵਿੱਚ ਇਸ ਨੂੰ ‘ਟਰਾਂਸਫੌਰਮਿੰਗ ਸਟੇਜ’ ਨਾਲ ਜੋੜਿਆ ਗਿਆ ਹੈ।

### 11.4.1 ਸਿਖਲਾਈ ਪ੍ਰਕਿਰਿਆ ਵਿੱਚ ਆਈ.ਸੀ.ਟੀ. ਦਾ ਏਕੀਕਰਨ

ਕਲਾਸ ਵਿੱਚ ਆਈ.ਸੀ.ਟੀ. ਦੇ ਏਕੀਕਰਨ ਦੇ ਕਈ ਮਾਡਲ ਹਨ। ਤੁਹਾਡੀ ਸਹਾਇਤਾ ਲਈ ਬਹੁਤ ਸਾਰੇ ਇੰਸਟਰੱਕਸ਼ਨਲ ਡਿਜ਼ਾਇਨ ਮਾਡਲ ਕਲਾਸ ਵਿੱਚ ਆਈ.ਸੀ.ਟੀ. ਦੇ ਏਕੀਕਰਨ ਲਈ ਉਪਲੱਬਧ ਹਨ। ਕੁਝ ਉਦਾਹਰਨ ਹਨ:

- **ਅਸ਼ੋਰ ਮਾਡਲ (ASSURE MODEL)**

(ਸਿਖਿਆਰਥੀ ਦਾ ਮੁਲਾਂਕਣ: ਉਦੇਸ਼ ਦੱਸੋ, ਵਿਧੀ ਮੀਡੀਆ ਅਤੇ ਸਮੱਗਰੀ ਦੀ ਚੋਣ: ਸਿਖਲਾਈ ਸਹਿਭਾਗਤਾ ਦੀ ਲੋੜ:ਮੁਲਾਂਕਣ ਅਤੇ ਪੁਨਰਾਵ੍ਰਿਤੀ)

- **ਆਈਕੇਅਰ ਮਾਡਲ (ICARE MODEL)**

ਜਾਣ ਪਛਾਣ, ਗਤੀਵਿਧੀ, ਪ੍ਰਦਰਸ਼ਨ, ਵਿਸਥਾਰ

ਇਹ ਮਾਡਲ ਅਧਿਆਪਨ ਸਿਖਲਾਈ ਵਿੱਚ ਵਿਭਿੰਨ ਆਈ.ਸੀ.ਟੀ. ਸਰੋਤਾਂ ਅਤੇ ਉਪਕਰਨਾਂ ਦੇ ਸਮਾਵੇਸ਼ ਨਿਰਦੇਸ਼ ਪ੍ਰਦਾਨ ਕਰਦੇ ਹਨ। ਪਰ ਇਹ ਸਰੋਤ ਅਤੇ ਉਪਕਰਨ ਜਿਸ ਰੂਪ ਵਿੱਚ ਹਨ, ਉਸ ਤਰ੍ਹਾਂ ਹੀ ਕਿਉਂ ਉਪਯੋਗ ਕੀਤੇ ਜਾਂਦੇ ਹਨ। ਇਸ ’ਤੇ ਇਹ ਅਧਿਆਪਕ ਡਿਜ਼ਾਇਨਰਜ਼ ਨੂੰ ਸੋਚਣ ਅਤੇ ਸਪੱਸ਼ਟ ਕਰਨ ਲਈ ਪੂਰੀ ਤਰ੍ਹਾਂ ਪ੍ਰੋਤਸਾਹਿਤ ਨਹੀਂ ਕਰਦੇ। ਅਸੀਂ ਆਈ.ਸੀ.ਟੀ. ਦੇ ਏਕੀਕਰਨ ਯੋਜਨਾ ਡਿਜ਼ਾਇਨ ਕਰਨ ਲਈ ਇੱਕ ਵਿਵਸਥਿਤ ਮਾਡਲ ਨੂੰ ਸਮਝਦੇ ਹਾਂ। ਇਹ ਵਿਵਸਥਿਤ ਹੈ ਕਿਉਂਕਿ ਇਸ ਵਿੱਚ ਇੱਕ ਤਾਰਕਿਕ ਕ੍ਰਮ ਹੈ ਅਤੇ ਸਿੱਧੇ ਕ੍ਰਮ ਵਿੱਚ ਸੰਗਠਿਤ ਹੈ। ਇਸ ਮਾਡਲ ਦੇ ਮੁੱਖ ਤੱਤ ਨਿਮਨਲਿਖਤ ਹਨ:

1. **ਸਮੱਸਿਆ ਕਥਨ**: ਵਿਵਸਥਿਤ ਮਾਡਲ ਇੱਕ ਸਮੱਸਿਆ ਕਥਨ ਦੇ ਨਾਲ ਸ਼ੁਰੂ ਹੁੰਦਾ ਹੈ ਜੋ ਪਾਠ ਵਿੱਚ ਦਿੱਤੀਆਂ ਗਈਆਂ ਮੁੱਖ ਸਮੱਸਿਆਵਾਂ ਜਾਂ ਮੁੱਦੇ ਦਾ ਵਰਣਨ ਕਰਦਾ ਹੈ ਜਿਨ੍ਹਾਂ ਨੂੰ ਸਮਾਧਾਨ ਦੀ ਲੋੜ ਹੈ। ਉਦਾਹਰਨ ਲਈ 'ਊਰਜਾ' ਪਾਠ ਵਿੱਚ ਸਮੱਸਿਆ ਹੈ-"ਭਾਰਤ ਵਿੱਚ ਭਵਿੱਖ ਵਿੱਚ ਊਰਜਾ ਦੀ ਸੰਭਾਲ ਕਿਵੇਂ ਹੋ ਸਕਦੀ ਹੈ" ਇਸ ਪ੍ਰਕਾਰ ਦਾ ਸਮੱਸਿਆ ਕਥਨ ਆਈ.ਸੀ.ਟੀ. ਏਕੀਕਰਨ ਯੋਜਨਾ ਲਈ ਸ਼ੁਰੂਆਤੀ ਬਿੰਦੂ ਦਾ ਕਾਰਜ ਕਰਦਾ ਹੈ। ਅਧਿਆਪਕ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਇੱਕ ਪਾਠ ਵਿੱਚ ਵਿਭਿੰਨ ਧਾਰਨਾਵਾਂ/ਵਿਚਾਰ ਹੁੰਦੇ ਹਨ। ਕੁਝ ਅਜਿਹੀਆਂ ਧਾਰਨਾਵਾਂ ਹੁੰਦੀਆਂ ਹਨ ਜਿਨ੍ਹਾਂ ਨਾਲ ਸਿਖਿਆਰਥੀ ਅਸਲ ਅਨੁਭਵ ਡਨਹੀਂ ਪ੍ਰਾਪਤ ਕਰ ਪਾਉਂਦਾ ਜਾਂ ਠੀਕ ਨਾਲ ਦ੍ਰਿਸ਼ਟੀਮਾਨ ਨਹੀਂ ਕਰ ਪਾਉਂਦਾ। ਤੁਹਾਨੂੰ ਅਜਿਹੀਆਂ ਧਾਰਨਾਵਾਂ ਨੂੰ ਪਛਾਣਨਾ ਹੈ ਜੋ ਸਮੱਸਿਆਤਮਕ ਹਨ ਅਤੇ ਅਜਿਹੇ ਆਈ.ਸੀ.ਟੀ. ਉਪਕਰਨਾਂ ਦੀ ਚੋਣ ਕਰਨੀ ਹੈ ਜੋ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰ ਸਕਣ। ਸਮੱਸਿਆ ਅਸਲ ਚੁਣੌਤੀਪੂਰਨ ਅਤੇ ਸਿਖਿਆਰਥੀਆਂ ਲਈ ਢੁਕਵੀਂ ਹੋਣੀ ਚਾਹੀਦੀ ਹੈ।

2. **ਸਿਖਲਾਈ ਉਦੇਸ਼**: ਸਿਖਲਾਈ ਉਦੇਸ਼ ਪਾਠ ਦੇ ਅੰਤ ਵਿੱਚ ਉਪਲੱਬਧ ਹੋਣ ਵਾਲੇ ਸਿਖਲਾਈ ਪ੍ਰਤੀਫਲਾਂ ਨੂੰ ਸਪੱਸ਼ਟ ਕਰਦੇ ਹਾਂ। ਤੁਸੀਂ ਸਿਖਲਾਈ ਉਦੇਸ਼ਾਂ ਨੂੰ 1234 ਮਾਡਲ ਦੇ ਆਧਾਰ 'ਤੇ ਲਿਖ ਸਕਦੇ ਹਾਂ ਜਿੱਥੇ 1=1🕴➢⇦✥✪✵✥ (ਸਰੋਤਾ) 2=2✥✶▲✄⇦✿🕴☛ (ਵਿਵਹਾਰ) 3=3✿✪➢⇦🕴⇦✿✪ (ਸਥਿਤੀ) 4=4✥✚☛✥✥ (ਮਾਤਰਾ)। ਉਦਾਹਰਨ ਸਵਰੂਪ 1234 ਮਾਡਲ ਦੇ ਆਧਾਰ 'ਤੇ ਸਿਖਲਾਈ ਉਦੇਸ਼ਾਂ ਦਾ ਸੰਪੂਰਨ ਵਰਣਨ ਨਿਮਨ ਪ੍ਰਕਾਰ ਹੋ ਸਕਦਾ ਹੈ:

ਪਾਠ ਦੇ ਅੰਤ ਵਿੱਚ ਐਲੀਮੈਂਟਰੀ ਵਿਦਿਆਰਥੀ ਸਮਰੱਥ ਹੋਣਗੇ: ਭਾਰਤ ਵਿੱਚ ਊਰਜਾ ਦੀ ਵਰਤਮਾਨ ਸਥਿਤੀ ਦਾ ਮੌਖਿਕ ਵਰਣਨ ਕਰਨ ਵਿੱਚ ਅਤੇ ਇਸ ਦੀ ਸੰਭਾਲ ਦੇ ਉਪਾਅ ਆਪਣੇ ਮਨ ਮੈਪ ਵਿੱਚ 100 ਫੀਸਦੀ ਸਹੀ ਦੇ ਨਾਲ।

ਇਸ ਉਦਾਹਰਨ ਵਿੱਚ 1 ਦਾ ਅਰਥ 'ਐਲੀਮੈਂਟਰੀ ਵਿਦਿਆਰਥੀ' : 2 'ਮੌਖਿਕ ਵਰਣਨ: 3 'ਮਨ ਮੈਪ 'ਤੇ' ਅਤੇ 4 '100 ਫੀਸਦੀ ਸਹੀ' ਹੈ। ਇੱਥੇ ਇਹ ਮੁੜ ਜ਼ਿਕਰਯੋਗ ਹੈ ਕਿ ਵਿਵਹਾਰ ਵਿੱਚ ਸਿਖਲਾਈ ਉਦੇਸ਼ ਕਥਨ ਪ੍ਰੇਖਣ ਅਤੇ ਮਾਪਣਯੋਗ ਹੋਣਾ ਚਾਹੀਦਾ ਹੈ।

3. **ਲੋੜੀਂਦੀ ਤਕਨੀਕ**: ਉਪਰੋਕਤ ਸਮੱਸਿਆ ਦੇ ਸਮਾਧਾਨ ਅਤੇ ਸਿਖਲਾਈ ਉਦੇਸ਼ਾਂ ਦੀ ਪ੍ਰਾਪਤੀ ਲਈ ਤੁਹਾਨੂੰ ਸੰਭਵ ਤਕਨੀਕ ਜੋ ਇਸ ਪਾਠ ਦੀ ਸਿਖਲਾਈ ਲਈ ਉਪਯੋਗ ਕੀਤੀ ਜਾ ਸਕਦੀ ਹੈ, ਉਸਨੂੰ ਸਾਵਧਾਨੀਪੂਰਬਕ ਤੁਲਨਾ ਕਰਨ ਦੀ ਲੋੜ ਹੈ। ਇਸ ਮਾਡਲ ਵਿੱਚ ਜੋ ਤਕਨੀਕ ਸ਼ਾਮਲ ਹੋ ਸਕਦੀ ਹੈ, ਉਹ ਹੈ: ਸੌਫਟਵੇਅਰ ਜਿਵੇਂ ਮਲਟੀਮੀਡੀਆ ਕੋਰਸ ਵੇਅਰ, ਵੈੱਬ ਆਧਾਰਿਤ ਸਰੋਤ, ਮਾਇੰਡ ਟੂਲਜ਼ (ਜਿਵੇਂ ਕਾਨਸੈਪਟ ਮੈਪਿੰਗ ਟੂਲਜ਼ ਅਤੇ ਮਲਟੀਮੀਡੀਆ ਔਥਰਿੰਗ ਟੂਲਜ਼) ਜਾਂ ਹੋਰ ਕੋਈ ਸੰਭਵ ਆਈ.ਸੀ.ਟੀ. ਉਪਕਰਨ। ਉੱਪਰ ਦੱਸੇ ਗਏ ਪਾਠ/ਵਿਸ਼ੇ 'ਊਰਜਾ' ਨੂੰ ਸਾਰਥਿਕ ਢੰਗ ਨਾਲ ਪੜ੍ਹਾਉਣ ਲਈ ਤੁਹਾਨੂੰ ਆਈ.ਸੀ.ਟੀ. ਉਪਕਰਨਾਂ ਨੂੰ ਉਪਯੋਗ ਲਈ ਪਛਾਣਨ ਦੀ ਲੋੜ ਹੈ।

4. **ਤਕਨੀਕ ਦੇ ਉਪਯੋਗ ਦੇ ਮੂਲ ਕਾਰਨ**: ਤਕਨੀਕ ਦਾ ਉਪਯੋਗ ਕੇਵਲ ਇਸ ਲਈ ਨਹੀਂ ਕਰਨਾ ਚਾਹੀਦਾ ਕਿ ਉਹ ਉਪਲੱਬਧ ਹੈ ਜਾਂ ਕੁਝ ਵਿਸ਼ਿਆਂ ਵਿੱਚ ਇਹ ਪ੍ਰਭਾਵੀ ਦਿਖਾਇਆ ਗਿਆ ਹੈ। ਇਸ ਪ੍ਰਕਿਰਿਆ ਨੂੰ ਸਮਰੱਥ ਬਣਾਉਣ, ਸਿਖਲਾਈ ਨੂੰ ਮਜ਼ਬੂਤ ਕਰਨ ਅਤੇ ਪਾਠ ਦੀ ਸਪੱਸ਼ਟਤਾ ਲਈ ਪ੍ਰਯੋਗ ਵਿੱਚ ਲਿਆਉਣਾ ਚਾਹੀਦਾ ਹੈ। ਤਕਨੀਕ ਦਾ ਅਢੁਕਵਾਂ ਉਪਯੋਗ ਨਾਕਾਰਾਤਮਕ ਪ੍ਰਭਾਵ ਪਾਉਂਦਾ ਹੈ। ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਢੁਕਵੀਂ ਤਕਨੀਕ ਦੀ ਚੋਣ ਅਤੇ ਸਪੱਸ਼ਟ ਕਰਨ ਦੀ ਲੋੜ ਹੈ:

1. ਪਾਠ ਲਈ ਇਸ ਦੀ ਲੋੜ ਕਿਉਂ ਹੈ ?
2. ਤਕਨੀਕ ਕਿਉਂ ਜ਼ਿਆਦਾ ਮੁੱਲਾਂ ਨੂੰ ਪ੍ਰਦਾਨ ਕਰਦੀ ਹੈ ?

3. ਤਕਨੀਕ ਅਧਿਆਪਨ ਪ੍ਰਕਿਰਿਆ ਵਿੱਚ ਕਿਸ ਪ੍ਰਕਾਰ ਸਹਾਇਕ ਹੋ ਸਕਦੀ ਹੈ?

ਇਸ ਤੋਂ ਇਲਾਵਾ ਤਕਨੀਕ ਦੇ ਉਪਯੋਗ ਦੇ ਕੁਝ ਕਾਰਨ ਹਨ:

1. ਉੱਚ ਪ੍ਰੇਰਣਾ

2. ਅਦਭੁੱਤ ਨਿਰਦੇਸ਼ਾਤਮਕ ਸਮਰੱਥਾਵਾਂ ਜਿਵੇਂ- ਵਿਦਿਆਰਥੀਆਂ ਨੂੰ ਡੈਟਾ ਦੀਆਂ ਸਮੱਸਿਆਵਾਂ ਨੂੰ ਸਮਝਣ ਜਾਂ ਸਿਖਲਾਈ ਦੀ ਪ੍ਰਗਤੀ ਦੀ ਜਾਂਚ ਲਈ।

3. ਨਵੀਨ ਸੰਪੂਰਨ ਨਿਰਦੇਸ਼ਾਤਮਕ ਦ੍ਰਿਸ਼ਟੀਕੋਣ ਜਿਵੇਂ ਸਹਿਯੋਗੀ ਸਿਖਲਾਈ ਅਤੇ ਸਮੱਸਿਆ ਆਧਾਰਿਤ ਸਿਖਲਾਈ

4. ਅਧਿਆਪਕ ਅਤੇ ਵਿਦਿਆਰਥੀ ਗਿਆਨ ਸੰਰਚਨਾ

5. **ਲਾਗੂ ਕਰਨ ਲਈ ਵਿਧੀਆਂ**: ਇਹ ਨਿਸ਼ਚਤ ਕਰਨ ਦੇ ਬਾਅਦ ਕਿ ਕਿਹੜੀਆਂ ਤਕਨੀਕਾਂ ਦੀ ਲੋੜ ਹੈ ਅਤੇ ਕਿਉਂ ਹੈ, ਤੁਹਾਨੂੰ ਇਹ ਨਿਸ਼ਚਤ ਕਰਨਾ ਹੈ ਕਿ ਪ੍ਰਭਾਵੀ ਅਤੇ ਸਾਰਥਿਕ ਰੂਪ ਨਾਲ ਚੁਣੀ ਗਈ ਤਕਨੀਕ ਨੂੰ ਪਾਠ ਦੀ ਸਿਖਲਾਈ ਵਿੱਚ ਕਿਸ ਪ੍ਰਕਾਰ ਸ਼ਾਮਲ ਕੀਤਾ ਜਾਏ ਕਿਉਂਕਿ ਇੱਕ ਸਿਰਲੇਖ/ਵਿਸ਼ਾ ਕਈ ਪਾਠਾਂ ਤੋਂ ਬਣਦਾ ਹੈ, ਆਈ.ਸੀ.ਟੀ. ਦੇ ਏਕੀਕਰਨ ਦਾ ਵਿਸਥਾਰਤ ਵਿਵਰਣ ਹਰੇਕ ਪਾਠ ਅਤੇ ਪੂਰੇ ਪ੍ਰਕਰਣ ਲਈ ਅਲੱਗ ਅਲੱਗ ਦਿੱਤਾ ਜਾਣਾ ਚਾਹੀਦਾ ਹੈ। ਹਰੇਕ ਪਾਠ ਲਈ ਤੁਹਾਨੂੰ ਨਿਮਨਲਿਖਤ ਪ੍ਰਸ਼ਨਾਂ ਦੇ ਸਪੱਸ਼ਟ ਉੱਤਰ ਦੇਣ ਦੀ ਲੋੜ ਹੈ:

- ਆਈ.ਸੀ.ਟੀ. ਆਧਾਰਿਤ ਕਿਹੜਾ ਸਰੋਤ ਜਿਵੇਂ ਵੈੱਬ ਸਾਈਟਸ, ਸੀਡੀ ਰੋਮ ਪ੍ਰੋਗਰਾਮ ਜਾਂ ਸਿਖਲਾਈ ਵਸਤੂਆਂ ਉਪਯੋਗ ਕੀਤੀਆਂ ਜਾਣਗੀਆਂ?

- ਵਿਭਿੰਨ ਸਥਿਤੀਆਂ ਵਿੱਚ ਆਈ.ਸੀ.ਟੀ. ਆਧਾਰਿਤ ਸਰੋਤਾਂ ਦਾ ਉਪਯੋਗ ਕਿਵੇਂ ਕੀਤਾ ਜਾਏਗਾ? ਸਥਿਤੀਆਂ ਜਿਵੇਂ ਪੂਰੀ ਪ੍ਰਯੋਗਸ਼ਾਲਾ ਜਿੱਥੋਂ ਹਰੇਕ ਵਿਦਿਆਰਥੀ ਇੱਕ ਕੰਪਿਊਟਰ ਦਾ ਪ੍ਰਯੋਗ ਕਰਦਾ ਹੈ, ਜਾਂ ਅੱਧੀ ਪ੍ਰਯੋਗਸ਼ਾਲਾ ਵਾਤਾਵਰਣ ਜਿੱਥੇ ਦੋ ਵਿਦਿਆਰਥੀ ਇੱਕ ਕੰਪਿਊਟਰ ’ਤੇ ਕਾਰਜ ਕਰਦੇ ਹਨ।

- ਇਨ੍ਹਾਂ ਸਰੋਤਾਂ ਦਾ ਉਪਯੋਗ ਕਿਉਂ ਕੀਤਾ ਜਾਣਾ ਚਾਹੀਦਾ ਹੈ?

- ਪਾਠ ਦੇ ਦੌਰਾਨ ਵਿਦਿਆਰਥੀ ਕਿਹੜੇ ਕਾਰਜ/ਗਤੀਵਿਧੀ ਕਰਨਗੇ?

6. **ਪ੍ਰਤੀਬਿੰਬ ਅਤੇ ਅੱਗੇ ਦੇ ਹੋਰ ਸੁਝਾਅ**: ਇੱਕ ਯੋਜਨਾ ਉਦੋਂ ਤੱਕ ਚੰਗੀ ਨਹੀਂ ਹੁੰਦੀ ਜਦੋਂ ਤੱਕ ਇਸ ਨੂੰ ਲਾਗੂ ਨਾ ਕੀਤਾ ਜਾਏ ਅਤੇ ਉਹ ਸਹੀ ਸਿੱਧ ਨਾ ਹੋਵੇ। ਯੋਜਨਾ ਬਣਾਉਣ ਦੀ ਪ੍ਰਕਿਰਿਆ ਵਿੱਚ ਪਹਿਲਾਂ ਤੁਹਾਨੂੰ ਬਹੁਤ ਸਾਰੀਆਂ ਘਾਟਾਂ ਅਤੇ ਪ੍ਰਤੀਰੋਧਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਤੁਹਾਡੀ ਚੋਣ ਅਤੇ ਵਿਧੀਆਂ ਨੂੰ ਸੀਮਤ ਕਰ ਦਿੰਦੇ ਹਨ। ਆਈ.ਸੀ.ਟੀ. ਏਕੀਕਰਨ ਪਾਠ ਦੇ ਸੰਚਾਲਨ ਦੇ ਬਾਅਦ ਤੁਹਾਨੂੰ ਆਈ.ਸੀ.ਟੀ. ਏਕੀਕਰਨ ਦੇ ਅਨੁਭਵਾਂ ’ਤੇ ਵਿਚਾਰ ਕਰਨ ਦੀ ਲੋੜ ਹੈ। ਇਹ ਵਿਚਾਰ ਢੁਕਵੀਂ ਤਕਨੀਕ ਦੀ ਉਪਯੋਗਤਾ, ਤਕਨੀਕ ਦੀਆਂ ਚੰਗਿਆਈਆਂ ਅਤੇ ਕਮੀਆਂ ਅਤੇ ਸੰਭਵ ਸੁਧਾਰਾਂ ’ਤੇ ਫੋਕਸ ਕਰ ਸਕਦੇ ਹਾਂ। ਇਸ ਤੋਂ ਇਲਾਵਾ ਤੁਸੀਂ ਸੁਝਾਅ ਦੇ ਸਕਦੇ ਹੋ ਕਿ ਹੋਰ ਅਧਿਆਪਕ ਕਿਸ ਪ੍ਰਕਾਰ ਵਿਭਿੰਨ ਸੰਦਰਭਾਂ ਵਿੱਚ ਵਿਭਿੰਨ ਵਿਦਿਆਰਥਂ ਸਮੂਹਾਂ ਲਈ ਪਾਠਾਂ ਦਾ ਉਪਯੋਗ ਕਰ ਸਕਦੇ ਹਨ। ਇਨ੍ਹਾਂ ਸੁਝਾਵਾਂ ਵਿੱਚ ਵਿਕਲਪਿਕ ਤਕਨੀਕ, ਅਧਿਆਪਨ ਵਿਧੀਆਂ ਅਤੇ ਗਤੀਵਿਧੀਆਂ, ਮੁਲਾਂਕਣ ਦੇ ਦ੍ਰਿਸ਼ਟੀਕੋਣ ਅਤੇ ਆਈ.ਸੀ.ਟੀ. ਦੇ ਏਕੀਕਰਨ ਨੂੰ ਸੁਧਾਰਨ ਲਈ ਤਰੀਕੇ ਸ਼ਾਮਲ ਹਨ। ਇੱਕ ਅਧਿਆਪਕ ਨੂੰ ਏਕੀਕਰਨ ਯੋਜਨਾ ’ਤੇ ਵਿਚਾਰ ਕਰਨ ਵਿੱਚ ਸਹਾਇਤਾ ਲਈ ਕੁਝ ਬਿੰਦੂ ਨਿਮਨਲਿਖਤ ਹਨ:

–ਵਿਸ਼ੇ ਵਿੱਚ ਸ਼ਾਮਲ ਕੀ ਸਾਰੇ ਪ੍ਰਸ਼ਨਾਂ ਦੇ ਉੱਤਰ ਦੇ ਦਿੱਤੇ ਗਏ ਹਨ ?

– ਸਿਖਲਾਈ ਉਦੇਸ਼ਾਂ ਦੀ ਪ੍ਰਾਪਤੀ ਲਈ ਕੀ ਗਤੀਵਿਧੀ ਦੀ ਯੋਜਨਾ ਬਣਾ ਦਿੱਤੀ ਗਈ ਹੈ ?

–ਕੀ ਤਕਨੀਕ ਨਿਰਦੇਸ਼ਾਤਮਕ ਪ੍ਰਕਿਰਿਆ ਵਿੱਚ ਸਹਾਇਤਾ ਕਰਦੀ ਹੈ ?

–ਕੀ ਤਕਨੀਕ ਉਪਯੋਗ ਕਰਨ ਦੇ ਕਾਰਨ ਸਪੱਸ਼ਟ ਹਨ ?

–ਕੀ ਲਾਗੂ ਕਰਨ ਦੀ ਪ੍ਰਕਿਰਿਆ ਅਤੇ ਹੋਰ ਸੁਧਾਰ ਕੀਤਾ ਜਾ ਸਕਦਾ ਹੈ ?

– ਕੀ ਵਿਦਿਆਰਥੀ ਮੁਲਾਂਕਣ ਦੀਆਂ ਵਿਧੀਆਂ ਵੈਧ ਹਨ ?

–ਅਸੀਂ ਵਿਸ਼ੇ ਵਿੱਚ ਆਈ.ਸੀ.ਟੀ. ਦੇ ਪ੍ਰਯੋਗ ਨੂੰ ਅੱਗੇ ਕਿਵੇਂ ਸੁਧਾਰ ਸਕਦੇ ਹਾਂ ?

### 11.4.2 ਮੁਲਾਂਕਣ ਦੀ ਪ੍ਰਕਿਰਿਆ ਵਿੱਚ ਆਈ.ਸੀ.ਟੀ. ਦਾ ਏਕੀਕਰਨ

ਯਾਦ ਕਰੋ ਤੁਸੀਂ ਆਪਣੇ ਵਿਦਿਆਰਥੀਆਂ ਦਾ ਮੁਲਾਂਕਣ ਕਿਵੇਂ ਕਰਦੇ ਹੋ ? ਆਮ ਤੌਰ 'ਤੇ ਸਾਲ ਦੇ ਅੰਤ ਵਿੱਚ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਪ੍ਰਦਾਨ ਕੀਤੀਆਂ ਧਾਰਨਾਵਾਂ /ਕੁਸ਼ਲਤਾਵਾਂ ਵਿੱਚ ਕਿੰਨੀ ਮਹਾਰਤ ਪ੍ਰਾਪਤ ਕੀਤੀ ਹੈ। ਮੁਲਾਂਕਣ ਦੇ ਦ੍ਰਿਸ਼ਟੀਕੋਣ ਮੁੱਖ ਤੌਰ 'ਤੇ ਮੁੱਢਲਾ ਗਿਆਨ ਜੋ ਡਰਿਲ ਅਤੇ ਅਭਿਆਸ, ਪੂਰਵ ਅਭਿਆਸ ਅਤੇ ਦੁਹਰਾਓ ਰਾਹੀਂ ਹਾਸਲ ਕੀਤਾ ਹੁੰਦਾ ਹੈ ਅਤੇ ਕਲਾਸ ਵਿੱਚ ਜੋ ਕੁਝ ਪੜ੍ਹਾਇਆ ਗਿਆ ਜਾਂ ਪਾਠ ਪੁਸਤਕਾਂ ਵਿੱਚ ਦਿੱਤਾ ਗਿਆ ਹੈ, ਉਸਦੀ ਜਾਂਚ 'ਤੇ ਕੇਂਦਰਿਤ ਰਹਿੰਦਾ ਹੈ। ਇਨ੍ਹਾਂ ਸਥਿਤੀਆਂ ਵਿੱਚ ਪ੍ਰੀਖਿਆ ਮੁਲਾਂਕਣ ਦੇ ਮੁੱਖ ਉਪਕਰਨ ਹੁੰਦੇ ਹਨ ਅਤੇ ਇਹ ਪ੍ਰੀਖਿਆ ਚੋਣ ਪ੍ਰਤੀਉੱਤਰ ਫਾਰਮੈਟ ਵਿੱਚ ਹੁੰਦੇ ਹਨ ਜਿਵੇਂ ਬਹੁ ਵਿਕਲਪ, ਸਹੀ/ਗਲਤ ਜਾਂ ਮਿਲਾਉਣ ਵਾਲੇ ਪ੍ਰਸ਼ਨ। ਮੁਲਾਂਕਣ ਤੰਤਰ ਟੈਸਟਿੰਗ ਕਲਚਰ ਤੋਂ ਪ੍ਰਤੀਬਿੰਬਤ ਕਲਚਰ ਵਿੱਚ ਬਦਲ ਗਿਆ ਹੈ। ਪ੍ਰਤੀਬਿੰਬਤ ਕਲਚਰ ਵਿੱਚ ਮੁੱਢਲਾ ਜ਼ੋਰ ਸਵੈ ਮੁਲਾਂਕਣ ਅਤੇ ਸਮੂਹ ਮੁਲਾਂਕਣ ਨਾਲ ਰਹਿੰਦਾ ਹੈ। ਇਸ ਪ੍ਰਕਾਰ ਦੇ ਮੁਲਾਂਕਣ ਦਾ ਉਦੇਸ਼ ਵਿਦਿਆਰਥੀਆਂ ਦਾ ਮੁਲਾਂਕਣ ਨਿਮਨ ਖੇਤਰਾਂ ਵਿੱਚ ਕੀਤਾ ਜਾਂਦਾ ਹੈ:

–ਬੌਧਿਕ ਕੁਸ਼ਲਤਾਵਾਂ ਜਿਵੇਂ ਸਮੱਸਿਆ ਹੱਲ, ਆਲੋਚਨਾਤਮਕ ਚਿੰਤਨ ਪ੍ਰਸ਼ਨਾਂ ਦੀ ਰਚਨਾ, ਪ੍ਰਸੰਗਿਕ ਸੂਚਨਾਵਾਂ ਨੂੰ ਲੱਭਣਾ, ਸੂਚਿਤ ਫੈਸਲਾ ਲੈਣਾ, ਸੂਚਨਾ ਦਾ ਕੁਸ਼ਲਤਾ ਪੂਰਨ ਉਪਯੋਗ,ਪ੍ਰੇਖਣ ਕਰਨਾ, ਖੋਜ/ਜਾਂਚ ਕਰਨਾ ਅਤੇ ਨਵੀਆਂ ਚੀਜ਼ਾਂ ਨੂੰ ਬਣਾਉਣਾ, ਅੰਕੜਿਆਂ ਦਾ ਵਿਸ਼ਲੇਸ਼ਣ ਕਰਨਾ, ਅੰਕੜਿਆਂ ਦਾ ਪ੍ਰਸਤੁਤੀਕਰਨ, ਮੌਖਿਕ ਅਤੇ ਲਿਖਤ ਪ੍ਰਗਟਾਵਾ ਆਦਿ।

–ਮੇਟਾ ਬੌਧਿਕ ਕੁਸ਼ਲਤਾਵਾਂ ਜਿਵੇਂ ਸਵੈ ਪ੍ਰਤੀਬਿੰਬਤ ਅਤੇ ਸਵੈ ਮੁਲਾਂਕਣ।

–ਸਮਾਜਿਕ ਕੁਸ਼ਲਤਾਵਾਂ ਜਿਵੇਂ ਚਰਚਾ ਅਤੇ ਗੱਲਬਾਤ ਕਰਨਾ, ਸਹਿਯੋਗ ਕਰਨਾ, ਸਮੂਹ ਵਿੱਚ ਕਾਰਜ ਕਰਨਾ ਆਦਿ ਅਤੇ ਪ੍ਰਭਾਵੀ ਨਿਪਟਾਉਣਾ ਜਿਵੇਂ ਦ੍ਰਿੜਤਾ, ਅੰਦਰੂਨੀ ਪ੍ਰੇਰਨਾ, ਜ਼ਿੰਮੇਵਾਰੀ, ਸਵੈ ਪ੍ਰਭਾਵ, ਆਜ਼ਾਦੀ ਅਤੇ ਲਚਕੀਲਾਪਣ।

ਇਹ ਮੁਲਾਂਕਣ ਪ੍ਰਕਿਰਿਆ ਅਤੇ ਪ੍ਰਤੀਫਲ ਦੋਨਾਂ ਨੂੰ ਪ੍ਰਦਰਸ਼ਿਤ ਕਰਦੇ ਹਨ। ਪ੍ਰਕਿਰਿਆ ਮੁਲਾਂਕਣ ਜਾਂਚ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਸਿਖਲਾਈ ਕਿਰਿਆਵਾਂ/ਕਾਰਜਾਂ ਨੂੰ ਕਿਸ ਪ੍ਰਕਾਰ ਪੂਰਾ ਕਰਦੇ ਹਨ, ਅੰਤਿਮ ਕਾਰਜ ਪੂਰਾ ਕਰਨ ਲਈ ਇਕੱਠੇ ਕਾਰਜ ਕਰਦੇ ਹਨਜਾਂ ਗਿਆਨ ਦੀ ਸੰਰਚਨਾ ਕਰਦੇ ਹਨ। ਇਸ ਕਾਰਜ ਲਈ ਉਹ ਆਈ.ਸੀ.ਟੀ. ਦਾ ਉਪਯੋਗ ਕਰਕੇ ਆਪਸੀ ਸਹਿਯੋਗ ਨਾਲ ਕਾਰਜ ਕਰਦੇ ਹਨ। ਪ੍ਰਕਿਰਿਆ ਮੁਲਾਂਕਣ ਵਿੱਚ ਢੁਕਵੀਆਂ ਵਿਧੀਆਂ ਹਨ: ਔਨਲਾਈਨ ਰਿਫਲੈਕਸ਼ਨ ਜਰਨਲ ਲਿਖਣਾ, ਸਮੂਹ ਮੁਲਾਂਕਣ ਜਾਂ ਪੀਅਰ ਮੁਲਾਂਕਣ ਜਾਂ ਈ–ਪੋਰਟਫੋਲਿਓ ਪ੍ਰਤੀਫਲ ਮੁਲਾਂਕਣ ਦਾ ਉਦੇਸ਼ ਅੰਤਿਮ ਪ੍ਰਤੀਫਲਾਂ ਦੀ ਗੁਣਵੱਤਾ ਦੀ ਜਾਂਚ ਕਰਨਾ ਹੈ ਜਿਵੇਂ ਸਮੱਸਿਆ ਦੇ ਹੱਲ ਜਾਂ ਸੌਫਟਵੇਅਰ ਪ੍ਰੋਗਰਾਮ ਦਾ ਵਿਕਾਸ। ਆਮ ਤੌਰ 'ਤੇ ਮੁਲਾਂਕਣ ਦੇ ਦੋ ਰੂਪ ਹਨ:

–**ਆਈ.ਸੀ.ਟੀ. ਆਧਾਰਿਤ ਮੁਲਾਂਕਣ**: ਜਿਸ ਵਿੱਚ ਕੰਪਿਊਟਰ ਆਧਾਰਿਤ ਜਾਂਚ, ਮਲਟੀਮੀਡੀਆ ਪ੍ਰੋਗਰਾਮ ਦਾ ਵਿਕਾਸ, ਪਾਵਰ ਪੁਆਂਇੰਟ ਪ੍ਰਸਤੁਤੀਕਰਨ ਜਾਂ ਕਾਨਸੈਪਟ ਮੈਪ ਬਣਾਉਣਾ ਆਉਂਦਾ ਹੈ।

–**ਗੈਰ ਆਈ.ਸੀ.ਟੀ. ਆਧਾਰਿਤ ਮੁਲਾਂਕਣ**: ਇਸ ਤਹਿਤ ਲੇਖ ਲਿਖਣਾ, ਪ੍ਰਤੀਬਿੰਬ ਜਨਰਲ, ਜਾਂ ਛੋਟੇ ਪ੍ਰਸ਼ਨਾਂ ਦੇ ਉੱਤਰ ਇੱਕ ਕਾਗਜ਼ 'ਤੇ ਲਿਖਣੇ ਸ਼ਾਮਲ ਹਨ।

ਮੁਲਾਂਕਣ ਦੀ ਪ੍ਰਕਿਰਿਆ ਵਿੱਚ ਆਈ.ਸੀ.ਟੀ. ਦੇ ਏਕੀਕਰਨ ਰਾਹੀਂ ਮੁਲਾਂਕਣ ਸੰਸਕ੍ਰਿਤੀ ਨੂੰ ਲਾਗੂ ਕਰਨ ਦੀ ਮਜ਼ਬੂਤੀ ਬਣਾਉਣ ਲਈ ਕਈ ਸੰਭਾਵਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਇਹ ਨਿਮਨਲਿਖਤ ਸਿਧਾਂਤਾਂ ਦੇ ਏਕੀਕਰਨ ਨੂੰ ਮਜ਼ਬੂਤ ਬਣਾਉਣਾ ਹੈ:

–**ਲਚਕੀਲਾਪਣ**: ਵਿਦਿਆਰਥੀ ਕਿਸੇ ਵੀ ਸਮੇਂ, ਕਿਸੇ ਵੀ ਸਥਾਨ 'ਤੇ ਬਿਨਾਂ ਕਿਸੇ ਕਾਰਜ ਦੇ ਪ੍ਰਤੀਬੰਧ ਦੇ ਰਚਨਾਤਮਕ ਅਤੇ ਸਮੁੱਚੇ ਮੁਲਾਂਕਣ ਵਿੱਚ ਭਾਗ ਲੈ ਸਕਦੇ ਹਨ।

–**ਮੁਲਾਂਕਣ ਸਿਖਲਾਈ ਲਈ ਇੱਕ ਉਪਕਰਨ ਦੇ ਰੂਪ ਵਿੱਚ**: ਇਸ ਪ੍ਰਕਾਰ ਦੀ ਮੁਲਾਂਕਣ ਪ੍ਰਕਿਰਿਆ ਵਿੱਚ ਕਾਰਜਾਂ ਵਿੱਚ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਨਾਲ ਉਨ੍ਹਾਂ ਨੂੰ ਸਿਖਲਾਈ ਦੇ ਢੁਕਵੇਂ ਅਵਸਰ ਮਿਲਦੇ ਹਨ। ਜ਼ਿਆਦਾਤਰ ਜਾਂਚ ਕਰਨ ਵਾਲੇ ਤੰਤਰ ਗੰਭੀਰ ਫੀਡਬੈਕ ਦਿੰਦੇ ਹਨ ਅਤੇ ਵਿਦਿਆਰਥੀ ਦੀ ਪ੍ਰਗਤੀ ਵੀ ਔਨਲਾਈਨ ਉਪਲੱਬਧ ਰਹਿੰਦੀ ਹੈ, ਜਿਸ ਕਾਰਨ ਸਿਖਲਾਈ ਮਜ਼ਬੂਤ ਹੁੰਦੀ ਹੈ।

–**ਵਿਦਿਆਰਥੀਆਂ 'ਤੇ ਆਪਣੀ ਸਿਖਲਾਈ ਦੀ ਜ਼ਿੰਮੇਵਾਰੀ**: ਲਚਕੀਲਾਪਣ ਸਿਖਿਆਰਥੀਆਂ ਨੂੰ ਜ਼ਿਆਦਾ ਜ਼ਿੰਮੇਵਾਰੀ ਦੇਣ ਦੀ ਇੱਕ ਸਥਿਤੀ ਹੈ। ਦੂਜੀ ਜ਼ਿੰਮੇਵਾਰੀ ਹੈ ਮੁਲਾਂਕਣ ਦੀ ਪ੍ਰਕਿਰਿਆ ਵਿੱਚ ਜ਼ਿੰਮੇਵਾਰੀ ਨੂੰ ਵੰਡਣਾ। ਇਲੈੱਕਟ੍ਰਾਨਿਕ ਸਾਥੀ ਮੁਲਾਂਕਣ ਅਤੇ ਇਲੈੱਕਟ੍ਰਾਨਿਕ ਪੋਰਟਫੋਲਿਓ, ਇਲੈੱਕਟ੍ਰਾਨਿਕ ਮੁਲਾਂਕਣ ਵਿਧੀ ਦੇ ਉਦਾਹਰਨ ਹਨ ਜੋ ਇਸ ਸਿਧਾਂਤ ਦੇ ਅੰਦਰ ਆਉਂਦੇ ਹਨ।

–**ਉਤਪਾਦ ਅਤੇ ਪ੍ਰਕਿਰਿਆ ਮੁਲਾਂਕਣ**: ਲਗਪਗ ਸਾਰੇ ਇਲੈੱਕਟ੍ਰਾਨਿਕ ਪੋਰਟਫੋਲਿਓ ਅਤੇ ਇਲੈੱਕਟ੍ਰਾਨਿਕ ਪਿਅਰ ਮੁਲਾਂਕਣ ਵਿੱਚ ਉਤਪਾਦ ਅਤੇ ਪ੍ਰਕਿਰਿਆ ਦੇ ਮਾਪਦੰਡਾਂ ਦਾ ਉਪਯੋਗ ਕੀਤਾ ਜਾਂਦਾ ਹੈ।

–**ਮੁਲਾਂਕਣ ਦਾ ਪ੍ਰਮਾਣਿਕ ਹੋਣਾ**: ਅਸਲ ਜੀਵਨ ਸਥਿਤੀਆਂ, ਇਲੈੱਕਟ੍ਰਾਨਿਕ ਸਿਮੁਲੇਸ਼ਨ ਗੇਮਜ਼ ਆਦਿ ਔਨਲਾਈਨ ਉਪਲੱਬਧ ਹੁੰਦੇ ਹਨ ਜਿਸ ਰਾਹੀਂ ਵਿਦਿਆਰਥੀਆਂ ਦੀਆਂ ਕੁਸ਼ਲਤਾਵਾਂ ਨੂੰ ਠੀਕ ਤਰ੍ਹਾਂ ਨਾਲ ਜਾਂਚਣਾ ਸੰਭਵ ਹੋ ਜਾਂਦਾ ਹੈ।

–ਮੁਲਾਂਕਣ ਦੀ ਪ੍ਰਕਿਰਿਆ ਵਿੱਚ ਵਿਦਿਆਰਥੀ ਇੱਕ ਸਰਗਰਮ ਪ੍ਰਤੀਭਾਗੀ ਦੇ ਰੂਪ ਵਿੱਚ ਇਸ ਦਾ ਪਹਿਲਾ ਖੇਤਰ ਮੁਲਾਂਕਣ ਲਈ ਮਾਪਦੰਡਾਂ ਦਾ ਵਿਕਾਸ ਕਰਨਾ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਲਈ ਉਹ ਅਧਿਆਪਕਾਂ ਨਾਲ ਚਰਚਾ ਅਤੇ ਅੰਤਰਕਿਰਿਆ ਕਰਦੇ ਹਨ। ਇਲੈੱਕਟ੍ਰਾਨਿਕ ਪਿਅਰ ਮੁਲਾਂਕਣ ਇਸ ਦਾ ਇੱਕ ਉਦਾਹਰਨ ਹੈ। ਇਸ ਦਾ ਦੂਜਾ ਖੇਤਰ ਹੈ ਮੁਲਾਂਕਣ ਕਿਰਿਆਵਾਂ ਦਾ ਉਪਯੋਗ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਕਿਰਿਆਵਾਂ ਦੇ ਸਮਾਧਾਨ ਦਾ ਫੈਸਲਾ ਕਰਨ ਦਾ ਨਿਰਦੇਸ਼ ਦੇਣ।

**ਈ : 4 ਕਲਾਸ ਵਿੱਚ ਆਈ.ਸੀ.ਟੀ. ਦਾ ਏਕੀਕਰਨ ਕੀ ਹੈ ?**

**ਈ: 5 ਮੁਲਾਂਕਣ ਦੀ ਪ੍ਰਕਿਰਿਆ ਵਿੱਚ ਕਿਹੜੇ ਉਪਕਰਨਾਂ ਦਾ ਉਪਯੋਗ ਕੀਤਾ ਜਾ ਸਕਦਾ ਹੈ ?**

**ਈ : 6 ਮੁਲਾਂਕਣ ਦੀ ਪ੍ਰਕਿਰਿਆ ਵਿੱਚ ਆਈ.ਸੀ.ਟੀ. ਦੇ ਕੀ ਲਾਭ ਹਨ ?**

## 11.5 ਸਾਰਾਂਸ਼

- ਸੂਚਨਾ ਅਤੇ ਸੰਚਾਰ ਤਕਨੀਕ (ਆਈ.ਸੀ.ਟੀ.) ਦੀ ਪਰਿਭਾਸ਼ਾ ਹੈ: ਵਿਭਿੰਨ ਤਕਨੀਕੀ ਉਪਕਰਨਾਂ ਅਤੇ ਸਰੋਤਾਂ ਦਾ ਇੱਕ ਸੈੱਟ ਜਿਸ ਦਾ ਪ੍ਰਯੋਗ ਸੂਚਨਾ ਦੇ ਸੰਚਾਰ, ਨਿਰਮਾਣ, ਵੰਡ, ਇਕੱਠਾ ਕਰਨ ਅਤੇ ਪ੍ਰਬੰਧ ਕਰਨ ਵਿੱਚ ਕੀਤਾ ਜਾਂਦਾ ਹੈ।

- ਆਈ.ਸੀ.ਟੀ. ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਸੂਚਨਾ ਅਤੇ ਸੰਚਾਰ ਇਨਫਰਾਸਟਰੱਕਚਰ ਅਤੇ ਸੂਚਨਾ ਤਕਨੀਕ

- ਆਈ.ਸੀ.ਟੀ. ਉਪਕਰਨ ਵਿਭਿੰਨ ਰੂਪਾਂ ਵਿੱਚ ਹੋ ਸਕਦੇ ਹਨ ਜਿਵੇਂ ਆਡਿਓ, ਵੀਡਿਓ ਅਤੇ ਆਡਿਓ ਵੀਡਿਓ। ਆਈ.ਸੀ.ਟੀ. ਦੇ ਉਪਕਰਨ ਇਕਹਿਰੀ ਤਕਨੀਕ ਨਹੀਂ ਹੈ ਬਲਕਿ ਇਸ ਵਿੱਚ ਹਾਰਡਵੇਅਰ, ਸੌਫਟਵੇਅਰ, ਮਲਟੀਮੀਡੀਆ ਅਤੇ ਡਲਿਵਰੀ ਸਿਸਟਮ ਸ਼ਾਮਲ ਹੈ।

- ਆਈ.ਸੀ.ਟੀ. ਉਪਕਰਨਾਂ ਨੂੰ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ (ੳ) ਸੂਚਨਾ ਉਪਕਰਨ (ਅ) ਸਥਿਤੀਜਨਕ ਉਪਕਰਨ (ੲ) ਰਚਨਾਤਮਕ ਉਪਕਰਨ ਅਤੇ (ਸ) ਸੰਚਾਰ ਉਪਕਰਨ।

- ਆਈ.ਸੀ.ਟੀ. ਉਪਕਰਨਾਂ ਨੂੰ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਵਿਭਿੰਨ ਖੇਤਰਾਂ ਵਿੱਚ ਪ੍ਰਯੋਗ ਕੀਤਾ ਜਾ ਸਕਦਾ ਹੈ। ਇਨ੍ਹਾਂ ਨੂੰ ਅਧਿਆਪਨ ਪ੍ਰਕਿਰਿਆ ਅਤੇ ਮੁਲਾਂਕਣ ਦੀ ਪ੍ਰਕਿਰਿਆ ਵਿੱਚ ਉਪਯੋਗ ਵਿੱਚ ਲਿਆਂਦਾ ਜਾ ਸਕਦਾ ਹੈ।

- ਕਲਾਸ ਵਿੱਚ ਆਈ.ਸੀ.ਟੀ. ਦਾ ਏਕੀਕਰਨ ਅਧਿਆਪਕ ਦੀ ਅਧਿਆਪਨ ਕਲਾ ਸਬੰਧੀ ਕੁਸ਼ਲ ਹੈ ਨਾ ਕਿ ਤਕਨੀਕੀ ਕੁਸ਼ਲ। ਇਸ ਲਈ ਇੱਕ ਵਿਵਸਥਿਤ ਯੋਜਨਾ ਮਾਡਲ 'ਤੇ ਕਾਰਜ ਕੀਤਾ ਜਾਂਦਾ ਹੈ।

### 11.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

ਈ :1 ਸੂਚਨਾ ਤਕਨੀਕ ਅਤੇ ਸੰਚਾਰ ਤਕਨੀਕ

ਈ :2 ਸਿਚੁਏਟਿੰਗ, ਰਚਨਾਤਮਕ ਅਤੇ ਸਿਚੁਏਟਿੰਗ ਆਈ.ਸੀ.ਟੀ. ਉਪਕਰਨਾ

ਈ :3 ਆਡਿਓ, ਵੀਡਿਓ ਅਤੇ ਆਡਿਓ-ਵੀਡਿਓ

ਈ :4 ਅਧਿਆਪਨ ਪ੍ਰਕਿਰਿਆ ਵਿੱਚ ਆਈ.ਸੀ.ਟੀ. ਉਪਕਰਨਾਂ ਦਾ ਉਪਯੋਗ।

ਈ :5 ਈ-ਪੋਰਟਫੋਲਿਓ, ਇਲੈੱਕਟ੍ਰਾਨਿਕ ਪਿਅਰ ਮੁਲਾਂਕਣ, ਰਯੂਬ੍ਰਿਕਸ ਆਦਿ।

ਈ :6 ਸਿਖਲਾਈ ਵਿੱਚ ਲਚਕੀਲਾਪਣ ਅਤੇ ਸਿਖਲਾਈ ਦੀ ਜ਼ਿੰਮੇਵਾਰੀ

### 11.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

1. Wright, C. (2000). Issues in Education and Technology: Policy Guidelines

and Strategies, London: Commonwealth Secretariat

2. Resta, P. (2002). Information and Communication Technology in Teacher

Education: A Planning Guide. Paris: UNESCO

3. UNESCO (2005). Information and Communication Technologies in School.

A Hand book for Teachers. Paris: UNESCO.

**11.8 ਇਕਾਈ ਅੰਤ ਅਭਿਆਸ**

1. ਵਿਭਿੰਨ ਪ੍ਰਕਾਰ ਦੇ ਆਈ.ਸੀ.ਟੀ. ਉਪਕਰਨਾਂ ਦੀ ਪਛਾਣ ਕਰੋ ਜਿਨ੍ਹਾਂ ਨੂੰ ਤੁਸੀਂ ਆਪਣੀ ਕਲਾਸ ਵਿੱਚ ਉਪਯੋਗ ਵਿੱਚ ਲਿਆ ਸਕਦੇ ਹੋ।

2. ਆਪਣੇ ਵਿਸ਼ਿਆਂ ਵਿੱਚੋਂ ਇੱਕ ਪਾਠ ਚੁਣੋ ਅਤੇ ਰੇਖਿਕ ਕੇਂਦਰਿਤ ਸਿਖਲਾਈ ਦੇ ਆਧਾਰ 'ਤੇ ਵਿਭਿੰਨ ਆਈ.ਸੀ.ਟੀ. ਉਪਕਰਨਾਂ ਦੇ ਉਪਯੋਗ ਰਾਹੀਂ ਪਾਠ ਯੋਜਨਾ ਵਿਕਸਤ ਕਰੋ।

3. ਮੁਲਾਂਕਣ ਦੀ ਪ੍ਰਕਿਰਿਆ ਵਿੱਚ ਆਈ.ਸੀ.ਟੀ. ਉਪਕਰਨਾਂ ਦੇ ਕੀ ਲਾਭ ਹਨ?

4. ਆਈ.ਸੀ.ਟੀ. ਦੇ ਸੂਚਨਾ ਅਤੇ ਸੰਚਾਰ ਉਪਕਰਨਾਂ ਵਿੱਚ ਅੰਤਰ ਕਰੋ ਅਤੇ ਸਿਖਲਾਈ ਪ੍ਰਕਿਰਿਆ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਦੀ ਚਰਚਾ ਉਦਾਹਰਨਾਂ ਸਮੇਤ ਕਰੋ।

**ਇਕਾਈ– 12 ਕੰਪਿਊਟਰ ਸਹਿ ਸਿਖਲਾਈ**

**ਸੰਰਚਨਾ**

12.0 ਜਾਣ ਪਛਾਣ

12.1 ਸਿਖਲਾਈ ਉਦੇਸ਼

12.2 ਕੰਪਿਊਟਰ

12. 2.1 ਕੰਪਿਊਟਰ ਕੀ ਹੈ ?

12.2.2 ਕਾਰਜਾਤਮਕ ਇਕਾਈਆਂ

12.2.3 ਮੁੱਖ ਭਾਗ

12.2.4 ਕੰਪਿਊਟਰ ਦੇ ਪ੍ਰਕਾਰ

12.2.5 ਕੰਪਿਊਟਰ ਨੂੰ ਪ੍ਰਯੋਗ ਕਰਨਾ

12.3 ਕੰਪਿਊਟਰ ਸਿਖਲਾਈ ਦੇ ਸਰੋਤ ਦੀ ਤਰ੍ਹਾਂ

12.3.1 ਇੰਟਰਨੈੱਟ ਅਤੇ ਵੈੱਬ

12.3.2 ਇੰਟਰਨੈੱਟ ਆਧਾਰਿਤ ਸਿਖਲਾਈ

12.4 ਕੰਪਿਊਟਰ ਸਹਿ ਸਿਖਲਾਈ

12.4.1 ਕੰਪਿਊਟਰ ਸਹਿ ਸਿਖਲਾਈ ਦੇ ਸਾਧਨ

12.4. 2 ਕੰਪਿਊਟਰ ਸਹਿ ਸਿਖਲਾਈ ਲਈ ਯੋਜਨਾ ਬਣਾਉਣਾ

12.5 ਸਾਰਾਂਸ਼

12.6 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

12.7 ਇਕਾਈ ਅੰਤ ਅਭਿਆਸ

## 12.0 ਜਾਣ ਪਛਾਣ

ਯਾਦ ਕਰੋ ਕਿ ਤੁਸੀਂ ਕਲਾਸ ਵਿੱਚ ਅਧਿਆਪਨ ਲਈ ਕੀ ਕਰਦੇ ਹੋ ? ਤੁਸੀਂ ਕਲਾਸ ਲਈ ਯੋਜਨਾ ਤਿਆਰ ਕਰਦੇ ਹੋ, ਕਲਾਸ ਵਿੱਚ ਵਿਭਿੰਨ ਕਿਰਿਆਵਾਂ ਕਰਾਉਣ ਲਈ ਜੋ ਸਮੱਗਰੀ ਚਾਹੀਦੀ ਹੈ, ਉਸ ਦਾ ਪ੍ਰਬੰਧ ਕਰਦੇ ਹੋ, ਜਦੋਂ ਤੁਸੀਂ ਪੜ੍ਹਾ ਰਹੇ ਹੁੰਦੇ ਹੋ ਤਾਂ ਬੱਚਿਆਂ ਨੂੰ ਕੰਮ ਵਿੱਚ ਲਗਾਈ ਰੱਖਦੇ ਹੋ, ਵਿਆਖਿਆ ਕਰਦੇ ਹੋ, ਪ੍ਰਦਰਸ਼ਨ ਕਰਦੇ ਹੋ, ਪ੍ਰਸ਼ਨ ਕਰਦੇ ਹੋ, ਬੱਚਿਆਂ ਦੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋ, ਸਮੂਹ ਕਾਰਜ ਕਰਾਉਂਦੇ ਹੋ, ਬੱਚਿਆਂ ਵੱਲੋਂ ਦਿਖਾਈਆਂ ਗਈਆਂ ਕਿਰਿਆਵਾਂ ਦਾ ਮੁਲਾਂਕਣ ਕਰਦੇ ਹੋ ਅਤੇ ਕਲਾਸ ਅਧਿਆਪਨ ਨਾਲ ਜੁੜੀਆਂ ਹੋਈਆਂ ਅਤੇ ਕਈ ਕਿਰਿਆਵਾਂ ਕਰਦੇ ਹੋ। ਅਧਿਆਪਨ ਸਿਖਲਾਈ ਇੱਕ ਬਹੁਤ ਜਟਿਲ ਪ੍ਰਕਿਰਿਆ ਹੈ ਜੋ ਅਧਿਆਪਕ ਤੋਂ ਬਹੁਤ ਕੋਸ਼ਿਸ਼ਾਂ ਅਤੇ ਜ਼ਿੰਮੇਵਾਰੀਆਂ ਦੀ ਮੰਗ ਕਰਦਾ ਹੈ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਬਿਹਤਰੀਨ ਅਧਿਆਪਕ ਵੀ ਕਦੇ ਕਦੇ ਆਪਣੀਆਂ ਉਮੀਦਾਂ ਦੇ ਅਨੁਸਾਰ ਕਾਰਜ ਨਹੀਂ ਕਰ ਪਾਉਂਦਾ। ਪਰ ਪਰੰਪਰਿਕ ਅਧਿਆਪਨ ਵਿਧੀ ਵਿੱਚ ਤਕਨੀਕ ਦੇ ਪ੍ਰਯੋਗ ਦੇ ਪ੍ਰਭਾਵ ਕਾਰਨ ਖਾਸ ਕਰਕੇ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਕੰਪਿਊਟਰਾਂ ਦੇ ਪ੍ਰਯੋਗ ਨਾਲ ਭਾਰੀ ਤਬਦੀਲੀਆਂ ਆਈਆਂ ਹਨ। ਕਲਾਸ ਵਿੱਚ ਅਧਿਆਪਕਾਂ ਦੀ ਭੂਮਿਕਾ ਵੀ ਤੇਜ਼ੀ ਨਾਲ ਬਦਲੀ ਹੈ। ਸਿਖਲਾਈ ਦੀ ਪ੍ਰਕਿਰਿਆ ਵਿਸ਼ੇਸ਼ ਤੌਰ 'ਤੇ ਕਲਾਸ ਸਿਖਲਾਈ ਜ਼ਿਆਦਾ ਤੋਂ ਜ਼ਿਆਦਾ ਬਾਲ ਕੇਂਦਰਿਤ ਬਣਦੀ ਜਾ ਰਹੀ ਹੈ ਜਿਸ ਵਿੱਚ ਸਿਖਲਾਈ ਦਾ ਜ਼ਿਆਦਾ ਧਿਆਨ ਬੱਚੇ 'ਤੇ ਹੁੰਦਾ ਹੈ। ਅਧਿਆਪਕ ਦੀ ਭੂਮਿਕਾ ਹੁਣ ਗਿਆਨ ਦੇਣ ਵਾਲੇ ਤੋਂ ਬਦਲ ਕੇ ਗਿਆਨ ਪ੍ਰਾਪਤੀ ਲਈ ਮੈਂਟਰ (ਉਸਤਾਦ) ਅਤੇ ਕਲਾਸ ਵਿੱਚ ਸਿਖਲਾਈ ਦੇ ਸਹਿਜਕਰਤਾ ਵਿੱਚ ਬਦਲ ਗਈ ਹੈ। ਤੁਹਾਨੂੰ ਇੱਕ ਮੈਂਟਰ ਜਾਂ ਸਿਖਲਾਈ ਸਹਿਜਕਰਤਾ ਦੇ ਰੂਪ ਵਿੱਚ ਕੇਵਲ ਇਹੀ ਕਰਨਾ ਹੈ ਕਿ ਬੱਚੇ ਨੂੰ ਅਨੁਭਵ ਅਤੇ ਸੂਚਨਾ ਦੇ ਵਿਭਿੰਨ ਸਰੋਤਾਂ ਦੇ ਬਾਰੇ ਵਿੱਚ ਮਾਰਗ ਦਰਸ਼ਕ ਕਰਨਾ ਹੈ। ਜੋ ਕਿ ਉਹ ਸਿਖਲਾਈ ਲਈ ਪ੍ਰਯੋਗ ਕਰਨਗੇ। ਇਸ ਸੰਦਰਭ ਵਿੱਚ ਕੰਪਿਊਟਰ ਦੀ ਭੂਮਿਕਾ ਵਿਭਿੰਨ ਸਰੋਤਾਂ ਤੋਂ ਸੂਚਨਾ ਤੱਕ ਪਹੁੰਚਣ, ਇਕੱਠੀ ਕਰਨ, ਉਸ ਨੂੰ ਸਿਖਲਾਈ ਲਈ ਸੁਵਿਧਾ ਅਨੁਸਾਰ ਬਦਲਣ ਅਤੇ ਪ੍ਰਕਿਰਿਆ ਕਰਨ ਦੀ ਹੈ। ਇਸ ਲਈ ਇੱਕ ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਕਲਾਸ ਵਿੱਚ ਕੰਪਿਊਟਰ ਦੇ ਪ੍ਰਯੋਗ ਦੇ ਕੁਸ਼ਲ ਦਾ ਵਿਕਾਸ ਕਰਨਾ ਹੋਏਗਾ ਅਤੇ ਕੰਪਿਊਟਰ ਦੇ ਬਾਰੇ ਵਿੱਚ ਬੁਨਿਆਦੀ ਗਿਆਨ ਪ੍ਰਾਪਤ ਕਰਨਾ ਹੋਏਗਾ। ਇਸ ਇਕਾਈ ਵਿੱਚ ਕੰਪਿਊਟਰ ਦੇ ਬਾਰੇ ਵਿੱਚ ਬੁਨਿਆਦੀ ਵਿਚਾਰ ਅਤੇ ਇਸ ਦੇ ਬੁਨਿਆਦੀ ਕਾਰਜ ਜੋ ਕਿ ਕੰਪਿਊਟਰ ਸਹਿ ਸਿਖਲਾਈ ਵਿੱਚ ਪ੍ਰਯੋਗ ਵਿੱਚ ਲਿਆਂਦੇ ਜਾਂਦੇ ਹਨ, ਉਨ੍ਹਾਂ 'ਤੇ ਚਰਚਾ ਕੀਤੀ ਗਈ ਹੈ।

ਤੁਹਾਨੂੰ ਇਸ ਇਕਾਈ ਨੂੰ ਪੂਰਾ ਕਰਨ ਅਤੇ ਇਸ ਵਿੱਚ ਦਿੱਤੀਆਂ ਗਈਆਂ ਧਾਰਨਾਵਾਂ ਨੂੰ ਸਮਝਣ ਵਿੱਚ ਘੱਟ ਤੋਂ ਘੱਟ 8 ਘੰਟੇ ਲੱਗਣਗੇ।

## 12.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੂਰਾ ਪੜ੍ਹਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਜਾਓਗੇ ਕਿ:

- ਕੰਪਿਊਟਰ ਦੇ ਵਿਭਿੰਨ ਭਾਗਾਂ ਨੂੰ ਪਛਾਣ ਸਕੋਗੇ।
- ਕਲਾਸ ਵਿੱਚ ਕੰਪਿਊਟਰ ਦੀ ਭੂਮਿਕਾ ਨੂੰ ਪਛਾਣ ਸਕੋਗੇ।
- ਇੰਟਰਨੈੱਟ ਦਾ ਪ੍ਰਯੋਗ ਕਰਕੇ ਸੂਚਨਾ ਇਕੱਠੀ ਕਰ ਅਤੇ ਵੰਡ ਸਕੋਗੇ।
- ਕੰਪਿਊਟਰ ਸਹਿ ਸਿਖਲਾਈ ਦੇ ਵਿਭਿੰਨ ਸਾਧਨਾਂ ਦਾ ਪ੍ਰਯੋਗ ਕਰ ਸਕੋਗੇ।

## 12.2 ਕੰਪਿਊਟਰ

ਅੱਜ ਦੇ ਸੰਸਾਰ ਵਿੱਚ ਕੰਪਿਊਟਰ ਸਭ ਥਾਵਾਂ 'ਤੇ ਮੌਜੂਦ ਹੈ। ਅਸੀਂ ਇਸ ਨੂੰ ਦੁਕਾਨਾਂ, ਰੇਲਵੇ ਸਟੇਸ਼ਨਾਂ, ਬੈਂਕਾਂ ਅਤੇ ਦਫ਼ਤਰਾਂ ਵਿੱਚ ਦੇਖਦੇ ਹਾਂ। ਅਲੱਗ ਸਥਾਨ 'ਤੇ ਕੰਪਿਊਟਰ ਦੇ ਅਲੱਗ

ਅਲੱਗ ਪ੍ਰਯੋਗ ਹਨ। ਇਨ੍ਹਾਂ ਦਾ ਪ੍ਰਯੋਗ ਜਟਿਲ ਗਣਿਤਕੀ ਅਤੇ ਸੰਖਿਆ ਗਣਨਾ ਕਰਨ ਲਈ, ਬਿੱਲ ਤਿਆਰ ਕਰਨ ਲਈ ਅਤੇ ਦਫ਼ਤਰਾਂ ਅਤੇ ਦੁਕਾਨਾਂ ਵਿੱਚ ਲੇਖਾ ਜੋਖਾ ਰੱਖਣ ਲਈ, ਰੇਲਵੇ ਅਤੇ ਹਵਾਈ ਯਾਤਰਾਵਾਂ ਦੀ ਬੁਕਿੰਗ ਕਰਾਉਣ ਲਈ, ਮੈਡੀਕਲ ਜਾਂਚ ਅਤੇ ਸਰਜਰੀ ਲਈ ਅਤੇ ਮਨੁੱਖੀ ਗਿਆਨ ਦੇ ਹਰ ਖੇਤਰ ਵਿੱਚ ਸੂਚਨਾ ਦਾ ਭੰਡਾਰ ਕਰਨ ਅਤੇ ਵੰਡਣ ਲਈ ਕੀਤਾ ਜਾਂਦਾ ਹੈ। ਅਲੱਗ ਅਲੱਗ ਖੇਤਰਾਂ ਵਿੱਚ ਕੰਪਿਊਟਰਾਂ ਦੇ ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਦੇ ਕਾਰਨ ਤਰਜੀਹ ਦਿੱਤੀ ਜਾਂਦੀ ਹੈ। ਜਿਵੇਂ ਗਤੀ, ਸਟੀਕਤਾ ਅਤੇ ਕਾਰਜ ਕੁਸ਼ਲਤਾ। ਇਸ ਨਾਲ ਸਿੱਖਿਆ ਵਿੱਚ ਵੀ ਆਪਣਾ ਸਥਾਨ ਬਣਾ ਲਿਆ ਹੈ ਖਾਸ ਕਰਕੇ ਕਲਾਸ ਵਿੱਚ। ਇੱਕ ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਆਪਣੇ ਬੱਚਿਆਂ ਦੀ ਸਿਖਲਾਈ ਵਿੱਚ ਉਪਯੋਗ ਲਈ ਇਸ ਦੇ ਕਾਰਜ ਅਤੇ ਲਾਭ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ।

### 12.2.1 **ਕੰਪਿਊਟਰ ਕੀ ਹੈ ?**

ਕੰਪਿਊਟਰ ਇੱਕ ਇਲੈੱਕਟ੍ਰਾਨਿਕ ਮਸ਼ੀਨ ਹੈ ਜਿਸ ਵਿੱਚ ਕੱਚੇ ਅੰਕੜੇ ਪ੍ਰਯੋਗ ਕਰਨ ਵਾਲੇ ਰਾਹੀਂ ਪਾਏ ਜਾਂਦੇ ਹਨ। ਇਹ ਇਨ੍ਹਾਂ ਅੰਕੜਿਆਂ ਨੂੰ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ (ਜਿਨ੍ਹਾਂ ਨੂੰ ਪ੍ਰੋਗਰਾਮ ਕਿਹਾ ਜਾਂਦਾ ਹੈ) ਵਿੱਚ ਕੰਟਰੋਲ ਦੇ ਅੰਤਰ ਪ੍ਰੋਸੈੱਸ ਕਰਦਾ ਹੈ, ਨਤੀਜੇ (ਆਊਟਪੁੱਟ) ਦਿੰਦਾ ਹੈ ਅਤੇ ਨਤੀਜਿਆਂ ਨੂੰ ਭਵਿੱਖ ਵਿੱਚ ਪ੍ਰਯੋਗ ਲਈ ਭੰਡਾਰਨ (ਸਟੋਰ) ਕਰ ਲੈਂਦਾ ਹੈ। ਇਹ ਅੰਕੜੇ ਅਤੇ ਗੈਰ ਅੰਕੜੇ ਦੋਨੋਂ ਪ੍ਰਕਾਰਾਂ ਦੇ ਅੰਕੜਿਆਂ ਨੂੰ ਪ੍ਰੋਸੈੱਸ ਕਰ ਸਕਦਾ ਹੈ।



ਚਿੱਤਰ 12.1 ਪਰਸਨਲ ਕੰਪਿਊਟਰ

ਹਰ ਕੰਪਿਊਟਰ ਪੰਜ ਮੁੱਖ ਕਾਰਜ ਕਰਦਾ ਹੈ ਅਤੇ ਇਹ ਆਕਾਰ ਜਾਂ ਕਿਸ ਕੰਪਨੀ ਦਾ ਹੈ, ਉਸ 'ਤੇ ਆਧਾਰਿਤ ਨਹੀਂ ਹੈ।

1) ਇਨਪੁੱਟ ਰਾਹੀਂ ਦਿੱਤੇ ਗਏ ਅੰਕੜਿਆਂ ਨੂੰ ਸਵੀਕਾਰ ਕਰਦਾ ਹੈ।

2) ਅੰਕੜਿਆਂ ਦਾ ਭੰਡਾਰਨ ਕਰਦਾ ਹੈ।


3) ਪ੍ਰਯੋਗ ਕਰਨ ਵਾਲੇ ਦੀ ਲੋੜ ਅਨੁਸਾਰ ਉਨ੍ਹਾਂ ਅੰਕੜਿਆਂ ਨੂੰ ਪ੍ਰੋਸੈੱਸ ਕਰ ਸਕਦਾ ਹੈ।

4) ਆਊਟਪੁੱਟ ਦੇ ਰੂਪ ਵਿੱਚ ਨਤੀਜੇ ਦਿੰਦਾ ਹੈ।

5) ਕੰਪਿਊਟਰ ਦੇ ਅੰਦਰ ਦੇ ਸਾਰੇ ਕਾਰਜ ਕੰਟਰੋਲ ਵਿੱਚ ਰੱਖਦਾ ਹੈ।

ਆਓ ਹਰ ਕਾਰਜ 'ਤੇ ਅਲੱਗ ਤੋਂ ਚਰਚਾ ਕਰੀਏ:

1. **ਇਨਪੁੱਟ** : ਇਹ ਕੰਪਿਊਟਰ ਤੰਤਰ ਵਿੱਚ ਅੰਕੜਿਆਂ ਅਤੇ ਪ੍ਰੋਗਰਾਮ ਪਾਉਣ ਦੀ ਪ੍ਰਕਿਰਿਆ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੰਪਿਊਟਰ ਹੋਰ ਇਲੈੱਕਟ੍ਰੀਕਲ ਮਸ਼ੀਨਾਂ ਦੀ ਤਰ੍ਹਾਂ ਹੈ ਜੋ ਇਨਪੁੱਟ ਵਿੱਚ ਕੱਚੇ ਅੰਕੜੇ ਲੈਂਦੀ ਹੈ ਅਤੇ ਉਨ੍ਹਾਂ ਨੂੰ ਪ੍ਰੋਸੈੱਸ ਕਰਕੇ ਪ੍ਰੋਸੈੱਸ ਕੀਤੇ ਹੋਏ ਅੰਕੜੇ ਦਿੰਦੀ ਹੈ। ਆਕ੍ਰਿਤੀ 12.2 ਕੰਪਿਊਟਰ ਦੇ ਕਾਰਜ ਨੂੰ ਦਰਸਾਉਂਦੀ ਹੈ।




ਚਿੱਤਰ : 12.2 ਕੰਪਿਊਟਰ ਦਾ ਸੰਚਾਲਨ

2. **ਭੰਡਾਰਣ**: ਅੰਕੜਿਆਂ ਅਤੇ ਨਿਰਦੇਸ਼ਾਂ ਨੂੰ ਹਮੇਸ਼ਾ ਲਈ ਸੁਰੱਖਿਅਤ ਰੱਖਣ ਨੂੰ ਭੰਡਾਰਣ ਕਹਿੰਦੇ ਹਨ। ਅੰਕੜਿਆਂ ਨੂੰ ਤੰਤਰ ਵਿੱਚ ਪਾਉਣਾ ਪੈਂਦਾ ਹੈ, ਉਨ੍ਹਾਂ ਨੂੰ ਸਟੋਰ ਕਰਨਾ ਪੈਂਦਾ ਹੈ, ਇਸਤੋਂ ਪਹਿਲਾਂ ਕਿ ਪ੍ਰੋਸੈਸਿੰਗ ਸ਼ੁਰੂ ਹੋਵੇ। ਅੰਕੜੇ ਸਟੋਰੇਜ਼ ਯੂਨਿਟ ਵਿੱਚ ਬਾਅਦ ਵਿੱਚ ਜਦੋਂ ਜ਼ਰੂਰੀ ਹੋਵੇ, ਪ੍ਰੋਸੈੱਸਿੰਗ ਲਈ ਸਟੋਰ ਕੀਤੇ ਜਾਂਦੇ ਹਨ। ਅੰਕੜੇ ਪ੍ਰੋਸੈੱਸ ਕਰਨ ਤੋਂ ਬਾਅਦ ਨਤੀਜੇ ਵੀ ਭਵਿੱਖ ਵਿੱਚ ਪ੍ਰਯੋਗ ਲਈ ਸਟੋਰ ਕੀਤੇ ਜਾਂਦੇ ਹਨ। ਅੰਕੜਿਆਂ ਦੀ ਪ੍ਰੋਸੈਸਿੰਗ ਦੇ ਵਿਚਕਾਰ ਵੀ ਅਚਾਨਕ ਕੋਈ ਲੋੜ ਪਏ ਤਾਂ ਉਹ ਵੀ ਸਟੋਰੇਜ਼ ਯੂਨਿਟ ਤੋਂ ਲਈ ਜਾ ਸਕਦੀ ਹੈ। ਇਹ ਕੰਪਿਊਟਰ ਦਾ ਇੱਕ ਵਿਸ਼ੇਸ਼ ਲਾਭ ਹੈ ਜੋ ਕਿ ਹੋਰ ਆਮ ਮਸ਼ੀਨਾਂ ਵਿੱਚ ਨਹੀਂ ਹੁੰਦਾ। ਕੰਪਿਊਟਰ ਸਿਸਟਮ ਦੀ ਭੰਡਾਰਣ ਇਕਾਈ ਜਾਂ ਮੁੱਢਲਾ ਭੰਡਾਰਣ ਉੱਪਰ ਲਿਖੀਆਂ ਗਈਆਂ ਕਿਰਿਆਵਾਂ ਕਰਨ ਲਈ ਬਣਾਈ ਗਈ ਹੈ। ਇਹ ਅੰਕੜੇ ਅਤੇ ਨਿਰਦੇਸ਼ਾਂ ਦੇ ਭੰਡਾਰਣ ਲਈ ਜਗ੍ਹਾ ਦਿੰਦੀ ਹੈ।

3. **ਪ੍ਰੋਸੈੱਸਿੰਗ** : ਸੰਖਿਆਵਾਂ ਜਿਵੇਂ ਕਿ ਗਣਿਤ ਅਤੇ ਤਾਰਕਿਕ ਸੰਖਿਆਵਾਂ ਕਰਨ ਨੂੰ ਪ੍ਰੋਸੈੱਸਿੰਗ ਕਹਿੰਦੇ ਹਨ। ਕੰਪਿਊਟਰ ਦੀ ਸੈਂਟਰਲ ਪ੍ਰੋਸੈੱਸਿੰਗ ਯੂਨਿਟ ਸਟੋਰੇਜ਼ੇ ਇਕਾਈ ਤੋਂ ਅੰਕੜੇ ਅਤੇ ਨਿਰਦੇਸ਼ ਲੈਂਦੀ ਹੈ। ਅੰਕੜਿਆਂ 'ਤੇ ਦਿੱਤੇ ਗਏ ਨਿਰਦੇਸ਼ਾਂ ਦੇ ਅਨੁਸਾਰ ਹਰ ਪ੍ਰਕਾਰ ਦੀ ਗਣਨਾ ਕਰਦੀ ਹੈ। ਪ੍ਰੋਸੈੱਸ ਕੀਤੇ ਗਏ ਅੰਕੜੇ ਵਾਪਸ ਸਟੋਰੇਜ਼ ਇਕਾਈ ਵਿੱਚ ਭੇਜੇ ਜਾਂਦੇ ਹਨ।

4. **ਆਊਟਪੁੱਟ** : ਇਹ ਅੰਕੜਿਆਂ ਦੀ ਪ੍ਰੋਸੈੱਸਿੰਗ ਦੇ ਬਾਅਦ ਨਤੀਜੇ ਕੱਢਣ ਦੀ ਪ੍ਰਕਿਰਿਆ ਹੈ ਤਾਂ ਕਿ ਉਪਯੋਗੀ ਸੂਚਨਾਵਾਂ ਪ੍ਰਾਪਤ ਹੋ ਸਕਣ। ਕੰਪਿਊਟਰ ਰਾਹੀਂ ਪ੍ਰੋਸੈੱਸ ਕਰਕੇ ਦਿੱਤੀ ਹੋਈ ਆਊਟਪੁੱਟ ਵੀ ਕੰਪਿਊਟਰ ਵਿੱਚ ਅੱਗੇ ਦੀ ਪ੍ਰੋਸੈੱਸਿੰਗ ਲਈ ਰੱਖਿਆ ਜਾਂਦਾ ਹੈ ਜਦੋਂ ਤੱਕ ਉਸ ਨੂੰ ਪੜ੍ਹਨ ਦਾ ਯੋਗ ਰੂਪ ਨਹੀਂ ਦਿੱਤਾ ਜਾਂਦਾ।

5. **ਕੰਟਰੋਲ**: ਸਾਰੀਆਂ ਸੰਖਿਆਵਾਂ ਜਿਵੇਂ ਇਨਪੁੱਟ, ਪ੍ਰੋਸੈੱਸਿੰਗ ਅਤੇ ਆਊਟਪੁੱਟ ਕੰਟਰੋਲ ਇਕਾਈ ਰਾਹੀਂ ਕੰਟਰੋਲ ਕੀਤੇ ਜਾਂਦੇ ਹਨ। ਇਹ ਕੰਪਿਊਟਰ ਦੀਆਂ ਸਾਰੀਆਂ ਸੰਖਿਆਵਾਂ ਦੇ ਵਿਭਿੰਨ ਪੜਾਵਾਂ ਵਿੱਚ ਦੇਖਭਾਲ ਕਰਦਾ ਹੈ।

**ਈ: 1 ਕੰਪਿਊਟਰ ਨੂੰ ਡਾਟਾ ਪ੍ਰੋਸੈੱਸਰ ਕਿਉਂ ਕਿਹਾ ਜਾਂਦਾ ਹੈ ?**

**ਈ : 2 ਜੇਕਰ ਕੰਪਿਊਟਰ ਵਿੱਚ ਭੰਡਾਰਨ ਤੰਤਰ ਨਾ ਹੋਵੇ ਤਾਂ ਕੀ ਸਮੱਸਿਆਵਾਂ ਆਉਣਗੀਆਂ ?**

12. 2.2 **ਕਾਰਜਾਤਮਕ ਇਕਾਈਆਂ**

ਪਿਛਲੇ ਭਾਗ ਵਿੱਚ ਵਰਣਨ ਸੰਖਿਆਵਾਂ ਨੂੰ ਅੱਗੇ ਕਰਨ ਲਈ ਕੰਪਿਊਟਰ ਆਪਣੀ ਅਲੱਗ ਅਲੱਗ ਕਾਰਜਾਤਮਕ ਇਕਾਈਆਂ ਨੂੰ ਅਲੱਗ ਅਲੱਗ ਕੰਮ ਦਿੰਦਾ ਹੈ। ਕੰਪਿਊਟਰ ਤੰਤਰ ਤਿੰਨ ਅਲੱਗ ਅਲੱਗ ਇਕਾਈਆਂ ਵਿੱਚ ਆਪਣੇ ਸੰਚਾਲਨ ਲਈ ਵੰਡਿਆ ਹੋਇਆ ਹੈ। ਉਹ ਹਨ:

1) ਗਣਿਤ ਤਾਰਕਿਕ ਇਕਾਈਆਂ

2) ਕੰਟਰੋਲ ਇਕਾਈ ਅਤੇ

3) ਸੈਂਟਰਲ ਪ੍ਰੋਸੈੱਸਿੰਗ ਇਕਾਈ

(1) **ਗਣਿਤ ਤਾਰਕਿਕ ਇਕਾਈ (ਅਰਥਮੈਟਿਕ ਲੌਜੀਕਲ ਯੂਨਿਟ) (ਏਐੱਲਯੂ)**: ਜਦੋਂ ਤੁਸੀਂ ਅੰਕੜੇ ਇਨਪੁੱਟ ਡਿਵਾਇਸ ਰਾਹੀਂ ਅੰਦਰ ਪਾਉਂਦੇ ਹੋ ਤਾਂ ਉਹ ਮੁੱਢਲੀ ਸਟੋਰੇਜ਼ ਇਕਾਈ ਵਿੱਚ ਰੱਖੇ ਜਾਂਦੇ ਹਨ। ਅੰਕੜਿਆਂ ਅਤੇ ਨਿਰਦੇਸ਼ਾਂ ਦੀ ਅਸਲ ਪ੍ਰੋਸੈੱਸਿੰਗ ਗਣਿਤੀ ਤਾਰਕਿਕ ਇਕਾਈ (ਅਰਥਮੈਟਿਕ ਲੌਜੀਕਲ ਯੂਨਿਟ) ਰਾਹੀਂ ਕੀਤੀ ਜਾਂਦੀ ਹੈ। ਏ. ਐੱਲ. ਯੂ. ਰਾਹੀਂ ਕੀਤੀਆਂ ਗਈਆਂ ਮੁੱਖ ਕਿਰਿਆਵਾਂ ਹਨ ਜਮ੍ਹਾਂ, ਘਟਾ, ਗੁਣਾਂ, ਭਾਗ, ਤਰਕ ਅਤੇ ਤੁਲਨਾ। ਅੰਕੜੇ ਜਦੋਂ ਲੋੜ ਹੋਵੇ ਸਟੋਰੇਜ਼ ਇਕਾਈ ਨਾਲ ਏ. ਐੱਲ. ਯੂ. ਵਿੱਚ ਤਬਦੀਲ ਕਰ ਦਿੱਤੇ ਜਾਂਦੇ ਹਨ। ਪ੍ਰੋਸੈੱਸਿੰਗ ਦੇ ਬਾਅਦ ਅੱਗੇ ਦੀ ਪ੍ਰੋਸੈੱਸਿੰਗ ਜਾਂ ਸਟੋਰਿੰਗ ਲਈ ਆਊਟਪੁੱਟ ਸਟੋਰੇਜ਼ ਇਕਾਈ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ।

(2) **ਕੰਟਰੋਲ ਯੂਨਿਟ (ਸੀਯੂ)** : ਕੰਪਿਊਟਰ ਦਾ ਅਗਲਾ ਭਾਗ ਕੰਟਰੋਲ ਯੂਨਿਟ ਹੈ ਜੋ ਕਿ ਇੱਕ ਨਿਗਰਾਨ ਦੀ ਤਰ੍ਹਾਂ ਕਾਰਜ ਕਰਦਾ ਹੈ। ਇਹ ਦੇਖਣ ਲਈ ਕਿ ਸਭ ਕੁਝ ਸਹੀ ਚੱਲ ਰਿਹਾ ਹੈ ਜਾਂ ਨਹੀਂ। ਕੰਟਰੋਲ ਯੂਨਿਟ ਉਸ ਕ੍ਰਮ ਦਾ ਨਿਰਧਾਰਨ ਕਰਦਾ ਹੈ ਜਿਸ ਵਿੱਚ ਕੰਪਿਊਟਰ ਦੇ ਪ੍ਰੋਗਰਾਮ ਅਤੇ ਨਿਰਦੇਸ਼ ਚੱਲਣਗੇ। ਕਾਰਜ ਜਿਵੇਂ ਮੁੱਢ ਮੈਮਰੀ ਵਿੱਚ ਸਟੋਰ ਕੀਤੇ ਗਏ ਪ੍ਰੋਗਰਾਮਾਂ ਦੀ ਪ੍ਰੋਸੈੱਸਿੰਗ, ਨਿਰਦੇਸ਼ਾਂ ਨੂੰ ਸਮਝਣਾ, ਕੰਪਿਊਟਰ ਦੀਆਂ ਹੋਰ ਇਕਾਈਆਂ ਨੂੰ ਨਿਰਦੇਸ਼ਾਂ ’ਤੇ ਚੱਲਣ ਦੇ ਸੰਕਤੇ ਇਸ ਰਾਹੀਂ ਕੀਤੇ ਜਾਂਦੇ ਹਨ। ਇਹ ਇੱਕ ਸਵਿੱਚ ਬੋਰਡ ਅਪਰੇਟਰ ਦੀ ਤਰ੍ਹਾਂ ਵੀ ਕਾਰਜ ਕਰਦਾ ਹੈ ਜਦੋਂ ਇੱਕ ਹੀ ਸਮੇਂ ’ਤੇ ਕੰਪਿਊਟਰ ਨੂੰ ਕਈ ਲੋਕ ਪ੍ਰਯੋਗ ਕਰ ਰਹੇ ਹੁੰਦੇ ਹਨ। ਇਸ ਪ੍ਰਕਾਰ ਉਹ ਕੰਪਿਊਟਰ ਦੇ ਤਰਜੀਹੀ ਯੰਤਰਾਂ ਦੀਆਂ ਕਿਰਿਆਵਾਂ ਨੂੰ ਸੰਚਾਲਿਤ ਕਰਦਾ ਹੈ ਜਦੋਂ ਉਹ ਇਨਪੁੱਟ ਅਤੇ ਆਊਟਪੁੱਟ ਦੇ ਰਹੇ ਹੁੰਦੇ ਹਨ। ਇਹ ਪਿਛਲੇ ਹਿੱਸੇ ਵਿੱਚ ਦਿੱਤੀਆਂ ਗਈਆਂ ਸਾਰੀਆਂ ਸੰਖਿਆਵਾਂ ਦਾ ਪ੍ਰਬੰਧਕ ਹੈ।

(3) **ਸੈਂਟਰਲ ਪ੍ਰੋਸੈੱਸਿੰਗ ਯੂਨਿਟ (ਸੀ.ਪੀ.ਯੂ.)** : ਕੰਪਿਊਟਰ ਤੰਤਰ ਦੇ ਏ.ਐੱਲ.ਯੂ. ਅਤੇ ਸੀ.ਯੂ. ਨੂੰ ਇਕੱਠਾ ਸੈਂਟਰਲ ਪ੍ਰੋਸੈੱਸਿੰਗ ਯੂਨਿਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੀ.ਪੀ.ਯੂ. ਦਾ ਕਿਸੇ ਵੀ ਕੰਪਿਊਟਰ ਤੰਤਰ ਦਾ ਦਿਮਾਗ ਕਿਹਾ ਜਾ ਸਕਦਾ ਹੈ ਜੋ ਕਿ ਸਾਰੇ ਮੁੱਖ ਫੈਸਲੇ ਲੈਂਦਾ ਹੈ, ਸਾਰੇ ਪ੍ਰਕਾਰ ਦੀ ਗਣਨਾ ਕਰਦਾ ਹੈ ਅਤੇ ਕੰਪਿਊਟਰ ਕਾਰਜ ਦੇ ਸਾਰੇ ਭਾਗਾਂ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ, ਕਾਰਜਾਂ ਨੂੰ ਲਾਗੂ ਕਰਨ ਅਤੇ ਕੰਟਰੋਲ ਕਰਕੇ। ਸੀ.ਪੀ.ਯੂ. ਇੱਕ ਅਜਿਹਾ ਯੰਤਰ ਹੈ ਜੋ ਕਿ ਨਿਰਦੇਸ਼ਾਂ ਨੂੰ ਸਮਝਣਾ ਅਤੇ ਉਨ੍ਹਾਂ ਅਨੁਸਾਰ ਕੰਮ ਕਰਾਉਂਦਾ ਹੈ।

**ਈ: 3 ਸਹੀ ਉੱਤਰ ਚੁਣੋ**

(1) ਗਣਿਤੀ ਅਤੇ ਤਾਰਕਿਕ ਸੰਖਿਆਵਾਂ ਨੂੰ ਕਰਨ ਦੇ ਕਾਰਜ ਨੂੰ ਕੀ ਕਹਿੰਦੇ ਹਨ ?

(ੳ) ਏ.ਐੱਲ.ਯੂ. (ਅ) ਸੀ.ਪੀ.ਯੂ.

(ੲ) ਪੀ.ਸੀ. (ਸ) ਪ੍ਰੋਸੈੱਸਿੰਗ

(2) ਏ.ਐੱਲ.ਯੂ. ਅਤੇ ਸੀ.ਯੂ. ਨੂੰ ਇਕੱਠੇ ਕੀ ਕਹਿੰਦੇ ਹਨ ?

(ੳ) ਰੈਮ (ਅ) ਰੋਮ

(ੲ) ਸੀ.ਪੀ.ਯੂ. (ਸ) ਉਪਰੋਕਤ ਵਿੱਚੋਂ ਕੋਈ ਨਹੀਂ

(3) ਅੰਕੜਿਆਂ ਨਾਲ ਉਪਯੋਗੀ ਸੂਚਨਾਵਾਂ ਲਈ ਨਤੀਜੇ ਕੱਢਣ ਦੀ ਪ੍ਰਕਿਰਿਆ ਨੂੰ ਕੀ ਕਿਹਾ ਜਾਂਦਾ ਹੈ ?

(ੳ) ਆਊਟਪੁੱਟ (ਅ) ਇਨਪੁੱਟ

(ੲ) ਪ੍ਰੋਸੈੱਸਿੰਗ (ਸ) ਸਟੋਰੇਜ਼

12.2.3 **ਕੰਪਿਊਟਰ ਦੇ ਮੁੱਖ ਭਾਗ**

ਕੰਪਿਊਟਰ ਦੇ ਸਾਰੇ ਭਾਗਾਂ ਨੂੰ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ ਹਾਰਡਵੇਅਰ ਅਤੇ ਸੌਫਟਵੇਅਰ।

ਹਾਰਡਵੇਅਰ ਕੰਪਿਊਟਰ ਦੇ ਉਹ ਅੰਦਰੂਨੀ ਅਤੇ ਬਾਹਰੀ ਭਾਗ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਛੂਹ ਸਕਦੇ ਹਾਂ ਜਿਵੇਂ ਕੰਪਿਊਟਰ ਦੇ ਸਾਰੇ ਠੋਸ ਭਾਗ। ਜਦੋਂਕਿ ਦੂਜੀ ਤਰਫ਼ ਸੌਫਟਵੇਅਰ ਕੰਪਿਊਟਰ ਦੇ ਪ੍ਰੋਗਰਾਮ ਅਤੇ ਵਿਧੀਆਂ ਹੁੰਦੀਆਂ ਹਨ ਜੋ ਕਿ ਇਹ ਵਰਣਨ ਕਰਦੀਆਂ ਹਨ ਕਿ ਉਨ੍ਹਾਂ ਨੂੰ ਕਿਵੇਂ ਪ੍ਰਯੋਗ ਕਰਨਾ ਹੈ। ਇਸ ਦਾ ਅਰਥ ਇਹ ਹੈ ਕਿ ਸੌਫਟਵੇਅਰ ਪ੍ਰੋਗਰਾਮਾਂ ਦੇ ਸੈੱਟ ਹੁੰਦੇ ਹਨ ਜੋ ਕੰਪਿਊਟਰ ਨੂੰ 'ਬੁੱਧੀ' ਦਿੰਦੇ ਹਨ। ਹਾਰਡਵੇਅਰ ਕੰਪਿਊਟਰ ਦੇ ਆਪਣੇ ਭਾਗ ਹੁੰਦੇ ਹਨ ਜਿਵੇਂ ਸੈਂਟਰਲ ਪ੍ਰੋਸੈਸਿੰਗ ਯੂਨਿਟ ਸਮੇਤ ਸਬੰਧਿਤ ਮਾਇਕਰੋਚਿਪ ਅਤੇ ਮਾਇਕਰੋਸੌਫਟ, ਕੀ ਬੋਰਡ, ਮੌਨੀਟਰ, ਮਾਊਸ, ਡਰਾਈਵਰਜ਼ (ਫਲਾਪੀ, ਸੀ.ਡੀ. ਡੀ.ਵੀ.ਡੀ. ਅਤੇ ਔਪਟੀਕਲ)। ਹੋਰ ਹਿੱਸੇ ਜਿਨ੍ਹਾਂ ਨੂੰ ਤਰਜੀਹੀ ਭਾਗ ਜਾਂ ਯੰਤਰ ਕਹਿੰਦੇ ਹਨ ਉਨ੍ਹਾਂ ਵਿੱਚ ਹੁੰਦੇ ਹਨ ਪ੍ਰਿੰਟਰ, ਮੌਡਮ, ਡਿਜੀਟਲ ਕੈਮਰੇ ਅਤੇ ਕਾਰਡ (ਸਾਊਂਡ, ਕਲਰ ਅਤੇ ਵੀਡਿਓ) ਆਦਿ। ਕੰਪਿਊਟਰ ਦੇ ਭਾਗਾਂ ਨੂੰ ਚਾਰ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

(1) ਇਨਪੁੱਟ ਡਿਵਾਇਸ (2) ਸੀ.ਪੀ.ਯੂ. (3) ਸਟੋਰੇਜ ਡਿਵਾਇਸ (4) ਆਊਟਪੁੱਟ ਡਿਵਾਇਸ ਆਊਟਪੁੱਟ

1. **ਇਨਪੁੱਟ ਡਿਵਾਇਸ**: ਕੰਪਿਊਟਰ ਤਾਂ ਹੀ ਉਪਯੋਗੀ ਹੁੰਦਾ ਹੈ ਜਦੋਂ ਬਾਹਰੀ ਸੰਸਾਰ ਨਾਲ ਸੰਚਾਰ ਕਰਨ ਦੇ ਯੋਗ ਹੋਵੇ। ਜਦੋਂ ਤੁਸੀਂ ਕੰਪਿਊਟਰ 'ਤੇ ਕੰਮ ਕਰਦੇ ਹੋ ਤਾਂ ਕਿਸੇ ਯੰਤਰ ਰਾਹੀਂ ਆਪਣੇ ਅੰਕੜੇ ਅਤੇ ਨਿਰਦੇਸ਼ ਪਾਉਂਦੇ ਹੋ। ਇਨ੍ਹਾਂ ਯੰਤਰਾਂ ਨੂੰ ਇਨਪੁੱਟ ਡਿਵਾਇਸ ਕਿਹਾ ਜਾਂਦਾ ਹੈ। ਇੱਕ ਚੰਗੇ ਇਨਪੁੱਟ ਡਿਵਾਇਸ ਨਾਲ ਸਮੇਂ 'ਤੇ, ਸਹੀ ਅਤੇ ਉਪਯੋਗੀ ਅੰਕੜੇ ਕੰਪਿਊਟਰ ਦੀ ਮੇਨ ਮੈਮਰੀ ਵਿੱਚ ਪ੍ਰੋਸੈਸਿੰਗ ਲਈ ਪਾਏ ਜਾਣੇ ਚਾਹੀਦੇ ਹਨ। ਮੁੱਖ ਉਪਯੋਗੀ ਇਨਪੁੱਟ ਡਿਵਾਇਸ ਹੇਠ ਲਿਖੇ ਹਨ:

**-ਕੀ ਬੋਰਡ**: ਇਹ ਇੱਕ ਸਟੈਂਡਰਡ ਇਨਪੁੱਟ ਡਿਵਾਇਸ ਹੈ ਜੋ ਸਾਰੇ ਕੰਪਿਊਟਰਾਂ ਦੇ ਨਾਲ ਲੱਗਿਆ ਹੁੰਦਾ ਹੈ। ਇਹ ਇੱਕ ਪਰੰਪਰਿਕ ਟਾਈਪਿੰਗ ਦੀ ਮਸ਼ੀਨ ਦੀ ਤਰ੍ਹਾਂ ਹੁੰਦਾ ਹੈ। ਇਸ ਵਿੱਚ ਕੁਝ ਜ਼ਿਆਦਾ ਕਮਾਂਡ ਅਤੇ ਫਕਸ਼ਨ ਕੀਜ਼ ਹੁੰਦੀ ਹੈ। ਇਸ ਵਿੱਚ ਕੁੱਲ 101 ਤੋਂ 104

ਕੀਜ਼ ਹੁੰਦੀਆਂ ਹਨ। ਚਿੱਤਰ 12.3 ਵਿੱਚ ਕੰਪਿਊਟਰ ਵਿੱਚ ਪ੍ਰਯੋਗ ਹੋਣ ਵਾਲਾ ਕੀ ਬੋਰਡ ਦਿਖਾਇਆ ਗਿਆ ਹੈ। ਤੁਹਾਨੂੰ ਅੰਕੜੇ ਕੰਪਿਊਟਰ ਵਿੱਚ ਪਾਉਣ ਲਈ ਕੀਜ਼ ਦਾ ਸਹੀ ਮੇਲ ਦਬਾਉਣਾ ਹੁੰਦਾ ਹੈ। ਕੰਪਿਊਟਰ ਕੀਜ਼ ਦੇ ਸਾਰੇ ਮਿਲਾਨ ਨਾਲ ਜੁੜੇ ਹੋਏ ਇਲੈੱਕਟਰਿਕ ਸਿਗਨਲਾਂ ਨੂੰ ਸਮਝਦਾ ਹੈ ਅਤੇ ਉਸ ਦੇ ਅਨੁਸਾਰ ਪ੍ਰੋਸੈੱਸਿੰਗ ਹੁੰਦੀ ਹੈ।

**-ਮਾਊਸ:** ਮਾਊਸ ਵੀ ਇੱਕ ਇਨਪੁੱਟ ਡਿਵਾਇਸ ਹੁੰਦਾ ਹੈ ਜੋ ਤੁਹਾਡੇ ਵਿਅਕਤੀਗਤ ਕੰਪਿਊਟਰ ਨਾਲ ਪ੍ਰਯੋਗ ਕੀਤਾ ਜਾਂਦਾ ਹੈ।

ਇਹ ਛੋਟੇ ਜਿਹੇ ਬਾਲ 'ਤੇ ਘੁੰਮਦਾ ਹੈ ਅਤੇ ਇਸ 'ਤੇ ਦੋ ਜਾਂ ਤਿੰਨ ਬਟਨ ਹੁੰਦੇ ਹਨ। ਜਦੋਂ ਤੁਸੀਂ ਇੱਕ ਸਮਤਲ ਤਲ 'ਤੇ ਇਸ ਨੂੰ ਚਲਾਉਂਦੇ ਹੋ ਤਾਂ ਮਾਊਸ ਦੀ ਦਿਸ਼ਾ ਵਿੱਚ ਸਕਰੀਨ ਮਾਊਸ ਦੀ ਗਤੀ ਨੂੰ ਸੈਂਸਰ ਕਰਦੀ ਹੈ। ਮਾਊਸ ਦੇ ਨਾਲ ਕਰਸਰ ਬਹੁਤ ਤੇਜ਼ੀ ਨਾਲ ਚੱਲਦਾ ਹੈ ਅਤੇ ਉਸ ਦਿਸ਼ਾ ਵਿੱਚ ਕਾਰਜ ਕਰਨ ਲਈ ਤੁਹਾਨੂੰ ਜ਼ਿਆਦਾ ਆਜ਼ਾਦੀ ਮਿਲਦੀ ਹੈ।





1. **ਸੈਂਟਰਲ ਪ੍ਰੋਸੈਸਿੰਗ ਯੂਨਿਟ (ਸੀ.ਪੀ.ਯੂ.) :** ਕੰਪਿਊਟਰ ਵਿੱਚ ਮੁੱਖ ਇਕਾਈ ਸੈਂਟਰਲ ਪ੍ਰੋਸੈੱਸਿੰਗ ਯੂਨਿਟ ਹੁੰਦੀ ਹੈ। ਇਹ ਇਕਾਈ ਕੰਪਿਊਟਰ ਦੇ ਅੰਦਰ ਹੋਣ ਵਾਲੀਆਂ ਸਾਰੀਆਂ ਕਿਰਿਆਵਾਂ ਲਈ ਜ਼ਿੰਮੇਵਾਰ ਹੈ। ਇਹ ਅੰਦਰ ਅਤੇ ਬਾਹਰ ਦੇ ਸਾਰੇ ਯੰਤਰਾਂ 'ਤੇ ਨਿਯੰਤਰਣ ਰੱਖਦਾ ਹੈ, ਗਣਿਤੀ ਅਤੇ ਤਾਰਕਿਕ ਗਣਨਾਵਾਂ ਕਰਦਾ ਹੈ। ਚਿੱਤਰ 12.4 ਵਿੱਚ ਸੀ.ਪੀ.ਯੂ. ਯੰਤਰ ਦਿਖਾਇਆ ਗਿਆ ਹੈ।






ਚਿੱਤਰ 12. 4 ਸੀ.ਪੀ.ਯੂ. ਯੰਤਰ

3. **ਸਟੋਰੇਜ਼ ਯੰਤਰ**: ਸੀ.ਪੀ.ਯੂ. ਵਿੱਚ ਕੰਪਿਊਟਰ ਦੇ ਸੰਚਾਲਨ ਲਈ ਬੁਨਿਆਦੀ ਨਿਰਦੇਸ਼ ਹੁੰਦੇ ਹਨ, ਪਰ ਇਸ ਵਿੱਚ ਬਹੁਤ ਸਾਰੇ ਪ੍ਰੋਗਰਾਮ ਅਤੇ ਅੰਕੜਿਆਂ ਦੇ ਵੱਡੇ ਸੈੱਟ ਹਮੇਸ਼ਾ ਲਈ ਰੱਖਣ ਦੀ ਯੋਗਤਾ ਨਹੀਂ ਹੁੰਦੀ। ਇੱਕ ਮਨੁੱਖੀ ਦਿਮਾਗ ਦੀ ਤਰ੍ਹਾਂ ਕੰਪਿਊਟਰ ਵਿੱਚ ਇੱਕ ਯਾਦਾਸ਼ਤ ਹੁੰਦੀ ਹੈ ਜਿੱਥੇ ਇਹ ਬਹੁਤ ਸਾਰੇ ਅੰਕੜੇ ਇਕੱਤਰ ਕਰ ਸਕਦਾ ਹੈ ਜਿਸ ਨਾਲ ਗਣਿਤੀ ਅਤੇ ਤਾਰਕਿਕ ਗਣਨਾਵਾਂ ਕਰਨ ਵਿੱਚ ਵੀ ਸਹਾਇਤਾ ਮਿਲਦੀ ਹੈ ਅਤੇ ਇਹ ਪ੍ਰੋਗਰਾਮਾਂ ਅਤੇ ਅੰਕੜਿਆਂ ਨੂੰ ਵੀ ਆਪਣੇ ਅੰਦਰ ਰੱਖਦਾ ਹੈ। ਇਸ ਖੇਤਰ ਨੂੰ ਮੈਮਰੀ ਜਾਂ ਸਟੋਰੇਜ਼ ਕਹਿੰਦੇ ਹਨ। ਅੰਕੜਿਆਂ ਨੂੰ ਸੈਕੰਡਰੀ ਸਟੋਰੇਜ਼ ਯੰਤਰਾਂ ਜਿਵੇਂ ਕਿ ਪੈੱਨ ਡਰਾਇਵ ਵਿੱਚ ਵੀ ਰੱਖਿਆ ਜਾ ਸਕਦਾ ਹੈ ਜਿਸ ਨੂੰ ਤੁਹਾਨੂੰ ਕੰਪਿਊਟਰ ਤੋਂ ਬਾਹਰ ਰੱਖਿਆ ਜਾ ਸਕਦਾ ਹੈ ਅਤੇ ਦੂਜੇ ਕੰਪਿਊਟਰਾਂ ਤੱਕ ਵੀ ਲੈ ਜਾਇਆ ਜਾ ਸਕਦਾ ਹੈ। ਕੰਪਿਊਟਰ ਵਿੱਚ ਮੈਮਰੀ ਦੇ ਦੋ ਸੈੱਟ ਹੁੰਦੇ ਹਨ ਜੋ ਹਨ ਪ੍ਰਾਇਮਰੀ ਮੈਮਰੀ ਜਿਵੇਂ ਰੈਮ (ਰੈਂਡਮ ਅਕਸੈੱਸ ਮੈਮਰੀ/ਰੀਡ ਰਾਇਟ ਮੈਮਰੀ), ਰੋਮ (ਰੀਡ ਔਨਲੀ ਮੈਮਰੀ) ਅਤੇ ਸੈਕੰਡਰੀ ਮੈਮਰੀ ਜਿਵੇਂ ਹਾਰਡ ਡਿਸਕ (ਲੋਕਲ ਡਿਸਕ), ਆਪਟੀਕਲ ਡਿਸਕ: ਸੀ.ਡੀ. -ਆਰ, ਸੀਡੀ-ਆਰ ਡਬਲਯੂ, ਡੀਵੀਡੀ-ਆਰ, ਡੀਵੀਡੀ-ਆਰ ਡਬਲਯੂ, ਪੈੱਨ ਡਰਾਇਵ, ਜਿਪ ਡਰਾਇਵ ਅਤੇ ਮੈਮਰੀ ਕਾਰਡ।

**ਈ: 4 ਹੇਠ ਦਿੱਤੇ ਗਏ ਚਿੱਤਰ ਵਿੱਚ ਕੰਪਿਊਟਰ ਦੇ ਭਾਗਾਂ ਦੇ ਨਾਂ ਲਿਖੋ ਜਿਵੇਂ ਕਿ ਚਿੱਤਰ ਵਿੱਚ ਦਿੱਤੇ ਗਏ ਚਿੰਨ੍ਹਿਤ ਅੰਕਾਂ ਰਾਹੀਂ ਦਰਸਾਇਆ ਗਿਆ ਹੈ।**




ਕੰਪਿਊਟਰ ਦਾ ਚਿੱਤਰ

## 12.2.4 ਕੰਪਿਊਟਰ ਦੇ ਪ੍ਰਕਾਰ

ਤੁਸੀਂ ਬੈਂਕਾਂ, ਰੇਲਵੇ ਸਟੇਸ਼ਨਾਂ, ਲਾਇਬ੍ਰੇਰੀਆਂ ਅਤੇ ਹੋਰ ਥਾਵਾਂ 'ਤੇ ਪ੍ਰਯੋਗ ਹੁੰਦੇ ਹੋਏ ਕੰਪਿਊਟਰ ਦੇਖੇ ਹੋਣਗੇ। ਇਨ੍ਹਾਂ ਕੰਪਿਊਟਰਾਂ ਦੀ ਯਾਦਾਸ਼ਤ, ਆਕਾਰ ਅਤੇ ਕਾਰਜ ਕੁਸ਼ਲਤਾ ਇੱਕ ਦੂਜੇ ਤੋਂ ਭਿੰਨ ਹੁੰਦੀ ਹੈ। ਕੰਪਿਊਟਰਾਂ ਨੂੰ ਉਨ੍ਹਾਂ ਦੇ ਕਾਰਜ ਦੇ ਨਿਯਮਾਂ, ਆਕਾਰ ਅਤੇ ਬ੍ਰਾਂਡ ਦੇ ਆਧਾਰ 'ਤੇ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਕਲਾਸ ਵਿੱਚ ਸਿਖਲਾਈ ਕਾਰਜ ਲਈ ਵਿਭਿੰਨ ਪ੍ਰਕਾਰ ਦੇ ਕੰਪਿਊਟਰਾਂ ਦਾ ਵਰਣਨ ਹੇਠ ਦਿੱਤਾ ਗਿਆ ਹੈ।

**ੳ) ਮਾਈਕਰੋ ਕੰਪਿਊਟਰ** : ਮਾਈਕਰੋ ਕੰਪਿਊਟਰ ਗਤੀ ਜਾਂ ਸਟੋਰੇਜ਼ ਸਮਰੱਥਾ ਵਿੱਚ ਕੰਪਿਊਟਰਾਂ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਹੁੰਦਾ ਹੈ। ਪਹਿਲਾਂ ਮਾਈਕਰੋ ਕੰਪਿਊਟਰ 8-ਬਿਟ ਮਾਈਕਰੋ

ਪ੍ਰੋਸੈਸਰ ਚਿਪ ਨਾਲ ਬਣਾਏ ਗਏ ਸਨ। ਵਿਅਕਤੀਗਤ ਕੰਪਿਊਟਰ (ਪੀ.ਸੀ.) ਦੀ ਸਭ ਤੋਂ ਆਮ ਐਪਲੀਕੇਸ਼ਨ ਇਸ ਵਰਗ ਦੀ ਹੈ। ਪੀ.ਸੀ. ਵਿੱਚ ਕਈ ਇਨਪੁੱਟ ਅਤੇ ਆਊਟਪੁੱਟ ਯੰਤਰ ਹੁੰਦੇ ਹਨ। 8 ਬਿਟ ਚਿੱਪ ਦੀ ਸੋਧੀ ਹੋਈ ਕਿਸਮ 16 ਬਿਟ ਅਤੇ 32 ਬਿਟ ਚਿੱਪਸ ਹੈ। ਮਾਈਕਰੋ ਕੰਪਿਊਟਰ ਦੇ ਉਦਾਹਰਨ ਆਈ.ਵੀ. ਰਾਏ ਪੀਸੀ ਅਤੇ ਪੀਸੀ ਏਟੀ ਹੈ।

**ਅ) ਮਿਨੀ ਕੰਪਿਊਟਰ**: ਇਨ੍ਹਾਂ ਨੂੰ ਇੱਕ ਸਮੇਂ 'ਤੇ ਇੱਕ ਤੋਂ ਜ਼ਿਆਦਾ ਉਪਭੋਗਤਾਵਾਂ ਦੇ ਪ੍ਰਯੋਗ ਕਰਨ ਲਈ ਬਣਾਇਆ ਗਿਆ ਸੀ। ਇਸ ਵਿੱਚ ਜ਼ਿਆਦਾ ਭੰਡਾਰਨ ਦੀ ਸਮਰੱਥਾ ਹੁੰਦੀ ਹੈ ਅਤੇ ਜ਼ਿਆਦਾ ਗਤੀ ਨਾਲ ਕਾਰਜ ਕਰਦੇ ਹਨ। ਮਿਨੀ ਕੰਪਿਊਟਰ ਬਹੁ ਉਪਭੋਗਤਾ ਤੰਤਰ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਜਿੱਥੇ ਵਿਭਿੰਨ ਉਪਭੋਗਤਾ ਇੱਕ ਹੀ ਸਮੇਂ 'ਤੇ ਕਾਰਜ ਕਰ ਸਕਦੇ ਹਨ। ਇਸ ਪ੍ਰਕਾਰ ਦੇ ਕੰਪਿਊਟਰ ਆਮ ਤੌਰ 'ਤੇ ਕਿਸੇ ਸੰਸਥਾ ਵਿੱਚ ਵੱਡੀ ਮਾਤਰਾ ਵਿੱਚ ਅੰਕੜਿਆਂ ਨੂੰ ਪ੍ਰੋਸੈਸ ਕਰਨ ਲਈ ਪ੍ਰਯੋਗ ਕੀਤੇ ਜਾਂਦੇ ਹਨ। ਇਨ੍ਹਾਂ ਦਾ ਉਪਯੋਗ ਲੋਕਲ ਏਰੀਆ ਨੈੱਟਵਰਕ (ਐੱਲ.ਏ.ਐੱਨ.) ਵਿੱਚ ਸਰਵਰ ਦੀ ਤਰ੍ਹਾਂ ਵੀ ਕੀਤਾ ਜਾਂਦਾ ਹੈ।

**ੲ) ਮੇਨ ਫਰੇਮ**: ਇਸ ਪ੍ਰਕਾਰ ਦੇ ਕੰਪਿਊਟਰ ਅਕਸਰ ਮੈਮਰੀ ਵਿੱਚ ਮਿਨੀ ਕੰਪਿਊਟਰਾਂ ਤੋਂ ਜ਼ਿਆਦਾ ਵੱਡੇ ਹੁੰਦੇ ਹਨ। ਇਹ ਬਹੁਤ ਜ਼ਿਆਦਾ ਗਤੀ ਨਾਲ ਕਾਰਜ ਕਰਦੇ ਹਨ, ਬਹੁਤ ਜ਼ਿਆਦਾ ਭੰਡਾਰਨ ਦੀ ਸਮਰੱਥਾ ਰੱਖਦੇ ਹਨ ਅਤੇ ਬਹੁਤ ਸਾਰੇ ਉਪਭੋਗਤਾਵਾਂ ਦਾ ਕਾਰਜਭਾਰ ਸੰਭਾਲ ਸਕਦੇ ਹਨ। ਇਨ੍ਹਾਂ ਦਾ ਉਪਯੋਗ ਅਕਸਰ ਕੇਂਦਰੀ ਡੈਟਾ ਬੇਸ ਲਈ ਵੱਡੀਆਂ ਸੰਸਥਾਵਾਂ ਜਿਵੇਂ ਬੈਂਕ, ਬੀਮਾ, ਰੱਖਿਆ ਅਤੇ ਹੋਰ ਸੰਸਥਾਵਾਂ ਲਈ ਕੀਤਾ ਜਾਂਦਾ ਹੈ।

**ਸ) ਸੁਪਰ ਕੰਪਿਊਟਰ**: ਇਹ ਸਭ ਤੋਂ ਤੇਜ਼ ਅਤੇ ਬਹੁਤ ਮਹਿੰਗੀ ਮਸ਼ੀਨ ਹੁੰਦੀ ਹੈ। ਹੋਰ ਕੰਪਿਊਟਰਾਂ ਦੇ ਮੁਕਾਬਲੇ ਇਨ੍ਹਾਂ ਦੀ ਬਹੁਤ ਜ਼ਿਆਦਾ ਪ੍ਰੋਸੈਸਿੰਗ ਗਤੀ ਹੁੰਦੀ ਹੈ। ਇਨ੍ਹਾਂ ਦੀ ਮਲਟੀ ਪ੍ਰੋਸੈਸਿੰਗ ਤਕਨੀਕ ਵੀ ਹੁੰਦੀ ਹੈ। ਇੱਕ ਵਿਧੀ ਜਿਸ ਰਾਹੀਂ ਸੁਪਰ ਕੰਪਿਊਟਰ ਦਾ ਨਿਰਮਾਣ ਕੀਤਾ ਜਾਂਦਾ ਹੈ, ਉਹ ਹੈ ਸੈਂਕੜੇ ਮਾਈਕਰੋ ਪ੍ਰੋਸੈਸਰਜ਼ ਨੂੰ ਮਿਲਾ ਕੇ। ਸੁਪਰ ਕੰਪਿਊਟਰਾਂ ਦਾ ਮੁੱਖ ਉਪਯੋਗ ਮੌਸਮ ਦਾ ਹਾਲ ਜਾਣਨ, ਬਾਇਓਮੈਡੀਕਲ, ਖੋਜ, ਰਿਮੋਟ ਸੈਂਸਿੰਗ, ਏਅਰ ਕਰਾਫਟ ਡਿਜ਼ਾਇਨ ਅਤੇ ਵਿਗਿਆਨ ਅਤੇ ਤਕਨੀਕ ਦੇ ਹੋਰ ਖੇਤਰਾਂ ਵਿੱਚ ਕੀਤਾ ਜਾਂਦਾ ਹੈ।

**ਈ :5 ਜੋ ਕੰਪਿਊਟਰ ਤੁਸੀਂ ਪ੍ਰਯੋਗ ਕਰਦੇ ਹੋ ਜਾਂ ਅਕਸਰ ਹੋਰ ਲੋਕਾਂ ਨੂੰ ਉਨ੍ਹਾਂ ਦਾ ਕਾਰਜ ਕਰਨ ਲਈ ਪ੍ਰਯੋਗ ਕਰਦੇ ਦੇਖਦੇ ਹੋ, ਉਹ ਕਿਸ ਵਰਗ ਵਿੱਚ ਆਉਂਦੇ ਹਨ ?**

**ਈ : 6 ਕਲਾਸ ਸਿਖਲਾਈ ਵਿੱਚ ਤੁਹਾਨੂੰ ਕਿਸ ਪ੍ਰਕਾਰ ਦਾ ਕੰਪਿਊਟਰ ਪ੍ਰਯੋਗ ਕਰਨ ਦੀ ਲੋੜ ਪਏਗੀ।**

**ਗਤੀਵਿਧੀ -1** ਇੱਕ ਕੰਪਿਊਟਰ ਦੇਖੋ ਅਤੇ ਉਸ ਦੇ ਅਲੱਗ ਅਲੱਗ ਹਿੱਸਿਆਂ ਦਾ ਪ੍ਰੇਖਣ ਕਰੋ ਕੀ ਬੋਰਡ ਦੀਆਂ ਕੀਜ ਦੀ ਪਛਾਣ ਕਰੋ ਅਤੇ ਕੰਪਿਊਟਰ ਦਾ ਕਾਰਜ ਜਾਣਨ ਵਾਲੇ ਵਿਅਕਤੀ ਦੀ ਸਹਾਇਤਾ ਨਾਲ ਇਸ ਨੂੰ ਚਲਾਉਣ ਦੀ ਕੋਸ਼ਿਸ਼ ਕਰੋ।

### 12.2.5 ਕੰਪਿਊਟਰ ਦਾ ਪ੍ਰਯੋਗ ਕਰਨਾ

ਤੁਹਾਨੂੰ ਕੰਪਿਊਟਰ ਦਾ ਪ੍ਰਯੋਗ ਕਰਨ ਲਈ ਇਸ 'ਤੇ ਕਾਰਜ ਕਰਨਾ ਪਏਗਾ। ਕੰਪਿਊਟਰ ਦੇ ਕੋਲ ਬੈਠ ਕੇ ਤੁਹਾਨੂੰ ਨਿਮਨਲਿਖਤ ਕਰਨਾ ਪਏਗਾ ਤਾਂ ਕਿ ਤੁਸੀਂ ਕੰਪਿਊਟਰ ਚਲਾ ਸਕੋ।

- ਕੰਪਿਊਟਰ ਸ਼ੁਰੂ ਕਰਨ ਲਈ

1. ਬਿਜਲੀ ਦਾ ਬਟਨ ਚਲਾਓ
2. ਸੀ.ਪੀ.ਯੂ. ਦਾ ਬਟਨ ਚਲਾਓ

3. ਸਕਰੀਨ (ਮੌਨੀਟਰ) ਦਾ ਬਟਨ ਦਬਾਓ

- **ਕੰਪਿਊਟਰ ਬੰਦ ਕਰਨ ਲਈ**

ਕੰਪਿਊਟਰ ਬੰਦ ਕਰਨ ਤੋਂ ਪਹਿਲਾਂ ਸਾਰੇ ਪ੍ਰੋਗਰਾਮ ਜਿਨ੍ਹਾਂ 'ਤੇ ਤੁਸੀਂ ਕੰਮ ਕਰ ਰਹੇ ਸੀ, ਬੰਦ ਕਰੋ ਫਿਰ

(1) ਸਟਾਰਟ ਬਟਨ 'ਤੇ ਕਲਿੱਕ ਕਰੋ।

(2) ਸ਼ਟ ਡਾਊਨ 'ਤੇ ਕਲਿੱਕ ਕਰੋ। (ਟਰਨ ਆਫ ਕੰਪਿਊਟਰ) 'ਤੇ ਫਿਰ ਮੌਨੀਟਰ ਸਕਰੀਨ 'ਤੇ ਤੁਹਾਨੂੰ ਹੇਠ ਲਿਖੇ ਵਿਕਲਪ ਮਿਲਣਗੇ (ਜਿਵੇਂ ਕਿ ਹੇਠ ਦਿੱਤੇ ਗਏ ਚਿੱਤਰ ਵਿੱਚ ਦਿਖਾਇਆ ਗਿਆ ਹੈ।)

- ਸਟੈਂਡ ਬਾਏ

- ਸ਼ਟ ਡਾਊਨ (ਟਰਨ ਆਫ)

- ਰੀਸਟਾਰਟ




ਨੋਟ: ਵਿਕਲਪ ਇੱਕ ਤੋਂ ਦੂਜੇ ਸਿਸਟਮ ਵਿੱਚ ਅਲੱਗ ਹੋ ਸਕਦਾ ਹੈ।

(3) ਦੂਜੇ ਵਿਕਲਪ ਨੂੰ ਚੁਣੋ (ਸ਼ਟ ਡਾਊਨ/ਟਰਨ ਆਫ)

(4) ਓਕੇ 'ਤੇ ਕਲਿੱਕ ਕਰੋ।

ਫਿਰ ਉਦੋਂ ਤੱਕ ਇੰਤਜ਼ਾਰ ਕਰੋ ਜਦੋਂ ਤੱਕ ਇਹ ਸੰਦੇਸ਼ ਨਾ ਆ ਜਾਏ "ਹੁਣ ਤੁਹਾਡਾ ਕੰਪਿਊਟਰ ਬੰਦ ਕਰਨਾ ਸੁਰੱਖਿਅਤ ਹੈ।"

(5) ਉਦੋਂ ਸਕਰੀਨ ਨੂੰ ਸਵਿੱਚ ਆਫ ਕਰੋ।

(6) ਸੀ.ਪੀ.ਯੂ. ਨੂੰ ਸਵਿੱਚ ਆਫ ਕਰੋ।

(7) ਅੰਤ ਵਿੱਚ ਬਿਜਲੀ ਦੀ ਸਪਲਾਈ ਨੂੰ ਸਵਿੱਚ ਆਫ ਕਰੋ।

- ਮਾਈਕਰੋਸਾਫਟ ਵਰਡ 'ਤੇ ਕੰਮ ਕਰਨਾ-ਨਵੇਂ ਦਸਤਾਵੇਜ਼ ਬਣਾਉਣ, ਪਹਿਲਾਂ ਵਾਲੇ ਦਸਤਾਵੇਜ਼ ਖੋਲ੍ਹਣ ਅਤੇ ਵਰਡ ਵਿੱਚ ਸੁਰੱਖਿਅਤ ਕਰਨ ਦੇ ਕਈ ਤਰੀਕੇ ਹਨ।

- **ਨਵਾਂ ਦਸਤਾਵੇਜ਼ ਬਣਾਉਣਾ**

ਨਵਾਂ ਦਸਤਾਵੇਜ਼ ਬਣਾਉਣ ਦੇ ਤਿੰਨ ਤਰੀਕੇ ਹਨ:

–ਮੀਨੂ ਬਾਰ 'ਤੇ ਨਿਊ ਡਾਕਯੂਮੈਂਟ 'ਤੇ ਕਲਿੱਕ ਕਰੋ

–ਮੀਨੂ ਬਾਰ ਤੋਂ ਫਾਇਲ/ਨਿਊ ਚੁਣੋ।

–ਸੀਟੀ ਆਰ ਐੱਲ+ਐੱਨ ਦਬਾਓ

- **ਪੁਰਾਣਾ ਦਸਤਾਵੇਜ਼ ਖੋਲ੍ਹਣਾ**

  –ਮੀਨੂ ਬਾਰ 'ਤੇ ਫਾਇਲ ਬਟਨ 'ਤੇ ਕਲਿੱਕ ਕਰੋ।

  – ਮੀਨੂ ਬਾਰ ਤੋਂ ਫਾਇਲ/ਓਪਨ ਚੁਣੋ।

  –ਸੀਟੀ ਆਰ ਐੱਲ +ਓ ਕੀ ਬੋਰਡ ਤੋਂ ਦਬਾਓ

- **ਦਸਤਾਵੇਜ਼ ਨੂੰ ਨਵਾਂ ਨਾਂ ਦੇਣਾ**

ਪ੍ਰੋਗਰਾਮ ਦਾ ਪ੍ਰਯੋਗ ਕਰਕੇ ਵਰਡ ਡਾਕਯੂਮੈਂਟ ਨੂੰ ਨਵਾਂ ਨਾਂ ਦੇਣਾ।

- ਫਾਇਲ/ਓਪਨ ਦੀ ਚੋਣ ਕਰੋ ਅਤੇ ਉਸ ਫਾਇਲ ਨੂੰ ਲੱਭੋ ਜਿਸ ਨੂੰ ਤੁਸੀਂ ਨਵਾਂ ਨਾਂ ਦੇਣਾ ਚਾਹੁੰਦੇ ਹੋ।
- ਦਸਤਾਵੇਜ਼ 'ਤੇ ਰਾਈਟ ਕਲਿੱਕ ਕਰੋ (ਮਾਊਸ ਨਾਲ) ਅਤੇ ਸ਼ਾਰਟ ਕੱਟ ਮੀਨੂ ਨਾਲ 'ਰੀਨੇਮ' ਚੁਣੋ।
- ਫਾਇਲ ਲਈ ਨਵਾਂ ਨਾਂ ਟਾਇਪ ਕਰੋ ਅਤੇ
- ਐਂਟਰ ਕੀ ਦਬਾਓ।

**–ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਲਈ**

ਤਿੰਨ ਤਰੀਕਿਆਂ ਨਾਲ ਤੁਸੀਂ ਆਪਣੀ ਫਾਇਲ ਨੂੰ ਸੁਰੱਖਿਅਤ ਕਰ ਸਕਦੇ ਹੋ।

- ਮੀਨੂ ਬਾਰ 'ਤੇ ਸੇਵ ਬਟਨ ਨੂੰ ਕਲਿੱਕ ਕਰੋ।
- ਮੀਨੂੰ ਬਾਰ ਤੋਂ ਫਾਇਲ/ਸੇਵ ਚੁਣੋ।
- ਕੀ ਬੋਰਡ 'ਤੇ ਸੀਟ ਆਰ ਐੱਲ+ਐੱਸ ਦਬਾਓ।

**–ਡਾਕਯੂਮੈਂਟ ਨੂੰ ਬੰਦ ਕਰਨਾ**

ਚੱਲ ਰਹੇ ਡਾਕਯੂਮੈਂਟ ਨੂੰ ਬੰਦ ਕਰਨ ਲਈ ਤੁਹਾਨੂੰ ਫਾਇਲ/ਕਲੋਜ ਦੀ ਚੋਣ ਕਰਨ ਤੋਂ ਬਾਅਦ ਕਲੋਜ ਆਈਕਨ 'ਤੇ ਕਲਿੱਕ ਕਰਨਾ ਪਏਗਾ। ਜੇਕਰ ਉਹ ਸਟੈਂਡਰਡ ਟੂਲ ਬਾਰ 'ਤੇ ਦਿਖਾਈ ਦੇ ਰਿਹਾ ਹੈ ਤਾਂ।

**–ਪਾਵਰ ਪੁਆਂਇਟ ਪ੍ਰਜੈਂਟੇਸ਼ਨ 'ਤੇ ਕੰਮ ਕਰਨਾ** (**ਪੀ.ਪੀ.ਟੀ.**)

ਕਲਾਸ ਵਿੱਚ ਤੁਸੀਂ ਕਲਾਸ ਨੂੰ ਦਿਲਚਸਪ ਬਣਾਉਣ ਅਤੇ ਸਿਖਲਾਈ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਚਾਰਟ, ਗ੍ਰਾਫ, ਮਾਡਲ ਅਤੇ ਵਿਭਿੰਨ ਯੰਤਰਾਂ ਦੇ ਪ੍ਰਯੋਗ ਤੋਂ ਤਾਂ ਜਾਣੂ ਹੋ ਹੀ। ਹੁਣ ਪਾਵਰ ਪੁਆਂਇਟ ਪ੍ਰਜੈਂਟੇਸ਼ਨ ਨਾਲ ਪੜ੍ਹਾਉਣਾ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ

ਅਤੇ ਤੁਹਾਨੂੰ ਇਸ ਦਾ ਅਨੁਮਾਨ ਹੋਣਾ ਚਾਹੀਦਾ ਹੈ ਕਿ ਪਾਵਰ ਪੁਆਂਇੰਟ ਸਲਾਇਡ ਕਿਵੇਂ ਬਣਾਈ ਅਤੇ ਪ੍ਰਯੋਗ ਕੀਤੀ ਜਾਂਦੀ ਹੈ।

**ੳ) ਮਾਈਕਰੋਸਾਫਟ ਪਾਵਰ ਪੁਆਂਇੰਟ ਨੂੰ ਸ਼ੁਰੂ ਕਰਨਾ:** ਮਾਈਕਰੋਸਾਫਟ ਪਾਵਰ ਪੁਆਂਇੰਟ ਦਾ ਪ੍ਰਯੋਗ ਕਰਨ ਲਈ ਪਹਿਲਾਂ ਤੁਹਾਨੂੰ ਸਟਾਰਟ ਆਪਸ਼ਨ 'ਤੇ ਕਲਿੱਕ ਕਰਨਾ ਪਏਗਾ। ਫਿਰ ਮਾਈਕਰੋਸਾਫਟ ਆਫਿਸ 'ਤੇ। ਇੱਥੋਂ ਤੁਹਾਨੂੰ ਵਿਭਿੰਨ ਵਿਕਲਪ ਮਿਲਣਗੇ ਜਿਵੇਂ ਵਰਡ, ਐਕਸਲ, ਪਾਵਰ ਪੁਆਂਇੰਟ ਆਦਿ। ਤੁਹਾਨੂੰ ਕੇਵਲ ਪਾਵਰ ਪੁਆਂਇੰਟ ਆਪਸ਼ਨ 'ਤੇ ਕਲਿੱਕ ਕਰਨਾ ਹੈ। ਜੇਕਰ ਪਾਵਰ ਪੁਆਂਇੰਟ ਪਹਿਲਾਂ ਤੋਂ ਖੁੱਲ੍ਹਿਆ ਹੋਵੇ ਜਾਂ ਬਾਕਸ ਨਹੀਂ ਆਉਂਦਾ ਤਾਂ ਤੁਹਾਨੂੰ ਫਾਇਲ/ਨਿਯੂ ਮੀਨੂ ਬਾਰ ਨੂੰ ਚੁਣਨਾ ਪਏਗਾ।

ਅ) ਸਲਾਇਡ ਨਾਲ ਕੰਮ ਕਰਨਾ

–ਨਵੀਂ ਸਲਾਇਡ ਇੰਸਰਟ ਕਰਨੀ।

–ਆਊਟਲਾਈਨ ਵਿੰਡੋ ਵਿੱਚ ਜੋ ਸਲਾਇਡ ਤੁਸੀਂ ਚਾਹੁੰਦੇ ਹੋ, ਉਸ ਨੂੰ ਚੁਣੋ, ਨਵੀਂ ਸਲਾਇਡ, ਸਲਾਇਡ ਨੰਬਰ 'ਤੇ ਕਲਿੱਕ ਕਰਨ ਨਾਲ ਆ ਜਾਏਗੀ।

–ਮੀਨੂੰ ਬਾਰ ਨਾਲ ਇਨਸਰਟ/ਨਵੀਂ ਸਲਾਇਡ ਚੁਣੋ ਜਾਂ ਸਟੈਂਡਰਡ ਟੂਲ ਵਾਰ 'ਤੇ ਨਿਊ ਸਲਾਇਡ ਬਟਨ 'ਤੇ ਕਲਿੱਕ ਕਰੋ।

ਵਿੰਡੋ ਤੋਂ ਪੇਜ਼ ਲੇ ਆਊਟ ਚੁਣੋ ਅਤੇ ਓਕੇ ਦਬਾਓ।

**ਡਿਜ਼ਾਇਨ ਟੈਂਪਲੇਟ ਅਪਲਾਈ ਕਰਨਾ**

ਡਿਜ਼ਾਇਨ ਟੈਂਪਲੇਟ ਐਡ ਕਰਨ ਜਾਂ ਪਹਿਲਾਂ ਵਾਲੇ ਨੂੰ ਬਦਲਣ ਲਈ ਫਾਰਮੈਟ/ਡਿਜ਼ਾਇਨ ਟੈਂਪਲੇਟ ਮੀਨੂੰ ਬਾਰ ਨੂੰ ਚੁਣੋ। ਟੈਂਪਲੇਟ ਚੁਣੋ ਅਤੇ ਅਪਲਾਈ 'ਤੇ ਕਲਿੱਕ ਕਰੋ।

**ਗਤੀਵਿਧੀ**–2

ਹੁਣ ਕੰਪਿਊਟਰ ਦਾ ਪ੍ਰਯੋਗ ਕਰੋ

(ੳ) ਵਰਡ ਫਾਇਲ ਬਣਾਉਣ ਅਤੇ ਆਪਣੇ ਨਾਂ ਨਾਲ ਸੇਵ ਕਰਨ ਲਈ,

(ਅ) ਤਿੰਨ ਅਲੱਗ ਅਲੱਗ ਵਰਡ ਫਾਇਲਾਂ ਨੂੰ ਦੂਜੇ ਨਾਂ ਦੇਣ ਲਈ।

## 12.3 ਸਿਖਲਾਈ ਦੇ ਸਰੋਤ ਦੇ ਰੂਪ ਵਿੱਚ ਕੰਪਿਊਟਰ

ਤੁਸੀਂ ਵਿਸ਼ਾ ਵਸਤੂ/ਧਾਰਨਾਵਾਂ 'ਤੇ ਵਿਭਿੰਨ ਸਰੋਤਾਂ ਨਾਲ ਜਿਵੇਂ ਪਾਠ ਪੁਸਤਕਾਂ, ਸੰਦਰਭ ਸਮੱਗਰੀ, ਸਮਾਚਾਰ ਪੱਤਰ, ਟੈਲੀਵਿਜ਼ਨ ਆਦਿ ਤੋਂ ਸੂਚਨਾ ਇਕੱਠੀ ਕਰਦੇ ਹੋ। ਤੁਸੀਂ ਪਾਠ ਪੁਸਤਕਾਂ, ਸੰਦਰਭ ਗ੍ਰੰਥਾਂ ਅਤੇ ਹੋਰ ਛਪੀ ਹੋਈ ਸਮੱਗਰੀ ਤੋਂ ਜ਼ਿਆਦਾਤਰ ਜਾਣੂ ਹੀ ਹੋ। ਅੱਜ ਦੇ ਸੰਸਾਰ ਵਿੱਚ ਤੁਸੀਂ ਵਰਲਡ ਵਾਈਡ ਵੈੱਬ (**ꟷꟷꟷ**) ਤੋਂ ਵੱਡੀ ਮਾਤਰਾ ਵਿੱਚ ਇੰਟਰਨੈੱਟ ਦੇ ਜ਼ਰੀਏ ਸੂਚਨਾਵਾਂ ਪ੍ਰਾਪਤ ਕਰ ਸਕਦੇ ਹੋ। ਆਓ ਅਸੀਂ ਇੰਟਰਨੈੱਟ ਅਤੇ ਵੈੱਬ ਅਤੇ ਉਨ੍ਹਾਂ ਦਾ ਪ੍ਰਯੋਗ ਕਲਾਸ ਵਿੱਚ ਸਿਖਲਾਈ ਲਈ ਸਰੋਤ ਦੇ ਰੂਪ ਵਿੱਚ ਕਿਵੇਂ ਕਰ ਸਕਦੇ ਹਾਂ, ਇਹ ਸਮਝੀਏ।

### 12.3.1 ਇੰਟਰਨੈੱਟ ਅਤੇ ਵੈੱਬ

ਅਕਸਰ ਅਸੀਂ ਇੰਟਰਨੈੱਟ ਅਤੇ ਵਰਲਡ ਵਾਈਡ ਵੈੱਬ (ਞਞਞ) ਨੂੰ ਇੱਕ ਹੀ ਸਮਝਦੇ ਹਾਂ। ਇਨ੍ਹਾਂ ਦਾ ਇੱਕ ਦੂਜੇ ਨਾਲ ਗਹਿਰਾ ਸਬੰਧ ਜ਼ਰੂਰ ਹੈ, ਪਰ ਇਹ ਇੱਕ ਹੀ ਚੀਜ਼ ਨਹੀਂ ਹੈ। ਅੰਤਰ ਹੈ–

- ਇੰਟਰਨੈੱਟ ਕੰਪਿਊਟਰਾਂ ਦਾ ਇੱਕ ਵਿਕੇਂਦਰੀਕ੍ਰਿਤ ਆਲਮੀ ਨੈੱਟਵਰਕ ਹੈ।
- ਵੈਬ ਦਸਤਾਵੇਜ਼ਾਂ ਦਾ ਇੱਕ ਸੰਗ੍ਰਹਿ ਹੈ ਜਿਸ ਦਾ ਪ੍ਰਯੋਗ ਤੁਸੀਂ ਇੰਟਰਨੈੱਟ ਅਤੇ ਵੈਬ ਸਰਚਿੰਗ ਸੌਫਟਵੇਅਰ ਦਾ ਪ੍ਰਯੋਗ ਕਰਕੇ ਕਰ ਸਕਦੇ ਹੋ। ਵੈਬ ਇੰਟਰਨੈੱਟ ’ਤੇ ਉਪਲੱਬਧ ਅਥਾਹ ਵਿਸ਼ਾ ਵਸਤੂ ਤੋਂ ਬਣਿਆ ਹੁੰਦਾ ਹੈ।

ਵੈਸੇ ਸਾਈਟਸ ਕੰਪਿਊਟਰ ਦੀ ਇੰਟਰਨੈੱਟ ਸਰਵਰਾਂ ’ਤੇ ਰਹਿੰਦੀ ਹੈ। ਜਦੋਂ ਤੁਸੀਂ ਇੰਟਰਨੈੱਟ ਨਾਲ ਜੁੜੇ ਹੋਏ ਹੁੰਦੇ ਹੋ, ਤੁਹਾਡਾ ਵੈਬ ਬਰਾਊਜ਼ਰ ਸੌਫਟਵੇਅਰ ਇੰਟਰਨੈੱਟ ਸਰਵਰਾਂ ਨਾਲ ਸੰਚਾਰ ਕਰ ਸਕਦਾ ਹੈ, ਯੂਨੀਫਾਰਮ ਸੋਰਸ ਲੋਕੇਟਰ (ਯੂਆਰਐੱਲ), ਤੁਹਾਨੂੰ ਆਪਣੇ ਕੰਪਿਊਟਰ ’ਤੇ ਜੋ ਵੈੱਬ ਪੇਜ ਤੁਹਾਨੂੰ ਚਾਹੀਦਾ ਹੈ ਜੋ ਤੁਸੀਂ ਦੇਖਣਾ ਚਾਹੁੰਦੇ ਹੋ, ਤੁਸੀਂ ਜੋ ਟਾਇਪ ਕਰਦੇ ਹੋ ਜਾਂ ਕਿਸੇ ਹਾਈਅਰ ਲਿੰਕ ’ਤੇ ਤੁਸੀਂ ਕਲਿੱਕ ਕਰਦੇ ਹੋ, ਤੁਹਾਡੇ ਕੰਪਿਊਟਰ ਨੂੰ ਦੱਸਦਾ ਹੈ ਕਿ ਕਿਸ ਸਰਵਰ ਨੂੰ ਕੰਟੈਕਟ ਕਰਨ ਲਈ ਟਰਾਈ ਕਰਨਾ ਹੈ ਅਤੇ ਤੁਹਾਨੂੰ ਕਿਹੜਾ ਪੇਜ ਚਾਹੀਦਾ ਹੈ।

### 12.3.2 ਇੰਟਰਨੈੱਟ ਆਧਾਰਿਤ ਸਿਖਲਾਈ

ਇੰਟਰਨੈੱਟ ਤਕਨੀਕ ਨੇ ਕਲਾਸ ਦੀ ਸਿਖਲਾਈ ਪ੍ਰਕਿਰਿਆ ਵਿੱਚ ਬਹੁਤ ਜ਼ਿਆਦਾ ਭਾਈਵਾਲੀ ਨਿਭਾਈ ਹੈ। ਤੁਸੀਂ ਆਪਣੀ ਕਲਾਸ ਵਿੱਚ ਇੰਟਰਨੈੱਟ ਦਾ ਪ੍ਰਯੋਗ ਮੁੱਖ ਰੂਪ ਨਾਲ ਤਿੰਨ ਉਦੇਸ਼ਾਂ ਲਈ ਕਰ ਸਕਦੇ ਹੋ:

- ਸੂਚਨਾ ਦੀਆਂ ਤਕਨੀਕਾਂ ਦੇ ਰੂਪ ਵਿੱਚ ਇੰਟਰਨੈੱਟ
- ਸਹਿਕਿਰਿਆਵਾਂ ਦੀ ਤਕਨੀਕ ਦੇ ਰੂਪ ਵਿੱਚ ਇੰਟਰਨੈੱਟ
- ਸਮਾਜਿਕਤਾ ਦੀਆਂ ਤਕਨੀਕਾਂ ਦੇ ਰੂਪ ਵਿੱਚ ਇੰਟਰਨੈੱਟ

ਸੂਚਨਾ ਦੀਆਂ ਤਕਨੀਕਾਂ ਦੇ ਰੂਪ ਵਿੱਚ ਇੰਟਰਨੈੱਟ ਤੁਹਾਨੂੰ ਭਾਰੀ ਮਾਤਰਾ ਵਿੱਚ ਅੰਕੜਿਆਂ ਅਤੇ ਸੂਚਨਾਵਾਂ ਉਪਲੱਬਧ ਕਰਾਉਂਦਾ ਹੈ। (ਪਾਠ, ਗ੍ਰਾਫਿਕ, ਆਡਿਓ ਅਤੇ ਵੀਡਿਓ) ਜਦੋਂ ਤੁਸੀਂ ਇੰਟਰਨੈੱਟ ਦੀ ਗੱਲ ਸੂਚਨਾ ਦੀ ਤਕਨੀਕ ਦੇ ਰੂਪ ਵਿੱਚ ਕਰਦੇ ਹੋ ਤਾਂ ਸਿਖਲਾਈ ਵਿੱਚ ਇਸ ਦੇ ਪ੍ਰਯੋਗ ਦੇ ਤਿੰਨ ਅਲੱਗ ਉਦੇਸ਼ ਹਨ ਜਿਵੇਂ:

–ਇੰਟਰਨੈੱਟ ਦਾ ਪ੍ਰਯੋਗ ਇੱਕ ਪਹੁੰਚ ਦੇ ਅੰਦਰ, ਲਾਇਬ੍ਰੇਰੀ ਦੇ ਰੂਪ ਵਿੱਚ ਜਿੱਥੇ ਵਿਦਿਆਰਥੀ ਆਜ਼ਾਦੀ ਨਾਲ ਵਿਭਿੰਨ ਸੂਚਨਾਵਾਂ ਕਲਾਸ ਤੋਂ ਪਹਿਲਾਂ ਜਾਂ ਬਾਅਦ ਵਿੱਚ ਲੱਭਦੇ ਹਨ।

–ਇੰਟਰਨੈੱਟ ਦਾ ਪ੍ਰਯੋਗ ਬੱਚਿਆਂ ਲਈ ਨਵੀਂ ਪ੍ਰਕਾਰ ਦੀਆਂ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਨ ਲਈ।

–ਇੰਟਰਨੈੱਟ ਦਾ ਪ੍ਰਯੋਗ ਕਲਾਸ ਵਿੱਚ ਇਲੈੱਕਟ੍ਰਾਨਿਕ ਵ੍ਹਾਈਟ ਬੋਰਡ ਦੇ ਨਾਲ ਨਾਲ ਹੀ ਚਰਚਾ ਵੀ।

ਮੰਨ ਲਓ ਤੁਸੀਂ ਕਲਾਸ ਵਿੱਚ ਆਲਮੀ ਤਪਿਸ਼ ਦੇ ਬਾਰੇ ਵਿੱਚ ਪੜ੍ਹਨ ਜਾ ਰਹੇ ਹੋ। ਤੁਸੀਂ ਬੱਚਿਆਂ ਨੂੰ ਕਲਾਸ ਤੋਂ ਪਹਿਲਾਂ ਜਾਂ ਦੌਰਾਨ ਆਲਮੀ ਤਪਿਸ਼ ਨਾਲ ਜੁੜੀਆਂ ਵੈੱਬਸਾਈਟਸ ਦੇ ਬਾਰੇ ਵਿੱਚ ਦਸ ਸਕਦੇ ਹੋ ਜਿਵੇਂ www.nrdc.org, www.globalchange.com

ਆਦਿ। ਇੱਥੇ ਇੰਟਰਨੈੱਟ ਦਾ ਪ੍ਰਯੋਗ ਸਿਖਲਾਈ ਦੇ ਦੌਰਾਨ ਸੂਚਨਾ ਇਕੱਤਰ ਕਰਨ ਲਈ ਕੀਤਾ ਜਾ ਰਿਹਾ ਹੈ।

ਇੰਟਰਨੈੱਟ ਬੱਚਿਆਂ ਅਤੇ ਅਧਿਆਪਕਾਂ ਦੇ ਵਿਚਕਾਰ ਸਹਿਕਿਰਿਆਵਾਂ ਅਤੇ ਸਮਾਜਿਕਤਾ ਦੇ ਚੰਗੇ ਮਾਧਿਅਮ ਦੇ ਰੂਪ ਵਿੱਚ ਵੀ ਕਾਰਜ ਕਾਰਦਾ ਹੈ। ਵੈੱਬ 2.0 ਤਕਨੀਕਾਂ ਜਿਵੇਂ ਵਿਕੀ, ਬਲਾਗ ਅਤੇ ਫੇਸਬੁੱਕ ਸਿਖਲਾਈ ਦੇ ਉਦੇਸਾਂ ਲਈ ਪ੍ਰਯੋਗ ਕੀਤੇ ਜਾਂਦੇ ਹਨ। ਇੱਥੇ ਇੰਟਰਨੈੱਟ ਇੰਟਰਨੈੱਟ ਦਾ ਪ੍ਰਯੋਗ ਸੂਚਨਾਵਾਂ ਇਕੱਤਰ ਕਰਨ ਦੇ ਨਾਲ ਨਾਲ ਗਿਆਨ ਨੂੰ ਆਪਸ ਵਿੱਚ ਵੰਡਣ ਲਈ ਵੀ ਕੀਤਾ ਜਾ ਰਿਹਾ ਹੈ।

**ਇੰਟਰਨੈੱਟ ਰਾਹੀਂ ਸੂਚਨਾਵਾਂ ਤੱਕ ਪਹੁੰਚਣਾ:** ਜੇਕਰ ਤੁਹਾਨੂੰ ਵੈੱਬਸਾਈਟ ਦਾ ਸਹੀ ਪਤਾ ਹੈ ਤਾਂ ਤੁਸੀਂ ਇੰਟਰਨੈੱਟ ਤੋਂ ਕੋਈ ਵੀ ਸੂਚਨਾ ਆਸਾਨੀ ਨਾਲ ਲੱਭ ਸਕਦੇ ਹੋ। ਜੇਕਰ ਤੁਹਾਨੂੰ ਵੈੱਬ ਸਾਈਟ ਦੇ ਬਾਰੇ ਵਿੱਚ ਕੋਈ ਅੰਦਾਜ਼ਾ ਨਹੀਂ ਹੈ ਫਿਰ ਵੀ ਤੁਸੀਂ ਵੈੱਬ ਪੇਜ ਖੋਲ੍ਹ ਕੇ ਮੀਨੂ ਬਾਰ ’ਤੇ www.google.co.in ਟਾਇਪ ਕਰਕੇ ਸੂਚਨਾ/ਸਮੱਗਰੀ ਲੱਭ ਸਕਦੇ ਹੋ। ਤੁਹਾਨੂੰ ਗੂਗਲ ਪੇਜ ਦੇ ਹੇਠ ਇੱਕ ਆਇਤਾਕਾਰ ਜਗ੍ਹਾ ਦਿਖੇਗੀ। ਇਸ ਜਗ੍ਹਾ ਵਿੱਚ ਤੁਹਾਡੀ ਸੂਚਨਾ ਦੇ ਬਾਰੇ ਵਿੱਚ ਮੁੱਖ ਸ਼ਬਦ ਟਾਇਪ ਕਰਨਾ ਹੈ ਅਤੇ ਕੀ ਬੋਰਡ ’ਤੇ ਐਂਟਰ ਦਬਾਉਣਾ ਹੈ। ਤੁਹਾਨੂੰ ਪੇਜ ’ਤੇ ਕਈ ਸੰਬਧਿਤ ਵਿਸ਼ੇ ਮਿਲਣਗੇ। ਫਿਰ ਜੇਕਰ ਤੁਸੀਂ ਬਾਅਦ ਵਿੱਚ ਪ੍ਰਯੋਗ ਕਰਨ ਲਈ ਫਾਇਲ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹੋ ਤਾਂ ਤੁਸੀਂ ਫਾਇਲ/ਸੇਵ ਐਜ/ਨੇਮ ਦਾ ਫਾਇਲ/ਟਾਇਪ ਅਤੇ ਜਿੱਥੇ ਤੁਸੀਂ ਫਾਇਲ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹੋ, ਉੱਥੇ ਕਰ ਦਿਓ। ਹੁਣ ਤੁਹਾਡੀ ਫਾਇਲ ਸੁਰੱਖਿਅਤ ਹੋ ਗਈ। ਤੁਸੀਂ ਬਾਅਦ ਵਿੱਚ ਕਦੇ ਵੀ ਇਸ ਦਾ ਪ੍ਰਯੋਗ ਬਿਨਾਂ ਇੰਟਰਨੈੱਟ ਨਾਲ ਜੁੜੇ ਵੀ ਕਰ ਸਕਦੇ ਹੋ।

**ਗਤੀਵਿਧੀ**–3

ਵਿਸ਼ਾ ਜਿਵੇਂ ਕਿ ਭਾਗ ’ਤੇ ਇੰਟਰਨੈੱਟ ਤੋਂ ਸੂਚਨਾ ਇਕੱਤਰ ਕਰੋ, ਇਸਨੂੰ ਤੁਹਾਨੂੰ ਕੰਪਿਊਟਰ ਵਿੱਚ ਸੁਰੱਖਿਅਤ ਕਰੋ ਅਤੇ ਇਹ ਫਾਇਲ ਆਪਣੇ ਦੋਸਤਾਂ ਨੂੰ ਭੇਜੋ।

## 12.4 ਕੰਪਿਊਟਰ ਸਹਿ ਸਿਖਲਾਈ

ਕਲਾਸ ਵਿੱਚ ਅਧਿਆਪਨ ਸਮੱਗਰੀ ਦਾ ਪ੍ਰਯੋਗ ਕੇਵਲ ਅਧਿਆਪਨ ਵਿੱਚ ਹੀ ਸਹਾਇਤਾ ਨਹੀਂ ਕਰਦਾ, ਬਲਕਿ ਬੱਚਿਆਂ ਵਿੱਚ ਸਿਖਲਾਈ ਲਈ ਦਿਲਚਸਪੀ ਅਤੇ ਜਗਿਆਸਾ ਵੀ ਪੈਦਾ ਕਰਦਾ ਹੈ। ਇਸ ਦੇ ਬਾਰੇ ਵਿੱਚ ਚਰਚਾ ਪਾਠਕ੍ਰਮ ਦੇ ਭਾਗ 2 ਦੀ ਇਕਾਈ 6 ਵਿੱਚ ਕੀਤੀ ਗਈ ਹੈ। ਅਧਿਆਪਨ ਸਿਖਲਾਈ ਲਈ ਸੂਚਨਾਵਾਂ ਇਕੱਤਰ ਕਰਨ, ਕਲਾਸ ਵਿੱਚ ਇਕੱਠੇ ਸਿੱਖਣ ਲਈ ਕੰਪਿਊਟਰ ਦੇ ਪ੍ਰਯੋਗ ਨੇ ਇੱਕ ਮਹੱਤਵਪੂਰਨ ਭੂਮਿਕਾ ਹਾਸਲ ਕਰ ਲਈ ਹੈ। ਇਸ ਨੂੰ ਆਮ ਤੌਰ ’ਤੇ ਕੰਪਿਊਟਰ ਸਹਿ ਸਿਖਲਾਈ (ਸੀ.ਏ.ਐੱਲ.) ਕਹਿੰਦੇ ਹਨ। ਸੀ.ਏ.ਐੱਲ. ਦਾ ਉਦੇਸ਼ ਸਿਖਲਾਈ ਦੀ ਗੁਣਵੱਤਾ ਨੂੰ ਵਧਾਉਣਾ ਹੈ। ਇਸ ਭਾਗ ਵਿੱਚ ਆਓ ਅਸੀਂ ਸਮਝੀਏ ਕਿ ਕਲਾਸ ਵਿੱਚ ਕੰਪਿਊਟਰ ਦਾ ਪ੍ਰਯੋਗ ਕਿਸ ਪ੍ਰਕਾਰ ਕੀਤਾ ਜਾ ਸਕਦਾ ਹੈ ਅਤੇ ਸੀ.ਏ.ਐੱਲ. ਦੀਆਂ ਵਿਧੀਆਂ ਕੀ ਹਨ ਜੋ ਤੁਸੀਂ ਆਪਣੀ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਪ੍ਰਯੋਗ ਕਰ ਸਕਦੇ ਹੋ।

### 12.4.1 ਕੰਪਿਊਟਰ ਸਹਿ ਸਿਖਲਾਈ ਦੇ ਸਾਧਨ

ਕਲਾਸ ਦੀ ਲੋੜ ਅਤੇ ਸੰਦਰਭ ਅਨੁਸਾਰ ਤੁਸੀਂ ਕਲਾਸ ਵਿੱਚ ਕੰਪਿਊਟਰ ਦਾ ਵਿਭਿੰਨ ਤਰੀਕਿਆਂ ਨਾਲ ਪ੍ਰਯੋਗ ਕਰ ਸਕਦੇ ਹੋ।ਅਧਿਆਪਕ ਕੇਂਦਰਿਤ ਕਲਾਸ ਵਿੱਚ ਵਸਤੂ ਦੀ ਸੰਰਚਨਾ ਭਲੀਭਾਂਤ ਰੱਖੀ ਹੁੰਦੀ ਹੈ ਅਤੇ ਉਸ ਨੂੰ ਇੱਕ ਰੂਪ ਦੇ ਰੱਖਿਆ ਹੁੰਦਾ ਹੈ। ਇਸ ਵਿਧੀ ਵਿੱਚ ਵਿਸ਼ਾ ਵਸਤੂ ਦੀ

ਪ੍ਰਸਤੁਤੀ ਇੱਕ ਤੋਂ ਬਾਅਦ ਇੱਕ ਫਰੇਮ ਦਿਖਾ ਕੇ ਨਿਸ਼ਚਤ ਕੜੀਆਂ ਵਿੱਚ ਕੀਤੀ ਜਾਂਦੀ ਹੈ। ਬਿਨਾਂ ਕੋਈ ਉਪਚਾਰਾਤਮਕ ਅਭਿਆਸ ਦੇ, ਪਰ ਕੰਪਿਊਟਰ ਤਕਨੀਕ ਵਿੱਚ ਵਿਕਾਸ ਦੇ ਨਾਲ ਨਾਲ ਤੁਸੀਂ ਕਈ ਲਚਕੀਲੇ ਤਰੀਕਿਆਂ ਨਾਲ ਕਲਾਸ ਵਿੱਚ ਅਰਥਪੂਰਨ ਸਿਖਲਾਈ ਕਰਵਾ ਸਕਦੇ ਹੋ। ਸੀ.ਏ.ਐੱਲ. ਪ੍ਰੋਗਰਾਮਾਂ ਦੇ ਵਿਭਿੰਨ ਤਰੀਕੇ ਨਿਮਨਲਿਖਤ ਹਨ:

**-ਡਰਿੱਲ ਅਤੇ ਅਭਿਆਸ ਸੈਸ਼ਨ:** ਇਹ ਪ੍ਰਸ਼ਨ ਉੱਤਰ ਤਰੀਕੇ ਦਾ ਪ੍ਰੋਗਰਾਮ ਹੁੰਦਾ ਹੈ ਜਿੱਥੇ ਕੰਪਿਊਟਰ ਬਹੁਤ ਸਾਰੇ ਅਭਿਆਸ ਮੁਲਾਂਕਣ ਪ੍ਰਤੀਕਿਰਿਆਵਾਂ ਬਣਾਉਂਦਾ ਹੈ ਅਤੇ ਪ੍ਰਤੀਕਿਰਿਆਵਾਂ ਦੇ ਸਹੀ ਹੋਣ 'ਤੇ ਤੁਰੰਤ ਪੁਨਰਬਲ ਦਿੰਦਾ ਹੈ ਅਤੇ ਕਈ ਵਾਰ ਇਹ ਵੀ ਸੰਕੇਤ ਦਿੰਦਾ ਹੈ ਕਿ ਉੱਤਰ ਗਲਤ ਹੋਣ 'ਤੇ ਸਹੀ ਉੱਤਰ ਕਿਵੇਂ ਪ੍ਰਾਪਤ ਕਰੀਏ। ਡਰਿੱਲ ਅਤੇ ਅਭਿਆਸ ਦਾ ਇੱਕ ਉਦਾਹਰਨ ਇਹ ਹੈ, ਮੰਨ ਲਓ ਤੁਸੀਂ ਤੱਤਾਂ ਦਾ ਪ੍ਰਮਾਣੂ ਅੰਕ ਪੜ੍ਹਾਉਣ ਜਾ ਰਹੇ ਹੋ ਅਤੇ ਇਸ ਨੂੰ ਸੁਲਝਾਉਣ ਲਈ ਅਭਿਆਸ ਕਿਰਿਆ ਕਰਵਾ ਰਹੇ ਹੋ। ਪ੍ਰੋਗਰਾਮ ਰਾਹੀਂ ਦਿੱਤੀ ਗਈ ਸੂਚੀ ਨਾਲ ਪ੍ਰਮਾਣੂ ਅੰਕ ਮਰਜ਼ੀ ਨਾਲ ਚੁਣਿਆ ਜਾਂਦਾ ਹੈ, ਜੇਕਰ ਵਿਦਿਆਰਥੀ ਸਹੀ ਤੱਤ ਦਾ ਨਾਂ ਪਾਉਂਦਾ ਹੈ ਤਾਂ ਉਹ ਪ੍ਰਮਾਣੂ ਅੰਕ ਉਸ ਸੂਚੀ ਵਿੱਚੋਂ ਹਟਾ ਲਿਆ ਜਾਂਦਾ ਹੈ ਅਤੇ ਕੰਪਿਊਟਰ ਰਾਹੀਂ ਦੂਜੇ ਪ੍ਰਮਾਣੂ ਅੰਕ ਪੇਸ਼ ਕੀਤੇ ਜਾਂਦੇ ਹਨ। ਉਹ ਪ੍ਰਮਾਣੂ ਅੰਕ ਜਿਨ੍ਹਾਂ ਦੀ ਸਹੀ ਪਛਾਣ ਨਹੀਂ ਕੀਤੀ ਜਾਂਦੀ ਸੂਚੀ ਵਿੱਚੋਂ ਨਹੀਂ ਹਟਾਏ ਜਾਂਦੇ ਤਾਂ ਕਿ ਅਭਿਆਸ ਦੇ ਨਾਲ ਬੱਚੇ ਦੁਬਾਰਾ ਤੋਂ ਉਨ੍ਹਾਂ 'ਤੇ ਪ੍ਰਕਿਰਿਆ ਕਰਦੇ ਹਨ। ਭਲੀਭਾਂਤ ਲਿਖੇ ਗਏ ਡਰਿੱਲ ਅਤੇ ਅਭਿਆਸ ਪ੍ਰੋਗਰਾਮ ਬੱਚਿਆਂ ਨੂੰ ਤੱਥਾਂ ਅਤੇ ਨਿਯਮਾਂ ਨੂੰ ਯਾਦ ਕਰਨ ਵਿੱਚ ਸਹਾਇਤਾ ਕਰਦੇ ਹਾਂ ਜਿਨ੍ਹਾਂ ਬਿਨਾਂ ਵਿਸ਼ੇ ਦਾ ਅਧਿਐਨ ਕਠਿਨ ਹੈ।

**-ਟਿਊਟੋਰੀਅਲ ਵਿਧੀ:** ਇਸ ਪ੍ਰਕਾਰ ਦੇ ਪ੍ਰੋਗਰਾਮ ਵਿੱਚ ਸੂਚਨਾ ਅਤੇ ਵਰਣਨ ਕੀਤੀ ਸਮੱਗਰੀ ਛੋਟੇ ਛੋਟੇ ਹਿੱਸਿਆਂ ਵਿੱਚ ਪੇਸ਼ ਕੀਤੀ ਜਾਂਦੀ ਹੈ। ਜਿਸ ਦੇ ਅੰਤ ਵਿੱਚ ਪ੍ਰਸ਼ਨ ਦਿੱਤੇ ਹੁੰਦੇ ਹਨ। ਜੇਕਰ ਬੱਚਾ ਪ੍ਰਸ਼ਨ ਦਾ ਉੱਤਰ ਗਲਤ ਦਿੰਦਾ ਹੈ ਤਾਂ ਗਲਤੀ ਦੀ ਪ੍ਰਕਿਰਤੀ ਦੇ ਅਨੁਸਾਰ ਉਸ 'ਤੇ ਪੁਨਰਬਲ ਦਿੱਤਾ ਜਾਂਦਾ ਹੈ। ਜੇਕਰ ਉੱਤਰ ਸਹੀ ਹੁੰਦਾ ਹੈ ਤਾਂ ਵਰਣਨ ਕੀਤੀ ਸਮੱਗਰੀ ਦਾ ਅਗਲਾ ਭਾਗ ਸਾਹਮਣੇ ਆ ਜਾਂਦਾ ਹੈ। ਬੱਚਿਆਂ ਵੱਲੋਂ ਦਿੱਤੀਆਂ ਗਈਆਂ ਪ੍ਰਤੀਕਿਰਿਆਵਾਂ 'ਤੇ ਆਧਾਰਿਤ ਪ੍ਰੋਗਰਾਮ ਇਹ ਫੈਸਲਾ ਕਰਦਾ ਹੈ ਕਿ ਕਿੰਨੀ ਕਿੰਨੀ ਸਮੱਗਰੀ ਸਾਹਮਣੇ ਲਿਆਂਦੀ ਜਾਏ ਅਤੇ ਕੁੱਲ ਕਿੰਨੀ ਹੋਵੇ। ਇਸ ਵਿਧੀ ਵਿੱਚ ਕੰਪਿਊਟਰ ਦਾ ਪ੍ਰਯੋਗ ਤੁਹਾਡੀ ਕਿਰਿਆ ਦੇ ਸਭ ਤੋਂ ਜ਼ਿਆਦਾ ਦਿਖਾਈ ਦੇਣ ਵਾਲੇ ਭਾਗ ਕਿ ਗਿਆਨ ਦਾ ਸੰਚਾਰ ਠੀਕ ਨਾਲ ਸੰਚਾਲਿਤ ਹੋਇਆ ਹੈ ਜਾਂ ਨਹੀਂ ਦੇਖਣ ਲਈ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਸ ਵਿਧੀ ਦਾ ਪ੍ਰਯੋਗ ਉਨ੍ਹਾਂ ਵਿਸ਼ਿਆਂ ਨੂੰ ਸਫਲਤਾਪੂਰਬਕ ਪੜ੍ਹਾਉਣ ਲਈ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਜਾਂਚ ਸੂਚੀ ਸੰਰਚਨਾ ਹੁੰਦੀ ਹੈ। (ਉਦਾਹਰਨ ਰੇਖਾ ਸਮੀਕਰਨ ਨੂੰ ਸੁਲਝਾਉਣਾ, ਸਰਲ ਤਰੀਕੇ ਨਾਲ ਸਮੀਕਰਨ ਨੂੰ ਹੱਲ ਕਰਨਾ ਆਦਿ)

**-ਅੰਕੜਿਆਂ ਦਾ ਵਿਸ਼ਲੇਸ਼ਣ:** ਇਸ ਪ੍ਰਕਾਰ ਸੀ.ਏ.ਐੱਲ. ਨਾਲ ਪ੍ਰਯੋਗਿਕ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਨਤੀਜੇ ਅੰਕਾਂ ਜਾਂ ਗ੍ਰਾਫਿਕਸ ਰੂਪ ਵਿੱਚ ਛਾਪੇ ਜਾਂਦੇ ਹਨ। ਕੁਝ ਵਿਸ਼ਿਆਂ ਦੇ ਜ਼ਿਆਦਾ ਵਾਸਤਵਿਕ ਅਧਿਐਨ ਨੂੰ ਉਚਿਤ ਪ੍ਰੋਗਰਾਮ ਦੇ ਪ੍ਰਯੋਗ ਰਾਹੀਂ ਸੰਭਵ ਬਣਾਇਆ ਜਾਂਦਾ ਹੈ ਜਾਂ ਤਾਂ ਪਹਿਲਾਂ ਤੋਂ ਬਣੇ ਹੋਏ ਅੰਕੜਿਆਂ ਦੇ ਸੈੱਟ ਦਾ ਪ੍ਰਯੋਗ ਕਰਕੇ ਜਾਂ ਅੰਕੜੇ ਇਕੱਤਰ ਕਰਕੇ ਵਿਦਿਆਰਥੀ ਵੱਲੋਂ ਕੰਪਿਊਟਰ ਵਿੱਚ ਪਾ ਕੇ। ਪ੍ਰਯੋਗਸ਼ਾਲਾ ਵਿੱਚ ਇੱਕ ਜਾਂ ਜ਼ਿਆਦਾ ਕੰਪਿਊਟਰਾਂ 'ਤੇ ਵਿਦਿਆਰਥੀ ਆਪਣੇ ਪ੍ਰਯੋਗਿਕ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਨੂੰ ਸਮਝ ਸਕਦੇ ਹਨ। ਮੰਨ ਲਓ ਤੁਸੀਂ ਆਪਣੀ ਕਲਾਸ ਵਿੱਚ ਵਿਸ਼ੇ ਜਿਵੇਂ ਕਿ ਕੇਂਦਰੀ ਰੁਝਾਨ, ਪਰਿਵਰਤਨ ਦੇ ਉਪਾਅ, ਸਬੰਧਾਂ ਦਾ ਗੁਣਕ ਜਾਂ ਬਾਰੰਬਾਰ ਵੰਡ ਦਾ ਪ੍ਰਤੀਨਿਧੀ ਗ੍ਰਾਫਿਕਸ ਪੜ੍ਹਨਾ ਚਾਹੁੰਦੇ ਹੋ ਤਾਂ ਕੰਪਿਊਟਰ ਦਾ ਪ੍ਰਯੋਗ ਵਿਸ਼ਲੇਸ਼ਣ, ਸਮਝ, ਨਤੀਜੇ ਅਤੇ ਵਿਭਿੰਨ ਅੰਕੜਿਆਂ ਨੂੰ ਪ੍ਰਦਰਸ਼ਿਤ ਕਰਨ ਲਈ ਕੀਤਾ ਜਾ ਸਕਦਾ ਹੈ।

**-ਸਿਮੁਲੇਸ਼ਨ:** ਕੰਪਿਊਟਰ ਵੱਲੋਂ ਬਣਾਏ ਗਏ ਸਿਮੁਲੇਸ਼ਨ ਮਾਡਲ ਜਾਂ ਪ੍ਰਕਿਰਿਆਵਾਂ ਦੀ ਨਕਲ ਹੁੰਦੀ ਹੈ। ਸਿਮੁਲੇਸ਼ਨ ਜੀਵੰਤ ਸਥਿਤੀ ਜਿਵੇਂ ਸਥਿਤੀਆਂ ਪ੍ਰਸਤੁਤ ਕਰਦੇ ਹਨ ਤਾਂ ਕਿ ਅਨੁਭਵ

ਨਾਲ ਸਿੱਖਿਆ ਜਾ ਸਕੇ ਅਤੇ ਗਲਤ ਵਿਕਲਪ ਚੁਣਨ ਦੇ ਨਤੀਜਿਆਂ ਦੇ ਰੂਪ ਵਿੱਚ ਬਿਨਾਂ ਕਸ਼ਟ ਸਹੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਸਿੱਖ ਸਕੇ। ਵਿਦਿਆਰਥੀ ਵਿਭਿੰਨ ਪੱਖਾਂ ਦੇ ਬਦਲਣ ਦੇ ਅਸਰ ਦਾ ਅਧਿਐਨ ਹਰ ਕੇਸ ਦੇ ਨਤੀਜਿਆਂ ਨੂੰ ਦੇਖ ਕੇ ਕਰ ਸਕਦੇ ਹਨ ਤਾਂ ਕਿ ਇੱਕ ਤੰਤਰ ਦੇ ਖੇਤਰ ਵਿਸਥਾਰ ਅਤੇ ਕਮੀਆਂ ਦੀ ਸਮਝ ਦਾ ਵਿਕਾਸ ਹੋ ਸਕੇ। ਇੱਕ ਸਿਮੁਲੇਸ਼ਨ ਪ੍ਰੋਗਰਾਮ ਰਾਹੀਂ ਸ਼ਹਿਰ ਵਿੱਚ ਪਾਣੀ ਦੀ ਪੂਰਤੀ ਦੇ ਬਾਰੇ ਵਿੱਚ ਸੋਚਿਆ ਜਾ ਸਕਦਾ ਹੈ। ਤੰਤਰ ਦੇ ਵਿਭਿੰਨ ਪੱਖ ਹੁੰਦੇ ਹਨ ਜਿਨ੍ਹਾਂ ਵਿੱਚ ਮੌਜੂਦ ਹੈ ਜਿਨ੍ਹਾਂ ਵਿੱਚ ਪਾਣੀ ਭਾਰੀ ਮਾਤਰਾ ਵਿੱਚ ਇਕੱਠਾ ਕਰਕੇ ਭੰਡਾਰਣ, ਪਾਣੀ ਨੂੰ ਸ਼ੁੱਧ ਕਰਨ ਦੀ ਪ੍ਰਕਿਰਿਆ ਜਿਵੇਂ ਕਿ ਸੈਡੀਮੈਂਟੇਸ਼ਨ, ਕਲੋਰੀਨ ਪਾਉਣੀ, ਛਾਣਨੀ ਆਦਿ ਤੋਂ ਕੱਢਣਾ, ਪਾਣੀ ਨੂੰ ਆਦਮੀਆਂ ਦੇ ਪ੍ਰਯੋਗ ਦੇ ਲਈ ਪਾਇਪਾਂ ਨਾਲ ਉਨ੍ਹਾਂ ਤੱਕ ਪਹੁੰਚਾਉਣਾ। ਕੰਪਿਊਟਰ ਪ੍ਰੋਗਰਾਮ ਵੱਲੋਂ ਇਹ ਸਾਰੀ ਪ੍ਰਕਿਰਿਆ ਵਿਵਸਥਿਤ ਰੂਪ ਨਾਲ ਜੀਵਤ ਦਿਖਾਈ ਜਾ ਸਕਦੀ ਹੈ ਤਾਂ ਕਿ ਧਾਰਨਾ ਸਪੱਸ਼ਟ ਹੋ ਸਕੇ। ਸਿਮੁਲੇਸ਼ਨ ਪ੍ਰੋਗਰਾਮ ਗਣਿਤ, ਸਮਾਜਿਕ ਵਿਗਿਆਨ ਅਤੇ ਵਿਗਿਆਨ ਲਈ ਢੁਕਵਾਂ ਹੈ ਜਿੱਥੇ ਕਠਿਨ ਵਿਸ਼ੇ, ਪ੍ਰਯੋਗ ਆਦਿ ਬਹੁਤ ਮਹਿੰਗੇ ਜਾਂ ਖਤਰਨਾਕ ਅਤੇ ਛਾਣਬੀਣ ਕਰਨ ਵਿੱਚ ਬਹੁਤ ਸਮਾਂ ਲੱਗਣ ਵਾਲੇ ਜਾਂ ਕਲਾਸ ਦੀ ਸਥਿਤੀ ਵਿੱਚ ਬਿਲਕੁਲ ਵਾਸਤਵਿਕ ਦਿਖਾਉਣੇ ਮੁਸ਼ਕਿਲ ਹੁੰਦੇ ਹਨ।

**–ਮਾਡਲਿੰਗ:** ਮਾਡਲਿੰਗ ਵਿੱਚ ਕਿਸੇ ਪ੍ਰਾਕਿਰਤਕ ਸਥਿਤੀ ਜਾਂ ਮਾਨਵ ਨਿਰਮਤ ਤੰਤਰ ਵਰਗੀ ਵਸਤੂ ਬਣਾਈ ਜਾਂਦੀ ਹੈ, ਅਨੁਕੂਲਨ ਕੀਤਾ ਜਾਂਦਾ ਹੈ ਜਾਂ ਉਸ ਲਈ ਸਿਧਾਂਤਕ ਮਾਡਲ ਜਾਂ ਦੀ ਚੋਣ ਕਰਨੀ ਹੁੰਦੀ ਹੈ। ਇਸ ਪ੍ਰਕਾਰ ਦੇ ਪ੍ਰੋਗਰਾਮ ਨੂੰ ਕਰਨਾ ਉੱਚ ਸਿੱਖਿਆ ਦੇ ਪੱਧਰ 'ਤੇ ਪ੍ਰਯੋਗ ਹੁੰਦੇ ਦੇਖਿਆ ਜਾ ਸਕਦਾ ਹੈ। ਇਸ ਪ੍ਰਕਾਰ ਦੇ ਪ੍ਰੋਗਰਾਮ ਦਾ ਉਦਾਹਰਨ ਹੈ ਵਿਭਿੰਨ ਪੱਖਾਂ ਦੇ ਵਿਚਕਾਰ ਸਬੰਧਾਂ ਦਾ ਪਤਾ ਲਗਾ ਕੇ ਇੱਕ ਕਿਰਿਆਸ਼ੀਲ ਏਕੀਕ੍ਰਿਤ ਪੂਰਨ ਵਸਤੂ ਬਣਾਉਣਾ। ਸਿਮੁਲੇਸ਼ਨ ਦੀ ਪ੍ਰਕਿਰਿਆ ਰਾਹੀਂ ਕਿਰਿਆਸ਼ੀਲ ਮਾਡਲ ਬਣਾ ਕੇ ਵਿਦਿਆਰਥੀ ਮਾਡਲਿੰਗ ਦੀ ਧਾਰਨਾ ਵਿੱਚ ਕੁਝ ਅੰਤਰ ਦ੍ਰਿਸ਼ਟੀ ਦਾ ਵਿਕਾਸ ਕਰ ਸਕਦੇ ਹਨ ਅਤੇ ਅੱਗੇ ਦੀ ਸੋਚ ਵਿੱਚ ਕੁਝ ਸਿਖਲਾਈ ਵੀ। ਬਿਹਤਰ ਸਮਝ ਦੇ ਲਈ ਸਿਮੁਲੇਟਿਡ ਸਥਿਤੀ ਵਿੱਚ ਇੱਕ ਉਦਾਹਰਨ ਦਿੱਤੀ ਜਾ ਸਕਦੀ ਹੈ। ਆਮ ਤੌਰ 'ਤੇ ਸਿਮੁਲੇਸ਼ਨ ਵਿੱਚ ਇਹ ਮੰਨ ਲਿਆ ਜਾਂਦਾ ਹੈ ਕਿ ਅਸੀਂ ਵਾਸਤਵਿਕ ਵਸਤੂ ਦੇ ਨਾਲ ਕਾਰਜ ਕਰ ਰਹੇ ਹਾਂ ਜਦੋਂ ਕਿ ਉਹ ਨਕਲੀ ਹੁੰਦੀ ਹੈ। ਆਪਰੇਸ਼ਨ ਖੋਜ ਵਿੱਚ ਜੋ ਨਕਲ ਹੁੰਦੀ ਹੈ ਉਹ ਸਿਮੁਲੇਟਿਡ ਵਾਸਤਵਿਕਤਾ ਦਾ ਕੰਪਿਊਟਰ ਮਾਡਲ ਹੁੰਦਾ ਹੈ। ਪੀ.ਸੀ. 'ਤੇ ਉਡਾਣ ਸਿਮੁਲੇਟਰ ਉਡਾਣ ਦੇ ਕਿਸੇ ਪੱਖ ਦਾ ਕੰਪਿਊਟਰ ਮਾਡਲ ਹੁੰਦਾ ਹੈ। ਇਹ ਸਕਰੀਨ 'ਤੇ ਕੰਟਰੋਲ ਦਿਖਾਉਂਦਾ ਹੈ ਅਤੇ ਪਾਇਲਟ ਜਿਸ ਨੂੰ ਸਿਖਿਆਰਥੀ ਚਲਾਉਂਦਾ ਹੈ, ਨੂੰ ਕਾਕਪਿਟ ਤੋਂ ਕੀ ਦੇਖਣਾ ਹੈ ਇਹ ਦੱਸਦਾ ਹੈ।

**ਮਾਡਲ ਦਾ ਪ੍ਰਯੋਗ ਕਿਉਂ ਕਰੀਏ ?:** ਅਸਲੀ ਜਹਾਜ਼ ਉਡਾਉਣ ਨਾਲ ਸਿਮਬਲੇਟਰ ਉਡਾਉਣਾਂ ਸੁਰੱਖਿਅਤ ਅਤੇ ਸਸਤਾ ਹੈ। ਇਸੀ ਕਾਰਨ ਉਦਯੋਗ, ਕਾਮਰਸ ਅਤੇ ਸੈਨਾ ਵਿੱਚ ਮਾਡਲ ਪ੍ਰਯੋਗ ਕੀਤੇ ਜਾਂਦੇ ਹਨ। ਵਾਸਤਵਿਕ ਤੰਤਰਾਂ ਦੇ ਨਾਲ ਪ੍ਰਯੋਗ ਕਰਨਾ ਮਹਿੰਗਾ, ਖਤਰਨਾਕ ਅਤੇ ਕਈ ਬਾਰ ਅਸੰਭਵ ਹੁੰਦਾ ਹੈ। ਜੇਕਰ ਮਾਡਲ ਕਾਫੀ ਸੀਮਾ ਤੱਕ ਵਾਸਤਵਿਕ ਦੀ ਤਰ੍ਹਾਂ ਹੀ ਹੋਵੇ ਤਾਂ ਉਸ ਦੇ ਨਾਲ ਪ੍ਰਯੋਗ ਕਰਕੇ ਪੈਸਾ, ਕਸ਼ਟ ਅਤੇ ਸਮਾਂ ਵੀ ਬਚਾਇਆ ਜਾ ਸਕਦਾ ਹੈ।

**–ਸੂਚਨਾ ਦਾ ਭੰਡਾਰਨ ਕਰਨਾ ਅਤੇ ਦੁਬਾਰਾ ਵਾਪਸ ਲਿਆਉਣਾ :** ਕੰਪਿਊਟਰ ਰਾਹੀਂ ਸੂਚਨਾਵਾਂ ਦਾ ਤੁਰੰਤ ਵਿਭਿੰਨ ਰੂਪਾਂ ਵਿੱਚ ਭੰਡਾਰਨ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਵਾਪਸ ਵੀ ਲਿਆਂਦਾ ਜਾ ਸਕਦਾ ਹੈ। ਬਹੁਤ ਵੱਡੇ ਡੈਟਾ ਬੈਂਕ ਦੇ ਨਾਲ ਕੰਪਿਊਟਰ ਵਿੱਚ ਇਹ ਮਹਾਨ ਸਮਰੱਥਾ ਹੁੰਦੀ ਹੈ ਕਿ ਸਾਡੇ ਕੋਲ ਵਿਸ਼ਾਲ ਸੂਚਨਾ ਦਾ ਡੈਟਾ ਬੇਸ ਹੈ ਜਿਸ ਤੱਕ ਪੁਸਤਕਾਂ ਅਤੇ ਮਾਇਕਰੋਫਿਚ ਦੀ ਤੁਲਨਾ ਵਿੱਚ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ। ਕੰਪਿਊਟਰ ਵਿੱਚ ਰੱਖੀਆਂ ਗਈਆਂ ਸੂਚਨਾਵਾਂ ਨੂੰ ਆਸਾਨੀ ਨਾਲ ਆਧੁਨਿਕ ਬਣਾਇਆ, ਵਧਾਇਆ ਜਾਂ ਫੈਲਾਇਆ ਜਾ ਸਕਦਾ ਹੈ। ਇਸ ਪ੍ਰਕਾਰ ਦਾ ਸੀ.ਏ.ਐੱਲ. ਪ੍ਰੋਗਰਾਮ ਬੱਚਿਆਂ ਨੂੰ ਉਨ੍ਹਾਂ ਵਿਸ਼ਿਆਂ ਨੂੰ ਪੜ੍ਹਾਉਣ ਦੀ ਆਜ਼ਾਦੀ ਦਿੰਦਾ ਹੈ ਜਿਨ੍ਹਾਂ ਲਈ ਬਹੁਤ ਜ਼ਿਆਦਾ ਸੂਚਨਾਵਾਂ ਚਾਹੀਦੀਆਂ

ਹਨ, ਜਿਨ੍ਹਾਂ ਨੂੰ ਹੱਥਾਂ ਨਾਲ ਨਹੀਂ ਸੰਭਾਲਿਆ ਜਾ ਸਕਦਾ। ਪਰ ਇਸ ਪ੍ਰਕਾਰ ਦੇ ਪ੍ਰੋਗਰਾਮਾਂ ਦਾ ਪ੍ਰਯੋਗ ਇਸ ਸਮੇਂ ਸਕੂਲਾਂ ਵਿੱਚ ਜ਼ਿਆਦਾ ਨਹੀਂ ਹੁੰਦਾ, ਸ਼ਾਇਦ ਕੁਝ ਸਮੇਂ ਬਾਅਦ ਹੋਣ ਲੱਗੇ। ਸਿੱਖਿਆ ਵਿੱਚ, ਵਿਸ਼ੇਸ਼ ਤੌਰ 'ਤੇ ਉੱਚ ਸਿੱਖਿਆ ਦੇ ਪੱਧਰ 'ਤੇ ਅਸੀਂ ਸੂਚਨਾਵਾਂ ਨਾਲ ਭਰਪੂਰ ਹੁੰਦੇ ਹਾਂ। ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਨੂੰ ਇਹ ਸਿਖਾਉਣ ਦੀ ਲੋੜ ਪੈ ਸਕਦੀ ਹੈ ਕਿ ਭਵਿੱਖ ਵਿੱਚ ਕੁਸ਼ਲਤਾ ਨਾਲ ਸੂਚਨਾ ਰਿਟਰੀਵਲ ਤੰਤਰ ਦੇ ਬਾਰੇ ਵਿੱਚ ਛਾਣਬੀਣ ਕਰੋ।

**ਈ: 7 ਕਾਲਮ ੳ ਤੋਂ ਸਿਖਲਾਈ ਬਿੰਦੂ ਨੂੰ ਕਾਲਮ ਅ ਨਾਲ ਉਪਰੋਕਤ ਸੀ.ਏ.ਐੱਲ. ਵਿਧੀ ਨਾਲ ਮਿਲਾਓ**


| ੳ | ਅ |
|---|---|
| ਭੂਚਾਲ ਦੀ ਤੀਬਰਤਾ | ੳ. ਡਰਿਲ ਅਤੇ ਅਭਿਆਸ |
| ਸਮਾਜਿਕ ਆਰਥਿਕ ਸਥਿਤੀ ਦੇ ਆਧਾਰ 'ਤੇ ਸਮੂਹ ਬਣਾਉਣਾ | ਅ. ਸਿਮੁਲਸ਼ਨ |
| ਭਾਗ 'ਤੇ ਸਮੱਸਿਆਵਾਂ | ੲ. ਮਾਡਲਿੰਗ |
| ਸਰੀਰ ਦੇ ਵਿਭਿੰਨ ਭਾਗਾਂ ਦੇ ਬਾਰੇ ਵਿੱਚ ਸੂਚਨਾ | ਸ. ਅੰਕੜਿਆਂ ਦਾ ਵਿਸ਼ਲੇਸ਼ਣ |
| | ਹ. ਅੰਕੜਿਆਂ ਦਾ ਭੰਡਾਰਣ |

12.4.2 **ਕੰਪਿਊਟਰ ਸਹਿ ਸਿਖਲਾਈ ਲਈ ਯੋਜਨਾ ਬਣਾਉਣਾ**

ਜੇਕਰ ਤੁਹਾਨੂੰ ਕੰਪਿਊਟਰ ਅਤੇ ਕੰਪਿਊਟਰ ਸਹਿ ਸਿਖਲਾਈ ਦੇ ਬਾਰੇ ਵਿੱਚ ਬੁਨਿਆਦੀ ਗਿਆਨ ਹੈ ਤਾਂ ਵੀ ਬਿਨਾਂ ਯੋਜਨਾ ਬਣਾਏ ਤੁਸੀਂ ਕੰਪਿਊਟਰ ਸਹਿ ਸਿਖਲਾਈ ਨੂੰ ਸਫਲਤਾ ਪੂਰਬਕ ਪ੍ਰਯੋਗ ਨਹੀਂ ਕਰ ਸਕਦੇ। ਆਓ ਅਸੀਂ ਨਿਮਨਲਿਖਤ ਕੁਝ ਪੱਖਾਂ 'ਤੇ ਗੱਲ ਕਰੀਏ ਜੋ ਤੁਹਾਨੂੰ ਕੰਪਿਊਟਰ ਸਹਿ ਸਿੱਖਿਆ ਦਾ ਪ੍ਰਯੋਗ ਕਰਦੇ ਹੋਏ ਧਿਆਨ ਵਿੱਚ ਰੱਖਣ ਦੀ ਲੋੜ ਹੈ।

– **ਉਦੇਸ਼ਾਂ ਦਾ ਕਥਨ**: ਇਸ ਪੜਾਅ ਵਿੱਚ ਜੋ ਪਾਠ/ਵਿਸ਼ਾ, ਧਾਰਨਾਵਾਂ ਤੁਸੀਂ ਪੜ੍ਹਾਉਣ ਜਾ ਰਹੇ ਹੋ, ਉਨ੍ਹਾਂ ਨੂੰ ਲਿਖੋ। ਤੁਹਾਨੂੰ ਪਤਾ ਹੀ ਹੈ ਕਿ ਜੇਕਰ ਤੁਸੀਂ ਕੰਪਿਊਟਰ ਸਹਿ ਸਿਖਲਾਈ ਦਾ ਇੱਕ ਵਿਸ਼ੇਸ਼ ਤਰੀਕਾ ਚੁਣਦੇ ਹੋ ਤਾਂ ਤੁਹਾਨੂੰ ਵਿਸ਼ਾ ਵਸਤੂ ਦੀ ਪ੍ਰਕਿਰਤੀ ਅਤੇ ਉਸ ਲਈ ਢੁਕਵੀਆਂ ਕੰਪਿਊਟਰ ਸੁਵਿਧਾਵਾਂ ਉਪਲੱਬਧ ਹਨ ਜਾਂ ਨਹੀਂ ਇਹ ਸੁਨਿਸ਼ਚਤ ਕਰਨਾ ਹੈ।

– **ਕੰਪਿਊਟਰ ਅਤੇ ਜਗ੍ਹਾ ਦੀ ਉਪਲੱਧਬਤਾ**: ਕਲਾਸ ਵਿੱਚ ਕੰਪਿਊਟਰ ਦਾ ਪ੍ਰਯੋਗ ਕਰਨ ਤੋਂ ਪਹਿਲਾਂ ਤੁਹਾਨੂੰ ਕਲਾਸ ਵਿੱਚ ਕਿੰਨੇ ਬੱਚੇ ਹਨ ਅਤੇ ਕਿੰਨੇ ਕੰਪਿਊਟਰ ਹਨ, ਇਹ ਦੇਖਣਾ ਪਏਗਾ। ਕਲਾਸ ਦੇ ਆਕਾਰ ਅਤੇ ਕੰਪਿਊਟਰ ਦੀ ਉਪਲੱਬਧਤਾ ਦੇ ਆਧਾਰ 'ਤੇ ਬੈਠਣ ਦੀ ਵਿਵਸਥਾ ਬਣਾਉਣੀ ਹੋਏਗੀ। ਇੱਕ ਸੁਭਾਵਿਕ ਬੈਠਣ ਦੀ ਵਿਵਸਥਾ ਚਿੱਤਰ 12.5 ਦੇ ਅਨੁਸਾਰ ਕੀਤੀ ਜਾ ਸਕਦੀ ਹੈ।



**ਕੰਪਿਊਟਰ ਸਹਿ ਸਿਖਲਾਈ ਵਿੱਚ ਬੈਠਣ ਦਾ ਪ੍ਰਬੰਧ ਕਰਨਾ**

**–ਕੰਪਿਊਟਰ ਸਹਿ ਸਿਖਲਾਈ ਲਈ ਵਿਧੀ ਦੀ ਚੋਣ ਕਰਨੀ:** ਵਿਸ਼ਾ ਵਸਤੂ ਦੀ ਪ੍ਰਕਿਰਤੀ ਕੰਪਿਊਟਰ ਦੇ ਯੰਤਰਾਂ ਦੀ ਉਪਲੱਬਧੀ ਅਤੇ ਕਲਾਸ ਦੇ ਆਕਾਰ 'ਤੇ ਆਧਾਰਿਤ, ਤੁਹਾਨੂੰ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਵਾਲਾ ਕੰਪਿਊਟਰ ਸਹਿ ਸਿਖਲਾਈ ਦਾ ਤਰੀਕਾ ਚੁਣਨਾ ਹੋਏਗਾ।

**–ਲਾਗੂ ਕਰਨ ਦੇ ਤਰੀਕੇ:** ਜਦੋਂ ਤੁਸੀਂ ਕੰਪਿਊਟਰ ਸਹਿ ਸਿਖਲਾਈ ਦਾ ਇੱਕ ਵਿਸ਼ੇਸ਼ ਤਰੀਕਾ ਲਾਗੂ ਕਰਨ ਜਾ ਰਹੇ ਹੋ ਤਾਂ ਤੁਹਾਨੂੰ ਵਿਧੀਆਂ ਦੀ ਯੋਜਨਾ ਬਣਾਉਣੀ ਹੋਏਗੀ ਜਿਵੇਂ: ਵਿਆਖਿਆ ਵਿਧੀ, ਮਿਲਜੁਲ ਕੇ ਕਾਰਜ ਕਰਨ ਦੀ ਵਿਧੀ ਅਤੇ ਸਵੈ ਨਿਯੰਤਰਿਤ ਵਿਧੀ। ਵਿਆਖਿਆ ਵਿਧੀ ਵਿੱਚ ਅਧਿਆਪਕ ਵਿਸ਼ਾ ਵਸਤੂ ਦੀ ਪ੍ਰਸਤੁਤੀ ਲਈ ਕੰਪਿਊਟਰ ਦਾ ਪ੍ਰਯੋਗ ਕਰਦਾ ਹੈ ਅਤੇ ਬੱਚਿਆਂ ਲਈ ਕੰਪਿਊਟਰ ਦੇ ਪ੍ਰਯੋਗ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਇੱਥੋਂ ਤੱਕ ਕੰਪਿਊਟਰ ਨਾਲ ਕਲਾਸ ਹੋ ਜਾਂਦੀ ਹੈ। ਮਿਲ ਜੁਲ ਕੇ ਕਾਰਜ ਕਰਨ ਦੀ ਵਿਧੀ ਦੇ ਪ੍ਰਯੋਗ ਵਿੱਚ 4–5 ਬੱਚਿਆਂ ਨੂੰ ਇੱਕ ਕੰਪਿਊਟਰ ਦੇ ਦਿੱਤਾ ਜਾਂਦਾ ਹੈ ਅਤੇ ਅਧਿਆਪਕ ਸਮੂਹਾਂ ਦਾ ਮਾਰਗ ਦਰਸ਼ਨ ਕਰਦਾ ਹੈ। ਸਵੈ ਨਿਯੰਤਰਿਤ ਵਿਧੀ ਵਿੱਚ ਹਰੇਕ ਬੱਚਾ ਅਤੇ ਅਧਿਆਪਕ ਇੱਕ ਇੱਕ ਕੰਪਿਊਟਰ ਦਾ ਪ੍ਰਯੋਗ ਕਰਦਾ ਹੈ। ਆਮ ਤੌਰ 'ਤੇ ਸਵੈ ਨਿਯੰਤਰਿਤ ਵਿਧੀ ਕਲਾਸ ਦੀ ਬਜਾਏ ਕੰਪਿਊਟਰ ਦੀ ਪ੍ਰਯੋਗਸ਼ਾਲਾ ਵਿੱਚ ਬਿਹਤਰ ਤਰੀਕੇ ਨਾਲ ਲਾਗੂ ਕੀਤੀ ਜਾ ਸਕਦੀ ਹੈ।

12.5 **ਸਾਰਾਂਸ਼**

• ਕੰਪਿਊਟਰ ਇੱਕ ਇਲੈੱਕਟ੍ਰਾਨਿਕ ਮਸ਼ੀਨ ਹੈ ਜੋ ਪ੍ਰਯੋਗ ਕਰਨ ਵਾਲੇ ਤੋਂ ਅੰਕੜੇ ਲੈਂਦੀ ਹੈ। ਚੁਣੇ ਪ੍ਰੋਗਰਾਮਾਂ ਦੇ ਜ਼ਰੀਏ ਉਨ੍ਹਾਂ 'ਤੇ ਪ੍ਰਕਿਰਿਆਵਾਂ ਕਰਦੀ ਹੈ ਅਤੇ ਇਛੁੱਕ ਨਤੀਜੇ ਦਿੰਦੀ ਹੈ ਜਿਨ੍ਹਾਂ ਨੂੰ ਭਵਿੱਖ ਵਿੱਚ ਉਪਯੋਗ ਲਈ ਰੱਖਿਆ ਜਾ ਸਕਦਾ ਹੈ।

• ਇਸ ਦੇ ਸੰਚਾਲਨ ਲਈ ਕੰਪਿਊਟਰ ਤੰਤਰ ਨੂੰ ਤਿੰਨ ਅਲੱਗ ਅਲੱਗ ਇਕਾਈਆਂ ਵਿੱਚ ਵੰਡਿਆ ਜਾ ਸਕਦਾ ਹੈ, ਉਹ ਹਨ:

(1) ਗਣਿਤੀ ਤਾਰਕਿਕ ਇਕਾਈ (2) ਨਿਯੰਤਰਣ ਇਕਾਈ (3) ਸੈਂਟਰਲ ਪ੍ਰੋਸੈਸਿੰਗ ਇਕਾਈ

• ਕੰਪਿਊਟਰ ਦੇ ਸਾਰੇ ਭਾਗਾਂ ਨੂੰ ਦੋ ਵਿਆਪਕ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਹਾਰਡਵੇਅਰ ਅਤੇ ਸੌਫਟਵੇਅਰ। ਕੰਪਿਊਟ+ ਦੇ ਹਾਰਡਵੇਅਰ ਹਿੱਸੇ ਵਿੱਚ ਅੰਦਰੂਨੀ ਅਤੇ ਆਸਪਾਸ ਦੇ ਯੰਤਰ ਹੁੰਦੇ ਹਨ ਜਦੋਂ ਕਿ ਸੌਫਟਵੇਅਰ ਕੰਪਿਊਟਰ ਨੂੰ ਬੁੱਧੀ ਦਿੰਦਾ ਹੈ।

• ਕੰਪਿਊਟਰ ਨੂੰ ਕਾਰਜਕਾਰੀ ਨਿਯਮਾਂ, ਆਕਾਰ ਅਤੇ ਬ੍ਰਾਂਡ ਦੇ ਆਧਾਰ 'ਤੇ ਵੀ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਇਹ ਹੈ ਮਾਇਕਰੋ, ਮਿਨੀ, ਮੇਨਫਰੇਮ ਅਤੇ ਸੁਪਰ ਕੰਪਿਊਟਰ।

• ਇੰਟਰਨੈੱਟ ਦਾ ਪ੍ਰਯੋਗ ਕਲਾਸ ਵਿੱਚ ਵਿਭਿੰਨ ਉਦੇਸ਼ਾਂ ਲਈ ਕੀਤਾ ਜਾ ਸਕਦਾ ਹੈ ਜਿਵੇਂ ਸੂਚਨਾ ਇਕੱਤਰ ਕਰਨੀ, ਸਹਿ ਕਿਰਿਆਵਾਂ ਅਤੇ ਸੋਸ਼ਲ ਨੈੱਟਵਰਕਿੰਗ।

• ਕੰਪਿਊਟਰ ਸਹਿ ਸਿਖਲਾਈ ਕਈ ਵਿਧੀਆਂ ਨਾਲ ਪ੍ਰਯੋਗ ਕੀਤੀ ਜਾਂਦੀ ਹੈ ਜਿਵੇਂ ਡਰਿੱਲ ਅਤੇ ਅਭਿਆਸ ਸੈਸ਼ਨ, ਟਿਊਟੋਰੀਅਲ, ਅੰਕੜਿਆਂ ਦਾ ਵਿਸ਼ਲੇਸ਼ਣ, ਸਿਮੂਲੇਸ਼ਨ, ਮਾਡਲਿੰਗ, ਸੂਚਨਾ ਦਾ ਭੰਡਾਰਣ ਅਤੇ ਦੁਬਾਰਾ ਵਾਸਪ ਲਿਆਉਣਾ।

• ਕਲਾਸ ਵਿੱਚ ਕੰਪਿਊਟਰ ਸਹਿ ਸਿਖਲਾਈ ਲਈ ਉਚਿਤ ਯੋਜਨਾ ਬਣਾਉਣ ਦੀ ਲੋੜ ਹੈ।

12.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

ਈ : 1 ਕੰਪਿਊਟਰ ਨੂੰ ਡੈਟਾ ਪ੍ਰੋਸੈੱਸਰ ਕਿਹਾ ਜਾਂਦਾ ਹੈ ਕਿਉਂਕਿ ਇਸ ਨੂੰ ਮੁੱਖ ਤੌਰ 'ਤੇ ਅਰਥ ਭਰਪੂਰ ਜਾਣਕਾਰੀ ਲੈਣ ਲਈ ਡੈਟਾ ਪ੍ਰੋਸੈੱਸਿੰਗ ਲਈ ਵਰਤਿਆ ਜਾਂਦਾ ਹੈ।

ਈ :2 ਜੇਕਰ ਕੰਪਿਊਟਰ ਵਿੱਚ ਭੰਡਾਰਣ ਪ੍ਰਣਾਲੀ ਨਹੀਂ ਹੋਏਗੀ, ਤਾਂ ਤੁਸੀਂ ਅੱਗੇ ਦੀ ਵਰਤੋਂ ਲਈ ਅੰਕੜੇ ਸੁਰੱਖਿਅਤ ਨਹੀਂ ਰੱਖ ਸਕਦੇ।

ਈ :3 (1) ੳ (2) ੲ (3) ੳ

ਈ : 4 1. ਰੈਮ, 2-ਸੀ.ਪੀ.ਯੂ., 3-ਸੀਡੀ ਡਿਸਕ, 4-ਫਲੌਪੀ ਡਿਸਕ, 5-ਮੌਨੀਟਰ, 6-ਕੀਅ ਬੋਰਡ ਅਤੇ 7-ਮਾਊਸ

ਈ :5 ਮਾਇਕਰੋ ਕੰਪਿਊਟਰ

ਈ :6 ਮਾਇਕਰੋ ਕੰਪਿਊਟਰ

ਈ :7 1. ਅ, 2. ਸ, 3. ੳ, 4. ੲ

12.7 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ


1. Criswell, E.L. (1989). The design of computer based instruction. New York:

Macmillan Publishing Company.

2. Dean, C. and Whitlock, Q. (1988). A handbook of computer based

technology. London: Kogan Page.

3. UNESCO (2002). UNESCO report: Information and communication

Tec hnology in teacher education: A curriculum for schools and programme

of teacher development. Paris: Division of Higher Education, UNESCO.


12.8 ਇਕਾਈ ਅੰਤ ਅਭਿਆਸ

1. ਆਪਣੇ ਵਿਸ਼ੇ ਵਿੱਚੋਂ ਇੱਕ ਇਕਾਈ ਚੁਣੋ। ਸੀ.ਏ.ਐੱਲ. ਲਈ ਵਿਭਿੰਨ ਵਿਧੀਆਂ ਦਾ ਵਿਕਾਸ ਕਰਨ ਦੀ ਕੋਸ਼ਿਸ਼ ਕਰੋ ਅਤੇ ਆਪਣੇ ਮਿੱਤਰਾਂ ਨਾਲ ਇਨ੍ਹਾਂ 'ਤੇ ਚਰਚਾ ਕਰੋ।

2. ਇੱਕ ਵਿਸ਼ੇ 'ਤੇ ਵਰਲਡ ਫਾਇਲ ਪਾਠ ਯੋਜਨਾ ਤਿਆਰ ਕਰੋ ਅਤੇ ਵਿਸ਼ੇ ਦੇ ਨਾਂ ਵਿੱਚ ਇਸ ਫਾਇਲ ਨੂੰ ਸੁਰੱਖਿਅਤ ਕਰੋ।

3. ਕੰਪਿਊਟਰ ਦੇ ਇਨਪੁੱਟ ਡਿਵਾਇਸ ਦੇ ਨਾਮਾਂ ਦੀ ਸੂਚੀ ਬਣਾਓ।

4. ਕਲਾਸ ਵਿੱਚ ਕੰਪਿਊਟਰ ਸਹਿ ਸਿੱਖਿਆ ਦੇ ਕੀ ਲਾਭ ਹਨ ?